ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 25 | 26 June 2019 to 02 July 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ➢ ਅੰਦਰ ਪੜ੍ਹੋ



03

■ ਭਾਈਚਾਰਾ

ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ ਤੇ ਚਿੱਤਰਕਾਰੀ ਵਰਕਸ਼ਾਪ 13 ਜੁਲਾਈ ਤੋਂ




15

■ ਖਾਸ ਖ਼ਬਰ

ਸਰਤਾਜ ਦਾ ਗੀਤ 'ਗੁਰਮੁਖੀ ਦਾ ਬੇਟਾ' ਬਣਿਆਂ ਲੱਖਾਂ ਦਿਲਾਂ ਦੀ ਧੜਕਣ

# ਸਿੱਖ ਪੰਥ ਦੇ ਭਗਵੇਂਕਰਨ ਲਈ ਪੱਬਾਂ ਭਾਰ ਹੋਇਆ ਸੰਘ

## ਪੰਜਾਬ ਵਿਚ ਏਕਲ ਵਿਦਿਆਲਿਆ ਦੇ ਨਾਂ ਹੇਠ ਖੋਲ੍ਹੇ ਪਰਚਾਰ ਕੇਂਦਰ

## ਸ਼੍ਰੋਮਣੀ ਕਮੇਟੀ ਤੇ ਪੰਥਕ ਸੰਸਥਾਵਾਂ ਬੁੱਤ ਬਣੀਆਂ

**ਬਠਿੰਡਾ/ਏਟੀ ਨਿਊਜ਼ :** ਪੰਜਾਬ ਵਿੱਚ ਚੱਲ ਰਹੀ ਇੱਕ ਅਤੀ ਗੰਭੀਰ ਭਗਵਾਂ ਸਾਜਿਸ ਦਾ ਪਰਦਾਫਾਸ਼ ਹੋਇਆ ਹੈ। ਇਸ ਤਹਿਤ ਆਰਐੱਸਐੱਸ ਦਾ ਪਾਠ ਪੜ੍ਹਾ ਕੇ ਹਿੰਦੂਤਵ ਦਾ ਏਜੰਡਾ ਲਾਗੂ ਕਰਦਿਆਂ ਦੇਸ਼ ਨੂੰ ਹਿੰਦੂ ਰਾਸਟਰ ਬਣਾਉਣ ਦੇ ਯਤਨ ਹੋ ਰਹੇ ਹਨ। ਪੰਜਾਬ ਵਿਚ ਪੜ੍ਹਾਈ ਦੇ ਨਾਂ ਹੇਠ ਸਿੱਖ ਧਰਮ ਨਾਲ ਸਬੰਧਿਤ ਬੱਚਿਆਂ ਨੂੰ ਆਰਐੱਸਐੱਸ ਦੇ ਚੱਕਰਵਿਊ ਵਿਚ ਫਸਾਇਆ ਜਾ ਰਿਹਾ ਹੈ ਅਤੇ ਇਸ ਕੰਮ ਲਈ ਥੋੜ੍ਹੀ ਜਿਹੀ ਤਨਖਾਹ ਦੇ ਕੇ ਸਿੱਖ ਲੜਕੀਆਂ ਨੂੰ ਹੀ ਵਰਤਿਆ ਜਾ ਰਿਹਾ ਹੈ। ਏਕਲ ਵਿਦਿਆਲਿਆ ਸੰਸਥਾ ਦੁਨੀਆ ਭਰ ਵਿੱਚ ਕੰਮ ਕਰ ਰਹੀ ਹੈ। ਇਸ ਵੱਲੋਂ ਅਮਰੀਕਾ, ਭਾਰਤ, ਆਸਟਰੇਲੀਆ, ਦੁਬਈ, ਨੇਪਾਲ, ਕੈਨੇਡਾ ਆਦਿ ਬਹੁਤ ਸਾਰੇ ਦੇਸ਼ਾਂ ਵਿੱਚ ਸੈਂਟਰ ਖੋਲ੍ਹੇ ਗਏ ਹਨ। ਇਸ ਦਾ ਅਸਲ ਕੰਮ ਬੱਚਿਆਂ ਨੂੰ ਬੁਨਿਆਦੀ ਸਿੱਖਿਆ ਦੇਣੀ ਹੈ ਪਰ ਭਾਰਤ ਵਿੱਚ ਅਜਿਹੇ ਸੈਂਟਰਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਆਰਐੱਸਐੱਸ ਦਾ ਪਰਚਾਰ ਕੀਤਾ ਜਾ ਰਿਹਾ ਹੈ। ਇਸ ਸੰਸਥਾ ਦੇ ਭਾਰਤ ਵਿੱਚ 86401 ਸਕੂਲ ਹਨ, ਜਿਹਨਾਂ ਵਿੱਚ 23,40,902 ਬੱਚੇ ਸਿੱਖਿਆ ਹਾਸਲ ਕਰ ਰਹੇ ਹਨ। ਪੰਜਾਬ ਵਿੱਚ ਏਕਲ ਵਿਦਿਆਲਿਆ ਫਾਊਂਡੇਸਨ ਵੱਲੋਂ 2280 ਸੈਂਟਰ ਖੋਹਲੇ ਗਏ ਹਨ, ਜਿਹਨਾਂ ਵਿੱਚ 26962 ਲੜਕੇ ਅਤੇ 29433



ਲੜਕੀਆਂ ਸਿੱਖਿਆ ਹਾਸਲ ਕਰ ਰਹੀਆਂ ਹਨ। ਇਹਨਾਂ ਸੈਂਟਰਾਂ ਵਿੱਚ ਸਕੂਲ ਪੜ੍ਹਦੇ ਛੋਟੇ ਬੱਚਿਆਂ ਅਤੇ ਸਕੂਲਾਂ ਵਿੱਚ ਨਾ ਜਾਣ ਵਾਲੇ ਬੱਚਿਆਂ ਨੂੰ ਬੁਲਾ ਕੇ ਪੜ੍ਹਾਉਣ ਦਾ ਕੰਮ ਕੀਤਾ ਜਾਂਦਾ ਹੈ। ਇਸ ਕੰਮ ਲਈ ਪਿੰਡਾਂ ਦੀਆਂ ਪੜ੍ਹੀਆਂ ਹੋਈਆਂ ਕੁੜੀਆਂ ਨੂੰ ਨੌਂ ਸੌ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ, ਜੋ ਬੱਚਿਆਂ ਨੂੰ ਬੁਲਾ ਕੇ ਸੈਂਟਰ ਵਿੱਚ ਲਿਆ ਕੇ ਪੜ੍ਹਾਉਂਦੀਆਂ ਹਨ।

ਪੰਜਾਬ ਵਿੱਚ ਇਹ ਸਕੀਮ 1999 ਵਿਚ ਸ੍ਰੀ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਸਮੇਂ ਸੁਰੂ ਕੀਤੀ ਗਈ ਸੀ ਅਤੇ ਪੰਜਾਬ ਵਿਚ ਚਲਾਏ ਜਾ ਰਹੇ ਇਹਨਾਂ ਸੈਂਟਰਾਂ ਲਈ ਉਸ ਸਮੇਂ ਵੱਡੀ ਗਰਾਂਟ ਵੀ ਜਾਰੀ ਕੀਤੀ ਗਈ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਉਸ ਸਮੇਂ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਦੀ ਸਰਕਾਰ ਸੀ।

ਇਸ ਉਪਰੰਤ ਸਾਲ 2005 ਵਿੱਚ ਕਾਂਗਰਸ ਸਰਕਾਰ ਨੇ ਇਹ ਮਹਿਸੂਸ ਕਰਦਿਆਂ ਕਿ ਇਹ ਸਕੀਮ ਘੱਟ ਗਿਣਤੀਆਂ ਲਈ ਨੁਕਸਾਨਦੇਹ ਹੈ, ਬੰਦ ਕਰ ਦਿੱਤੀ ਸੀ। ਕਾਂਗਰਸ ਸਰਕਾਰ ਦੀ ਮਿਆਦ ਖਤਮ ਹੋਣ ਅਤੇ ਮੁੜ ਬਾਦਲ-ਭਾਜਪਾ ਸਰਕਾਰ ਆਉਣ 'ਤੇ ਰਾਜ ਵਿੱਚ ਮੁੜ ਇਹ ਕੇਂਦਰ ਚਾਲੂ ਕਰ ਦਿੱਤੇ ਗਏ।

ਬਾਕੀ ਸਫ਼ਾ 29 'ਤੇ

# ਪੰਜਾਬ 'ਚ ਬੇਅਦਬੀਕਾਂਡ ਦੇ ਦੋਸ਼ੀ ਦੀ ਹੱਤਿਆ ਤੋਂ ਬਾਅਦ ਚੌਕਸੀ

## ਸਿਰਸਾ ਸਾਧ ਨੂੰ ਪੈਰੋਲ 'ਤੇ ਛੱਡਣ ਦੀ ਅੰਦਰਖਾਤੇ ਤਿਆਰੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਬੇਅਦਬੀ ਕਾਂਡ ਦੇ ਦੋਸ਼ਾਂ 'ਚ ਘਿਰੇ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਨਾਭਾ ਜੇਲ੍ਹ ਵਿੱਚ ਹੱਤਿਆ ਤੋਂ ਬਾਅਦ ਪੰਜਾਬ ਸਰਕਾਰ ਨੇ ਮਹਿੰਦਰਪਾਲ ਬਿੱਟੂ ਨਾਲ ਗ੍ਰਿਫ਼ਤਾਰ ਕੀਤੇ ਗਏ ਬਾਕੀ ਤਿੰਨ ਡੇਰਾ ਪ੍ਰੇਮੀਆਂ ਨੂੰ ਪੁਲੀਸ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਹੈ ਅਤੇ ਕਤਲ ਹੋਏ ਮਹਿੰਦਰਪਾਲ ਬਿੱਟੂ ਦੇ ਪਰਿਵਾਰ ਉੱਪਰ ਸੰਭਾਵੀ ਖ਼ਤਰੇ ਨੂੰ ਦੇਖਦਿਆਂ ਉਸ ਦੇ ਪਰਿਵਾਰ ਨੂੰ ਵੀ ਸੁਰੱਖਿਆ ਲਈ ਪੁਲੀਸ ਕਮਾਂਡੋ ਤਾਇਨਾਤ ਕਰ ਦਿੱਤੇ ਹਨ। ਸ਼ਕਤੀ ਸਿੰਘ ਵਾਸੀ ਡੱਗੋਰੋਮਾਣਾ (ਫਰੀਦਕੋਟ) ਅਤੇ ਸੁਖਵਿੰਦਰ ਸਿੰਘ ਵਾਸੀ ਕੋਟਕਪੂਰਾ ਨੂੰ ਮਹਿੰਦਰਪਾਲ ਬਿੱਟੂ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਕੁਝ ਸਮਾਂ ਪਹਿਲਾਂ ਜ਼ਮਾਨਤ 'ਤੇ ਰਿਹਾਅ ਹੋ ਕੇ ਆਏ ਸਨ। ਪੁਲੀਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸ਼ਕਤੀ ਸਿੰਘ ਅਤੇ ਸੁਖਵਿੰਦਰ ਸਿੰਘ ਉੱਪਰ ਵੀ ਮਹਿੰਦਰਪਾਲ ਬਿੱਟੂ ਵਾਂਗ ਹਮਲਾ ਹੋ ਸਕਦਾ ਹੈ। ਇਸ ਸੂਚਨਾ ਤੋਂ ਬਾਅਦ ਜ਼ਿਲ੍ਹਾ ਪੁਲੀਸ ਨੇ ਸ਼ਕਤੀ ਸਿੰਘ ਅਤੇ ਸੁਖਵਿੰਦਰ ਸਿੰਘ ਦੇ ਘਰ ਦੇ ਬਾਹਰ ਪੰਜ-ਪੰਜ ਕਮਾਂਡੋ ਤਾਇਨਾਤ



ਕਰ ਦਿੱਤੇ ਹਨ। ਬਿੱਟੂ ਉੱਪਰ ਹੋਏ ਹਮਲੇ ਤੋਂ ਬਾਅਦ ਡੇਰਾ ਪ੍ਰੇਮੀ ਕਾਫ਼ੀ ਸਹਿਮ ਵਿੱਚ ਹਨ। ਪਿੰਡ ਡੱਗੋਰੋਮਾਣਾ ਵਿੱਚ ਪੁਲੀਸ ਵਿਸ਼ੇਸ਼ ਚੌਕਸੀ ਵਰਤ ਰਹੀ ਹੈ। ਜ਼ਿਲ੍ਹਾ ਪੁਲੀਸ ਮੁਖੀ ਰਾਜ ਬਚਨ ਸਿੰਘ ਨੇ ਡੇਰਾ ਪ੍ਰੇਮੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੁਲੀਸ ਅਮਨ ਕਾਨੂੰਨ ਮਾਮਲੇ ਵਿੱਚ ਪੂਰੀ ਤਰ੍ਹਾਂ ਚੌਕਸ ਹੈ। ਦੱਸਣਯੋਗ ਹੈ ਕਿ ਮਹਿੰਦਰਪਾਲ ਬਿੱਟੂ ਦੇ ਸਸਕਾਰ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਦੀ 45 ਮੈਂਬਰੀ ਕਮੇਟੀ ਨੇ ਡੇਰਾ ਪ੍ਰੇਮੀਆਂ ਲਈ ਸੁਰੱਖਿਆ ਮੰਗੀ ਸੀ ਅਤੇ ਜ਼ਿਲ੍ਹਾ ਪੁਲੀਸ ਨੇ ਅੱਧੀ ਰਾਤ ਤੋਂ ਬਾਅਦ ਹੀ ਡੇਰਾ ਪ੍ਰੇਮੀਆਂ ਦੇ ਘਰਾਂ ਨੂੰ ਸੁਰੱਖਿਆ ਘੇਰੇ ਵਿੱਚ ਲੈ ਲਿਆ ਸੀ।

## ਰਾਮ ਰਹੀਮ ਜੇਲ੍ਹ ਵਿਚੋਂ ਬਾਹਰ ਆਉਣ ਲਈ ਉਤਾਵਲਾ

ਉਧਰ ਸਾਧਵੀਆਂ ਨਾਲ ਬਲਾਤਕਾਰ ਅਤੇ ਪੱਤਰਕਾਰ ਤੇ ਡੇਰਾ ਸਮਰਥਕ ਦੇ ਕਤਲ ਦੇ ਕੇਸਾਂ ਅਧੀਨ ਜੇਲ੍ਹ ਵਿਚ ਬੰਦ ਡੇਰਾ ਸਿਰਸਾ ਦਾ ਅਖੌਤੀ ਸਾਧ ਗੁਰਮੀਤ ਰਾਮ ਰਹੀਮ ਜੇਲ੍ਹ ਵਿਚੋਂ ਬਾਹਰ ਆਉਣ ਲਈ ਉਤਾਵਲਾ ਦਿਖਾਈ ਦੇ ਰਿਹਾ ਹੈ। ਇਸ ਲਈ ਸਾਧ ਦੇ ਵਕੀਲ ਵੱਲੋਂ ਪੈਰੋਲ ਦੀ ਅਰਜ਼ੀ ਲਾਈ ਗਈ ਹੈ ਅਤੇ ਇਹ ਸੰਭਾਵਨਾ ਬਣਾਈ ਜਾ ਰਹੀ ਹੈ ਕਿ ਉਹ ਜਲਦੀ ਜੇਲ੍ਹ ਵਿਚੋਂ ਬਾਹਰ ਆਏਗਾ। ਹੁਣ ਹਰਿਆਣਾ ਦੀ ਭਾਜਪਾ ਸਰਕਾਰ ਵੀ ਸਾਧ ਨੂੰ ਬਾਹਰ ਲਿਆਉਣ ਲਈ ਉਤਾਵਲੀ ਦਿਖਾਈ ਦੇ ਰਹੀ ਹੈ। ਦੋ ਸਾਲ ਪਹਿਲਾਂ ਵੀ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਹਰਿਆਣਾ ਦੀ ਖੱਟੜ ਸਰਕਾਰ ਨੇ ਸਕੀਮ ਤਹਿਤ ਪੰਚਕੂਲਾ ਦੀ ਅਦਾਲਤ ਵਿਚ ਪੇਸ਼ੀ ਦੌਰਾਨ ਇਸ ਸਾਧ ਨੂੰ ਬਚਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਸੀ। ਇਕ ਨਿਡਰ ਜੱਜ ਨੇ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ਾਂ ਤਹਿਤ ਉਸ ਨੂੰ ਜੇਲ੍ਹ ਵਿਚ ਤੁੰਨ ਦਿੱਤਾ ਸੀ ਅਤੇ ਹੁਣ ਸਾਧ ਨੂੰ ਜੇਲ੍ਹ ਵਿੱਚੋਂ ਬਾਹਰ ਲਿਆਉਣ ਲਈ ਭਾਜਪਾ ਸਰਕਾਰ ਮੁੜ ਸਰਗਰਮ ਦਿਖਾਈ ਦੇ ਰਹੀ ਹੈ।

ਬਾਕੀ ਸਫ਼ਾ 29 'ਤੇ

## ਖੇਤੀ ਬਹਾਨੇ ਰਾਮ ਰਹੀਮ ਨੂੰ ਪੈਰੋਲ ਮਿਲਣੀ ਔਖੀ

**ਜਲੰਧਰ/ਏਟੀ ਨਿਊਜ਼ :** ਪੱਤਰਕਾਰ ਦੇ ਕਤਲ ਅਤੇ ਦੋ ਲੜਕੀਆਂ ਨਾਲ ਬਲਾਤਕਾਰ ਦੇ ਦੋਸ਼ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਗੁਰਮੀਤ ਰਾਮ ਰਹੀਮ ਨੂੰ ਖੇਤੀ ਬਹਾਨੇ ਜੇਲ੍ਹ ਚੋਂ ਛੁੱਟੀ ਮਿਲਣੀ ਮੁਸ਼ਕਿਲ ਹੋ ਗਈ ਹੈ। ਗੁਰਮੀਤ ਰਾਮ ਰਹੀਮ ਨੇ ਖੇਤੀਬਾੜੀ ਲਈ ਪੈਰੋਲ ਮੰਗੀ ਸੀ ਪਰ ਉਸ ਦੇ ਨਾਮ ਤੇ ਤਾਂ ਕੋਈ ਜ਼ਮੀਨ ਹੀ ਨਹੀਂ ਹੈ। ਸਾਰੀ ਜ਼ਮੀਨ ਡੇਰਾ ਸੱਚਾ ਸੌਦਾ ਟਰੱਸਟ ਦੇ ਨਾਂ ਹੈ। ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਰਾਮ ਰਹੀਮ ਨੇ ਖੇਤੀਬਾੜੀ ਨੂੰ ਆਧਾਰ ਬਣਾਕੇ ਪੈਰੋਲ ਮੰਗੀ ਹੈ।

ਸਿਰਸਾ ਜ਼ਿਲ੍ਹਾ ਡਿਪਾਰਟਮੈਂਟ ਦੇ ਤਹਿਸੀਲਦਾਰ ਨੇ ਜੋ ਰਿਪੋਰਟ ਹਰਿਆਣਾ ਸਰਕਾਰ ਨੂੰ ਰੈਵਨਿਊ ਡਿਪਾਰਟਮੈਂਟ ਰਾਹੀਂ ਭੇਜੀ ਹੈ, ਉਸ ਮੁਤਾਬਕ ਰਾਮ ਰਹੀਮ ਦੇ ਨਾਂ 'ਤੇ ਸਿਰਸਾ 'ਚ ਕੋਈ ਖੇਤੀ ਲਾਇਕ ਜ਼ਮੀਨ ਨਹੀਂ ਹੈ। ਰੈਵਨਿਊ ਡਿਪਾਰਟਮੈਂਟ ਦੇ ਤਹਿਸੀਲਦਾਰ ਨੇ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਡੇਰੇ ਕੋਲ ਕੁੱਲ 250 ਕਿਲੇ ਜ਼ਮੀਨ ਹੈ ਪਰ ਇਸ ਜ਼ਮੀਨ ਦੇ ਰਿਕਾਰਡ 'ਤੇ ਕੀਤੇ ਵੀ ਰਾਮ ਰਹੀਮ ਮਾਲਕ ਜਾਂ ਬਤੌਰ ਕਿਸਾਨ ਰਜਿਸਟਰਡ ਨਹੀਂ ਹੈ। ਇਸ ਮੁਤਾਬਕ ਸਿਰਸਾ ਦੇ ਰੈਵਨਿਊ ਵਿਭਾਗ ਦੀ ਰਿਪੋਰਟ ਮੁਤਾਬਕ ਪੈਰੋਲ ਦੀ ਯਾਚਿਕਾ ਨੂੰ ਖਾਰਿਜ ਕੀਤਾ ਜਾ ਸਕਦਾ ਹੈ ਜਾਂ ਫਿਰ ਹੁਣ ਉਸ ਨੂੰ ਕੋਈ ਹੋਰ ਬਹਾਨਾ ਲਗਾਉਣਾ ਪਵੇਗਾ।

ਬਾਕੀ ਸਫ਼ਾ 29 'ਤੇ














REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ ਤੇ ਚਿੱਤਰਕਾਰੀ ਵਰਕਸ਼ਾਪ 13 ਜੁਲਾਈ ਤੋਂ

## ਪੰਜਾਬ ਤੋਂ ਉਚੇਚਾ ਪੁੱਜ ਰਹੇ ਪੱਤਰਕਾਰ ਬਲਤੇਜ ਪੰਨੂ ਵੀ ਹੋਣਗੇ ਸ਼ਾਮਲ

**ਫਰਿਜ਼ਨੋ/ਏਟੀ ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਯੂਐਸਏ. ਫਰਿਜ਼ਨੋ ਵਲੋਂ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ ਅਤੇ ਚਿੱਤਰਕਾਰੀ ਵਰਕਸ਼ਾਪ 13 ਜੁਲਾਈ 2019, ਸ਼ਨਿਚਰਵਾਰ ਤੋਂ 17 ਜੁਲਾਈ ਬੁੱਧਵਾਰ ਤੱਕ ਲਾਈ ਜਾ ਰਹੀ ਹੈ। ਉੱਘੇ ਪੱਤਰਕਾਰ ਬਲਤੇਜ ਪੰਨੂ ਨੁਮਾਇਸ਼ ਦਾ ਉਦਘਾਟਨ ਕਰਨ ਤੋਂ ਇਲਾਵਾ ਪੱਤਰਕਾਰੀ ਤੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਸਾਂਝੇ ਕਰਨਗੇ।



ਫਰਿਜ਼ਨੋ ਇਲਾਕੇ ਵਿੱਚ ਪਹਿਲੀ ਵਾਰ ਲਾਈ ਜਾ ਰਹੀ ਆਪਣੀ ਕਿਸਮ ਦੀ ਇਸ 5 ਰੋਜ਼ਾ ਨੁਮਾਇਸ਼ ਵਿੱਚ ਜਰਨੈਲ ਸਿੰਘ ਦੇ ਸ਼ਾਹਕਾਰ ਚਿੱਤਰ ਸ਼ਾਮਲ ਹੋਣਗੇ ਅਤੇ ਬਹੁਤ ਸਾਰੀਆਂ ਪੇਟਿੰਗਜ਼ ਅਤੇ ਉਨ੍ਹਾਂ ਦੇ ਰੀਪ੍ਰਿੰਟ ਵਿਕਰੀ ਲਈ ਵੀ ਉਪਲਬਧ ਹੋਣਗੇ। ਇਸ ਦੌਰਾਨ ਨਾਲੋ-ਨਾਲ ਲਾਈ ਜਾਣ ਵਾਲੀ ਵਰਕਸ਼ਾਪ ਵਿੱਚ ਜਰਨੈਲ ਆਰਟਸ ਸਰੀ, ਕਨੇਡਾ ਦੀਆਂ ਕਲਾ ਅਧਿਆਪਕ ਬਲਜੀਤ ਕੌਰ ਅਤੇ ਨੀਤੀ ਕੌਰ ਬੱਚਿਆਂ ਨੂੰ ਚਿੱਤਰਕਾਰੀ ਦੇ ਵੱਖ-ਵੱਖ ਪਹਿਲੂਆਂ ਬਾਰੇ ਸਿਖਿਆ ਦੇਣਗੀਆਂ।

ਉਦਘਾਟਨੀ ਸਮਾਰੋਹ ਸ਼ਨਿਚਰਵਾਰ ਬਾਅਦ ਦੁਪਹਿਰ 3:30 ਵਜੇ ਤੋਂ ਸ਼ਾਮੀਂ 5:30 ਵਜੇ ਤੱਕ ਹੋਵੇਗਾ, ਜਿਸ 'ਚ ਸਰੋਤਿਆਂ ਨਾਲ "ਰੂਬਰੂ" ਦੌਰਾਨ ਜਰਨੈਲ ਸਿੰਘ ਅਪਣੇ ਚਿਤਰਕਾਰੀ ਜੀਵਨ ਬਾਰੇ ਅਨੁਭਵ ਸਾਂਝੇ ਕਰਨਗੇ।

ਬਾਕੀ ਸਫ਼ਾ 32 'ਤੇ


Legal Document Preparation



- Wills & Trusts — ਵਸੀਅਤਾਂ
- Divorce — ਤਲਾਕ
- Affidavits — ਐਫੀਡੇਵਿਟ
- Grant Deeds — ਗਰਾਂਟ ਡੀਡਜ਼
- Notary — ਨੋਟਰੀ

Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County


# ਖਾਲਸਾ ਗਰੁੱਪ ਸੰਗਤ ਦੀ ਮੈਂਬਰਸ਼ਿੱਪ ਕੈਂਸਲ ਕਰਨ ਦੇ ਰੌਂਅ ਵਿਚ : ਸਿੱਖ ਪੰਚਾਇਤ

## *"ਸੰਗਤ ਦੇ ਹੱਕ ਨੂੰ ਬਰਕਰਾਰ ਰੱਖਣ ਲਈ ਕਚਹਿਰੀ ਦਾ ਸਹਾਰਾ ਲੈਣਾ ਪਿਆ"*

**ਫਰੀਮੌਂਟ/ਏਟੀ ਨਿਊਜ਼ :**

ਸਿੱਖ ਪੰਚਾਇਤ ਤੋਂ ਅਲੱਗ ਹੋਏ ਖਾਲਸਾ ਧੜੇ ਦੀਆਂ ਗੁਰਦੁਆਰਾ ਸਾਹਿਬ 'ਤੇ ਧੱਕੇ ਨਾਲ ਕਬਜ਼ਾ ਕਰਨ ਦੀਆਂ ਸਕੀਮਾਂ ਜੱਗ-ਜ਼ਾਹਿਰ ਹੋ ਗਈਆਂ ਹਨ। ਪਿਛਲੇ ਮਹੀਨੇ ਵਕੀਲਾਂ ਦੀ ਹਾਜ਼ਰੀ ਵਿਚ ਝਗੜਾ ਘਟਾਉਣ ਤੇ ਅਗਲੀਆਂ ਚੋਣਾਂ ਤਕ ਸੁਪਰੀਮ ਕੌਂਸਲ ਦੀ ਤਾਲਮੇਲ ਬਣਾ ਕੇ ਚੱਲਣ ਦੀ ਕੋਸ਼ਿਸ਼ ਨਾਕਾਮ ਰਹੀ ਅਤੇ ਮੌਜੂਦਾ ਸੁਪਰੀਮ ਕੌਂਸਲ ਦੇ ਖਾਲਸਾ ਧੜੇ ਦੇ ਮੈਂਬਰਾਂ ਨੇ ਪੰਜ ਪਿਆਰਾ ਸਿਧਾਂਤ ਦੀ ਬਜਾਏ ਕਾਰਪੋਰੇਸ਼ਨ ਸਿਧਾਂਤ ਨੂੰ ਤਰਜੀਹ ਦੇਣ ਦੀ ਵਕਾਲਤ ਕੀਤੀ। ਖਾਲਸਾ ਧੜਾ ਇਹ ਮੰਗ ਲੈ ਕੇ ਆਇਆ ਕਿ ਸਿੱਖ ਪੰਚਾਇਤ, ਸੁਪਰੀਮ ਕੌਂਸਲ ਮੈਂਬਰ ਭਾਈ ਐਚਪੀ ਸਿੰਘ ਤੇ ਭਾਈ ਜਸਵਿੰਦਰ ਸਿੰਘ ਸਮੇਤ ਮੌਜੂਦਾ ਸਾਰੀ ਮੈਂਬਰਸ਼ਿੱਪ ਕੈਂਸਲ ਕਰਕੇ ਨਵੇਂ ਸਿਰਿਉਂ ਮੈਂਬਰਸ਼ਿਪ ਬਣਾਈ ਜਾਵੇ। ਕਿਹਾ ਜਾਂਦਾ ਹੈ ਕਿ ਖਾਲਸਾ ਧੜਾ ਇਹ ਮੰਗ ਬੌਸਾਂ ਨਾਲ ਹੋਏ ਸਮਝੌਤੇ ਕਰਕੇ ਬੌਸਾਂ ਨੂੰ ਖੁਸ਼ ਕਰਨ ਲਈ ਲਿਆਇਆ ਹੈ। ਹਾਲਾਂਕਿ ਸਿੱਖ ਪੰਚਾਇਤ ਨੇ ਇਹ ਮੰਗ ਮੁੱਢੋਂ ਹੀ ਨਕਾਰ ਦਿੱਤੀ ਕਿਉਂਕਿ 13,000 ਹਜ਼ਾਰ ਤੋਂ ਉੱਪਰ ਮੈਂਬਰਾਂ ਦਾ ਕੀ ਕਸੂਰ ਹੈ ਜੋ ਉਹ ਦੁਬਾਰਾ ਲਾਈਨਾਂ ਵਿਚ ਖੜ੍ਹੇ ਹੋ ਕੇ ਮੁੜ ਵੋਟਾਂ ਬਣਾਉਣ।

ਸਿੱਖ ਪੰਚਾਇਤ ਦੀਆਂ ਵਕੀਲਾਂ ਦੀ ਹਾਜ਼ਰੀ ਵਿਚ ਦੋ ਮੀਟਿੰਗਾਂ ਹੋਈਆਂ ਜਿਸ ਤੋਂ ਇਹ ਸ਼ਪੱਸ਼ਟ ਹੋ ਗਿਆ ਕਿ ਖਾਲਸਾ ਧੜਾ ਕਿਸੇ ਵੇਲੇ ਵੀ ਵੋਟਾਂ ਕੈਂਸਲ ਕਰ ਸਕਦਾ ਹੈ ਤੇ ਫਿਰ ਸੰਗਤ ਨੂੰ ਆਪਣਾ ਹੱਕ ਲੈਣ ਲਈ ਕਈ ਸਾਲ ਕਚਹਿਰੀਆਂ ਦੇ ਚੱਕਰ ਖਾਣੇ ਪੈਣੇ ਹਨ ਅਤੇ ਚੋਣਾਂ ਵੀ ਨਹੀਂ ਹੋ ਸਕਣਗੀਆਂ।

ਸੁਪਰੀਮ ਕੌਂਸਲ ਦੋਫਾੜ ਹੋ ਚੁੱਕੀ ਹੈ ਅਤੇ ਉਸ ਵਿਚ ਇਕੱਠੇ ਚੱਲਣ ਦੀ ਕੋਈ ਸੰਭਾਵਨਾ ਨਹੀਂ, ਇਸ ਲਈ ਸਿੱਖ ਪੰਚਾਇਤ ਚੋਣਾਂ ਕਰਾਉਣ ਦੀ ਮੰਗ ਕਰ ਰਹੀ ਹੈ। ਵਕੀਲਾਂ ਦੀ ਹਾਜ਼ਰੀ ਵਿਚ ਚਾਰ ਸੁਪਰੀਮ ਕੌਂਸਲ ਮੈਂਬਰ ਅਕਤੂਬਰ ਵਿਚ ਚੋਣਾਂ ਕਰਾਉਣ ਨੂੰ ਮੰਨੇ ਸਨ ਪਰ ਖਾਲਸਾ ਧੜੇ ਦੇ ਕੁਲਜੀਤ ਸਿੰਘ ਤੇ ਹਰਮਿੰਦਰ ਸਿੰਘ ਆਪਣੇ ਸਿਆਸੀ ਗੁਰੂਆਂ ਦੇ ਕਹਿਣ 'ਤੇ ਅਗਲੇ ਹੀ ਦਿਨ ਫਿਰ ਮੁੱਕਰ ਗਏ।

ਇਸ ਤਰ੍ਹਾਂ ਦੇ ਹਾਲਾਤ ਦੇਖ ਕੇ ਸਿੱਖ ਪੰਚਾਇਤ ਨੇ ਸੰਗਤ ਦੇ ਹੱਕ ਬਰਕਰਾਰ ਰੱਖਣ, ਜਿਸ ਵਿਚ ਵੋਟਾਂ ਕੈਂਸਲ ਨਾ ਹੋ ਸਕਣ ਅਤੇ ਚੋਣਾਂ ਅਕਤੂਬਰ ਵਿਚ ਹੋਣ, ਲਈ ਕਚਹਿਰੀ ਨੂੰ ਦਖ਼ਲ ਦੇਣ ਦੀ ਅਰਜ਼ੀ ਦਿੱਤੀ ਹੈ। ਸਿੱਖ ਪੰਚਾਇਤ ਦਾ ਕਹਿਣਾ ਹੈ ਕਿ ਸਾਨੂੰ ਇਹਨਾਂ ਦੀ ਇਹ ਬਦਨੀਤੀ ਬਹੁਤ ਖ਼ਤਰਨਾਕ ਲੱਗੀ। ਸਾਨੂੰ ਮਹਿਸੂਸ ਹੋਇਆ ਕਿ ਜੇ ਇਹਨਾਂ ਨੇ ਵੋਟਾਂ ਕੈਂਸਲ ਕਰ ਦਿੱਤੀਆਂ ਤਾਂ ਫੇਰ ਇਹ ਪੱਕਾ ਕਬਜ਼ਾ ਕਰਕੇ ਬੈਠ ਜਾਣਗੇ ਤੇ ਕਦੇ ਵੋਟਾਂ ਨਹੀਂ ਹੋਣੀਆਂ। ਸਾਨੂੰ ਇਸ ਤੋਂ ਬਚਣ ਲਈ ਤੇ ਸੰਗਤ ਦੇ ਹੱਕਾਂ ਦੀ ਰਾਖੀ ਲਈ, ਕੇਸ ਕਰਨਾ ਪਿਆ। ਸਾਡੀਆਂ ਉਸ ਵਿਚ ਤਿੰਨ ਮੰਗਾਂ ਹਨ;

1. ਵੋਟਾਂ ਕੈਂਸਲ ਨਹੀਂ ਹੋ ਸਕਦੀਆਂ
2. ਪੰਜ ਸਿੰਘ ਇਕੱਠੇ ਨਹੀਂ ਚੱਲ ਸਕੇ ਇਸ ਲਈ ਇਹਨਾਂ ਸਾਰਿਆਂ ਨੂੰ ਪਾਸੇ ਕਰਕੇ ਨਵੀਂਆਂ ਚੋਣਾਂ ਕਰਾ ਕੇ ਨਵੀਂ ਸੁਪਰੀਮ ਕੌਂਸਲ ਚੁਣੀ ਜਾਵੇ। ਅਸੀਂ ਆਪਣੇ ਦੋ ਬੰਦੇ ਜਸਵਿੰਦਰ ਸਿੰਘ ਜੰਡੀ ਅਤੇ ਐਚਪੀ ਸਿੰਘ ਨੂੰ ਵੀ ਪਾਸੇ ਕਰਨ ਦੀ ਮੰਗ ਕੀਤੀ ਹੈ।
3. ਚੋਣਾਂ ਤਕ ਦੋਵੇਂ ਧਿਰਾਂ ਸਮਝੌਤੇ ਮੁਤਾਬਕ ਸਟੇਜ ਚਲਾਉਣ।

ਸਿੱਖ ਪੰਚਾਇਤ ਨੇ ਕਿਹਾ ਕਿ ਸਾਡੀ ਸੰਗਤ ਦੀ ਕਚਹਿਰੀ ਵਿਚ ਇਹਨਾਂ ਨੂੰ ਬੇਨਤੀ ਹੈ ਕਿ ਇਹ ਉਪਰਲੀਆਂ ਗੱਲਾਂ ਦਾ ਸਾਡੇ ਨਾਲ ਲਿਖਤੀ ਸਮਝੌਤਾ ਕਰ ਲੈਣ ਤਾਂ ਅਸੀਂ ਕੇਸ ਵਾਪਿਸ ਲੈ ਲਵਾਂਗੇ।


GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ



- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO

Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਸਿੱਖ ਸੰਗਤ ਨੇ ਗੁਰੂ ਨਾਨਕ ਸਾਹਿਬ ਬਾਰੇ ਡਾਕੂਮੈਂਟਰੀ ਲਈ 65,000 ਡਾਲਰ ਦਾ ਫੰਡ ਜੁਟਾਇਆ



**ਨਿਊਯਾਰਕ/ਹੁਸਨ ਲੜੋਆ ਬੰਗਾ :** ਲੌਂਗ ਆਈਲੈਂਡ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਗੁਰੂ ਨਾਨਕ ਸਾਹਿਬ ਬਾਰੇ ਬਣ ਰਹੀ ਡਾਕੂਮੈਂਟਰੀ ਦੇ ਪ੍ਰੋਜੈਕਟ ਦੀ ਸਹਾਇਤਾ ਲਈ 65,000 ਡਾਲਰ ਇਕੱਠੇ ਕੀਤੇ ਹਨ। ਨੈਸ਼ਨਲ ਸਿੱਖ ਕੈਂਪੇਨ ਗੁਰੂ ਨਾਨਕ ਦੇਵ ਜੀ ‘ਤੇ ਇਕ ਘੰਟੇ ਦੀ ਡਾਕੂਮੈਂਟਰੀ ਫ਼ਿਲਮ ਬਣਾਉਣ ਲਈ ਫਿਲਮ ਕੰਪਨੀ ਔਊਟੂਰ ਪ੍ਰੋਡਕਸ਼ਨਜ਼ ਨਾਲ ਕੰਮ ਕਰ ਰਹੀ ਹੈ ਅਤੇ ਇਹ ਸਾਰੇ ਅਮਰੀਕਾ ਵਿਚ ਪੀਬੀਐਸ. 200 ਟੀਵੀ ਸ਼ਟੇਸ਼ਨਾਂ ਉਤੇ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰੇਗੰਢ ਮਨਾਉਂਦਿਆਂ ਵਿਖਾਈ ਜਾਵੇਗੀ।

ਲੌਂਗ ਆਈਲ਼ੈਂਡ ਦੇ ਤਿੰਨੇ ਗੁਰਦੁਆਰਿਆਂ ਦੇ ਮੈਂਬਰਾਂ ਨੇ ਇਸ ਫੰਡ ਲਈ ਆਪਣਾ ਸਮਰਥਨ ਜੁਟਾਇਆ। ਪਰਮਜੀਤ ਸਿੰਘ ਬੇਦੀ, ਮੋਹਿੰਦਰ ਸਿੰਘ ਤਨੇਜਾ ਅਤੇ ਡਾ. ਅਵਤਾਰ ਸਿੰਘ ਸਮੇਤ ਕਮਿਊਨਿਟੀ ਦੇ ਪ੍ਰਮੁੱਖ ਮੈਂਬਰਾਂ ਨੇ ਇਸ ਮੌਕੇ ਹਾਜ਼ਰ ਲੋਕਾਂ ਦਾ ਸਵਾਗਤ ਕੀਤਾ। ਡਾ. ਰਾਜਵੰਤ ਸਿੰਘ ਨੇ ਕਿਹਾ, ਕਿ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਬਾਰੇ ਬਹੁਤ ਜ਼ਿਆਦਾ ਪਰਚਾਰ ਦੀ ਲੋੜ ਹੈ ਅਤੇ ਹਰ ਸਿੱਖ ਨੂੰ ਗੁਰੂ ਨਾਨਕ ਸਾਹਿਬ ਬਾਰੇ ਵਿਸ਼ਵ ਭਰ ‘ਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਉਨਾਂ ਕਿਹਾ, ਕਿ ਜ਼ਿਆਦਾਤਰ ਅਮਰੀਕੀਆਂ ਨੇ ਕਦੇ ਵੀ ਗੁਰੂ ਨਾਨਕ ਦੇਵ ਜੀ ਦਾ ਨਾਮ ਨਹੀਂ ਸੁਣਿਆ ਹੈ।

ਗੁਰੂ ਨਾਨਕ ਦਰਬਾਰ ਗੁਰਦੁਆਰਾ ਹਿੱਕਸਵਿੱਲ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਬੇਦੀ ਅਤੇ ਡਾ. ਅਵਤਾਰ ਸਿੰਘ ਟਿਨਾ ਨੇ ਕਿਹਾ, ਕਿ ਗੁਰੂ ਨਾਨਕ ਸਾਹਿਬ ਇਕ ਕ੍ਰਾਂਤੀਕਾਰੀ ਰਹਿਬਰ ਸਨ ਅਤੇ 500 ਸਾਲ ਪਹਿਲਾਂ ਉਨਾਂ ਨੇ ਲਿੰਗ ਬਰਾਬਰੀ ਦੇ ਅਧਾਰ ‘ਤੇ ਇਕ ਸਮਾਜ ਸਥਾਪਿਤ ਕਰਨ ਦਾ ਰਸਤਾ ਤਿਆਰ ਕੀਤਾ ਸੀ। ਇਹ ਫਿਲਮ ਇਸ ਬਾਰੇ ਸੰਸਾਰ ਨੂੰ ਦੱਸਣ ਵਿਚ ਮਦਦ ਕਰੇਗੀ। ਗਲੇਨ ਕੋਵ ਗੁਰਦੁਆਰਾ ਸਾਹਿਬ ਤੋਂ ਹਰਚਰਨ ਸਿੰਘ ਸਚਦੇਵ ਨੇ ਕਿਹਾ, ਕਿ ਇਥੋਂ ਦਾ ਸਿੱਖ ਭਾਈਚਾਰਾ ਇਸ ਮਹਾਨ ਕਾਰਜ ਲਈ ਇਕੱਠਾ ਹੋ ਗਿਆ ਹੈ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਗ਼ਰੀਬਾਂ ਦੀ ਸੇਵਾ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਪ੍ਰੇਰਿਤ ਕਰੇਗਾ। ਪਲੇਨਵਿਊ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਰਿੰਦਰ ਸਿੰਘ ਚਾਵਲਾ ਨੇ ਕਿਹਾ, ਕਿ ਇਹ ਦਸਤਾਵੇਜ਼ੀ ਫ਼ਿਲਮ ਸਾਡੀ ਨੌਜਵਾਨ ਪੀੜੀ ਦੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਸਮਝਣ ‘ਚ ਮਦਦ ਕਰੇਗੀ।

## “ਸਿੱਖਾਂ ਤੇ ਦਲਿਤਾਂ ਨਾਲ ਬੇਇਨਸਾਫੀਆਂ ਵਿਚ ‘ਆਪਣਿਆਂ’ ਦੀ ਸ਼ਮੂਲੀਅਤ ਦਾ ਰੁਝਾਨ ਖਤਰਨਾਕ”

**ਲੰਡਨ/ਏਟੀ ਨਿਊਜ਼ :** ਸ਼ਿਰੋਮਣੀ ਅਕਾਲੀ ਦਲ (ਅ) ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿੱਤਰਾਂ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਚੀਫ ਆਰਗੇਨਾਈਜ਼ਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀ. ਮੀ. ਪ੍ਰਧਾਨ ਅਵਤਾਰ ਸਿੰਘ ਖੰਡਾ, ਮੀ. ਪ੍ਰਧਾਨ ਜਸਵੰਤ ਸਿੰਘ ਮਾਂਗਟ ਸਮੇਤ ਸਮੂਹ ਪਾਰਟੀ ਵੱਲੋਂ ਬਿਆਨ ਜਾਰੀ ਕਰਦੇ ਹੋਏ ਮੀਡੀਆ ਇੰਚਾਰਜ ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਇਨਸਾਫ ਦੇਣ ਵਿੱਚ ਦੇਰੀ ਇਨਸਾਫ ਦੇਣ ਤੋਂ ਇਨਕਾਰ ਮੁਤਾਬਕ ਹੀ ਮੁਹਿੰਦਰਪਾਲ ਬਿੱਟੂ ਨੂੰ ਸਜ਼ਾ ਮਿਲੀ ਹੈ ਪਰ ਵੱਡੇ ਮਗਰਮੱਛਾਂ ਵਲੋਂ ਬਚਣ ਲਈ ਛੋਟੀ ਮੱਛੀ ਨੂੰ ਖਤਮ ਕਰਵਾਉਣ ਵਾਲੀ ਸਾਜਿਸ਼ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਸੱਚ ਸਾਹਮਣੇ ਆਉਣਾ ਅਸੰਭਵ ਜਾਪਦਾ ਹੈ ਕਿਉਂਕਿ ਸਰਕਾਰ ਨੂੰ ਜ਼ਰੂਰਤ ਨਹੀਂ ਤੇ ਸਾਡੇ ਕਥਿਤ ਕੌਮੀ ਆਗੂਆਂ ਨੂੰ ਗੁਰਦੁਆਰਿਆਂ, ਸਿੱਖ ਸੰਸਥਾਵਾਂ ‘ਤੇ ਆਪੋ ਆਪਣੇ ‘ਪੰਥ’ ਦਾ ਕਬਜ਼ਾ ਕਰਨ ਅਤੇ ਮਰਿਯਾਦਾਵਾਂ ਆਦਿਕ ਦੇ ਮੁੱਦਿਆਂ ‘ਤੇ ਲੜਨ ਤੋਂ ਵਿਹਲ ਨਹੀਂ। ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚਾ ਇਕਦਮ ਸਮਾਪਤ ਕਰਨ ਕਾਰਨ ਕੌਮ ਨੂੰ ਨਵੇਂ ਮੋਰਚੇ ਉੱਪਰ

ਬਾਕੀ ਸਫ਼ਾ 28 ’ਤੇ

## ਸਿੱਖ ਬੁੱਧੀਜੀਵੀਆਂ ਵੱਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੀ ਕਮੇਟੀ ਰੱਦ

**ਚੰਡੀਗੜ੍ਹ/ਏਟੀ ਨਿਊਜ਼ :**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਹੋਏ ਨੁਕਸਾਨ ਅਤੇ ਦਸਤਾਵੇਜ਼ਾਂ ਦੀ ਗੁੰਮਸ਼ੁਦਗੀ ਸਬੰਧੀ ਰਿਪੋਟ ਤਿਆਰ ਕਰਨ ਲਈ ਨਿਯੁਕਤ ਕੀਤੀ ਗਈ ਇਕ ਸਪੈਸ਼ਲ ਕਮੇਟੀ ਨੂੰ ਸਿੱਖ ਬੁੱਧੀਜੀਵੀਆਂ ਨੇ ਰੱਦ ਕਰ ਦਿੱਤਾ ਹੈ ਅਤੇ ਕਿਹਾ ਗਿਆ ਕਿ ਇਹ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਇਕ ਯਤਨ ਹੈ। ਇਕ ਸਾਂਝੇ ਬਿਆਨ ਵਿਚ ਸਿੱਖ ਚਿੰਤਕਾਂ ਨੇ ਕਿਹਾ ਹੈ ਕਿ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਨਿਯੁਕਤ ਕਮੇਟੀ ਦੇ ਮੈਂਬਰ ਉਹ ਵਿਅਕਤੀ ਹੀ ਹਨ ਜਿਹੜੇ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਵਿਚ ਤਾਇਨਾਤ ਰਹੇ ਹਨ ਅਤੇ ਉਹਨਾਂ ਉਤੇ ਹੀ ਦਸਤਾਵੇਜ਼ਾਂ ਦੀ ਗੁੰਮਸ਼ੁਦਗੀ ਵਿਚ ਸ਼ਾਮਲ ਹੋਣ ਦੇ ਦੋਸ਼ ਲਗਦੇ ਰਹੇ ਹਨ।

ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਹੋਈ ਇਕੱਤਰਤਾ ਵਿਚ ਕਿਹਾ ਗਿਆ ਕਿ ਪਿਛਲੇ ਦਿਨੀਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਗੁੰਮਸ਼ੁਦਗੀਦਾ ਮਾਮਲਾ ਉਸ ਵਕਤ ਹੋਰ ਉਲਝ ਗਿਆ, ਜਦ ਸੀਬੀਆਈ ਦੇ ਕੁੱਝ ਦਸਤਾਵੇਜ਼ ਸਾਹਮਣੇ ਆ ਗਏ ਹਨ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਲਾਇਬ੍ਰੇਰੀ ਦੀਆਂ ਕੁੱਝ ਵਸਤਾਂ ਵਾਪਸ ਕਰ ਚੁੱਕੇ ਹਨ, ਜਿਨ੍ਹਾਂ ਵਿਚ ਪੁਸਤਕਾਂ, ਗੁਟਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ-ਲਿਖਤ ਸਰੂਪ ਹਨ। ਇਹ ਮਾਮਲਾ ਉਸ ਵਕਤ ਹੋਰ ਭਖ ਗਿਆ ਜਦ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀਕੇ. ਅਤੇ ਹੋਰ ਸਿੱਖ ਵਿਦਵਾਨਾਂ ਨੇ ਇਹ ਦੋਸ਼ ਲਗਾ ਦਿੱਤੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਕੁਝ ਅਧਿਕਾਰੀਆਂ ਨੇ ਸੀਬ ਆਈ ਵੱਲੋਂ ਵਾਪਸ ਕੀਤੇ ਗਏ ਇਤਿਹਾਸਕ ਸਰੂਪ ਕਰੋੜਾਂ ਰੁਪਏ ਲੈ ਕੇ ਵੇਚ ਦਿੱਤੇ ਹਨ। ਇਸ ਨਾਲ ਸ਼੍ਰੋਮਣੀ ਕਮੇਟੀ ਦਾ ਸਮੁੱਚਾ ਤਾਣਾ ਬਾਣਾ ਇਕ ਵਾਰ ਫਿਰ ਸ਼ੱਕ ਦੇ ਘੇਰੇ ਵਿਚ ਆ ਗਿਆ ਹੈ ਤੇ ਵਿਸ਼ਵ-ਭਰ ਦੇ ਸਿੱਖਾਂ ਵਿਚ ਰੋਸ ਫੈਲ ਗਿਆ ਹੈ। ਇਸ ਰੋਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਸਕੱਤਰ ਦਲਮੇਘ ਸਿੰਘ, ਮੌਜੂਦਾ ਮੁੱਖ ਸਕੱਤਰ ਰੂਪ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਅਮਰ ਸਿੰਘ ਅਧਾਰਤ ਪੰਜ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ, ਜੋ ਇਸ ਮਾਮਲੇ ਦੀ ਖੋਜ ਕਰੇਗੀ।

ਸਿੱਖ ਬੁੱਧੀਜੀਵੀਆਂ ਨੇ ਇਸ ਕਮੇਟੀ ਦੇ ਚਾਰ ਮੈਂਬਰਾਂ ’ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਹ ਤਾਂ ਉਹੀ ਬੰਦੇ ਹਨ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਦਸਤਾਵੇਜ਼ਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਖੜ੍ਹਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਚਾਰੇ ਬੰਦੇ ਬਾਦਲ ਪਰਿਵਾਰ ਦੇ ਹੱਥ ਬੰਨ੍ਹ ਗੁਲਾਮ ਹਨ। ਇਹ ਉਹ ਹੀ ਕਰ ਰਹੇ ਹਨ ਜੋ ਬਾਦਲ ਪਰਿਵਾਰ ਜਾਂ ਉਪਰੋਂ ਮੋਦੀ ਸਰਕਾਰ ਦਾ ਹੁਕਮ ਹੋਵੇਗਾ। ਸਿੱਖ ਬੁੱਧੀਜੀਵੀਆਂ ਨੇ ਇਨ੍ਹਾਂ ਮੈਂਬਰਾਂ ਨੂੰ ਸਵਾਲ ਕੀਤਾ ਕਿ ਪਹਿਲਾਂ ਤਾਂ ਕੌਮ ਸਾਹਮਣੇ ਉਹ ਪਿਛਲੇ ਸਮੇਂ ਦੀ ਕਾਰਗੁਜ਼ਾਰੀ ਰੱਖਣ ਜੋ ਇਨ੍ਹਾਂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਬੰਧ ਵਿਚ ਮੋਦੀ ਸਰਕਾਰ ਦੌਰਾਨ ਕੀਤੀ ਹੈ।

ਇਨ੍ਹਾਂ ਸਿੱਖ ਬੁੱਧੀਜੀਵੀਆਂ ਵਿਚ ਸ. ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਸ. ਜਸਪਾਲ ਸਿੰਘ ਸਿੱਧੂ, ਡਾ. ਖੁਸ਼ਹਾਲ ਸਿੰਘ, ਪ੍ਰੋ. ਹਰਪਾਲ ਸਿੰਘ, ਪ੍ਰੋ. ਸ਼ਾਮ ਸਿੰਘ, ਪੱਤਰਕਾਰ ਕਰਮਜੀਤ ਸਿੰਘ, ਰਾਜਵਿੰਦਰ ਸਿੰਘ ਰਾਹੀ, ਸ. ਰਾਜਿੰਦਰ ਸਿੰਘ ਖਾਲਸਾ ਅਤੇ ਸ. ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹਨ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

## ਸ. ਚੈਂਚਲ ਸਿੰਘ ਦੇ ਅਕਾਲ ਚਲਾਣੇ ’ਤੇ ਪਰਿਵਾਰ ਨੂੰ ਗਹਿਰਾ ਸਦਮਾ

**ਫਰਿਜ਼ਨੋ /ਕੁਲਵੰਤ ਧਾਲੀਆਂ,ਨੀਟਾ ਮਾਛੀਕੇ :** ਫਰਿਜ਼ਨੋ ਨਿਵਾਸੀ ਸ. ਚੈਂਚਲ ਸਿੰਘ (80 ਸਾਲ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 22 ਜੂਨ ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਪਿਛਲਾ ਪਿੰਡ ਟੁੱਟ ਕਲਾਂ ਸੀ,



ਜੋ ਪੰਜਾਬ ਵਿਚ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ‘ਚ ਹੈ। ਮਰਹੂਮ ਚੈਂਚਲ ਸਿੰਘ ਪਿਛਲੇ 19 ਸਾਲ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਸ਼ਹਿਰ ਵਿਖੇ ਰਹਿ ਰਹੇ ਸਨ। ਉਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖ਼ਸੀਅਤ ਸਨ ਤੇ ਹਰ ਸਮੇਂ ਸਮਾਜਿਕ ਅਤੇ ਭਾਈਚਾਰਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜ਼ਲੀਆਂ ਦੀ ਰਸਮ 30 ਜੂਨ, ਦਿਨ ਐਤਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮਵਿਖੇ ਬਾਅਦ ਦੁਪਹਿਰ 12 ਵਜੇ ਤੋਂ 2 ਵਜੇ ਤਕ ਹੋਵੇਗੀ, ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ 2:00 ਵਜੇ ਤੋਂ 4:00 ਵਜੇ ਤੱਕ ਹੋਵੇਗੀ। ਗੁਰੂਘਰ ਦਾ ਪਤਾ : 4250 E. Lincoln Ave., Fresno, CA-93725 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ, ਉਨ੍ਹਾਂ ਦੇ ਸਪੁੱਤਰ ਜਗਦੇਵ ਸਿੰਘ ਜਾਂ ਜਸਪਾਲ ਸਿੰਘ (ਆਸਟਰੇਲੀਆ) ਨਾਲ (559) 517-7873 ਜਾਂ ਧੀ ਸੁਰਜੀਤ ਕੌਰ ਸੰਧੂ ਨਾਲ (559) 517-0497 ਫੋਨ ਨੰ. ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜੀਵਨ ਨਾਲ ਧੜਕਦੇ ਅਹਿਸਾਸਾਂ ਦੀ ਸਾਂਝ ਪਾਉਂਦਾ ਪੰਜਾਬੀ ਗੀਤ

# ‘ਗੁਰਮੁਖੀ ਦਾ ਬੇਟਾ’




**ਪ੍ਰੋ. ਮਨਦੀਪ ਸ਼ਰਮਾ**
ਡੀਏਵੀ ਕਾਲਜ, ਚੰਡੀਗੜ੍ਹ।

ਪਤਾ ਨਹੀਂ ਕਿਹੜਾ ਜਾਦੂ ਸੀ, ਲਫਜ਼ਾਂ ਦਾ, ਸੰਗੀਤ ਦਾ ਜਾਂ ਆਵਾਜ਼ ਦਾ..... ਗੀਤ ਨੇ ਜਿਵੇਂ ਬਾਂਹ ਫੜ ਕੇ ਰੋਕ ਲਿਆ ਹੋਵੇ, ਅਪਣੱਤ ਨਾਲ,“ਚੱਲਿਆ ਕਿਥੇ ਐਂ? ਬਹਿ ਜਾ... ਅੱਖਰਾਂ ਦੀ ਮਹਿਮਾ ਸੁਣ”। ਦੁਨੀਆ ਦੀ ਭੱਜ-ਨੱਠ ਵਿਚ ਸਾਹੋ-ਸਾਹ ਹੋਏ ਮਨ ਤੇ ਉਤੋਂ-ਉਤੋਂ ਹਰ ਚੀਜ਼ ਨੂੰ ਵੇਖਣ ਦੀ ਆਦੀ ਹੋਈ ਅੱਖ ਨੂੰ ਰੁਕਣ-ਟਿਕਣ ਵਿਚ ਜਿਵੇਂ ਝਿਜਕ ਜਹੀ ਹੋਈ ਪਰ ਉਦੋਂ ਤਕ ਆਪਣਾ ਜਾਦੂ ਧੂੜ ਗਿਆ ਗੀਤ। ਲੈ ਗਿਆ ਕਿਸੇ ਹੋਰ ਹੀ ਦੁਨੀਆ ਵਿਚ, ਜੋ ਸਭ ਦੇਖ ਦੇ ਹੋਏ ਵੀ ਅਣਦੇਖੀ ਕਰ ਛੱਡੀ ਦੀ ਏ। ਗੀਤ ਸੀ ‘ਗੁਰਮੁਖੀ ਦਾ ਬੇਟਾ’। ਲਫ਼ਜ਼ਾਂ ਦਾ ਸਰਤਾਜ, ਸਤਿੰਦਰ ਅੱਖਰਾਂ ਦੀ ਲੋਰ ਵਿਚ ਝੂਮ ਰਿਹਾ ਸੀ। ਗੀਤ ਮੁੱਕਿਆ, ਹੋਸ਼ ਪਰਤੀ.... ਅੱਖਰਾਂ ਦਾ ਮੋਹ ਜੇਹਾ ਆਇਆ। ਸੱਚ ਕਹਾਂ ਤਾਂ ਮੋਹ ਹਰ ਉਸ ਚੀਜ਼ ਨਾਲ ਜਾਗਿਆ ਜੋ ਜਾਣੇ ਅਣਜਾਣੇ ਅਣਦੇਖੀ ਕਰ ਦਿੱਤੀ...ਕੁਝ ਨਵਾਂ ਪਾਉਣ ਦੀ ਦੌੜ ਵਿਚ ਜਾਂ ਨਵੇਂ ਹੋ ਜਾਣ ਦੇ ਭਰਮ ਵਿਚ।

ਮਲੂਕ ਜੇਹਾ ਗੀਤ ਕਿਧਰੇ ਚੀਸ ਜੇਹੀ ਛੇੜਦਾ ਹੈ... ਟਿੱਬਿਆਂ ਵਿਚ ਵੀ ਟਹਿਕਦੇ ਥੋਹ੍ਰ ਦੀ, ਰੋਂਦੇ ਤੇ ਨੱਚਦੇ ਮੋਰ ਦੀ ਜਾਂ ਇਕਤਰਫਾ ਪ੍ਰੀਤ ਨਿਭਾ ਰਹੇ ਚਕੋਰ ਦੀ... ਇਕ ਟੀਸ। ਜੋ ਫੁੱਲਾਂ ਦੀ ਮਹਿਕ, ਕੋਇਲਾਂ ਦੀ ਕੂਕ ਜਾਂ ਚੰਦਰਮਾ ਦੀ ਚਾਨਣੀ ਵਿਚ ਕਿਧਰੇ ਉਹਲੇ ਹੀ ਰਹਿ ਜਾਂਦੀ ਹੈ। ਕਿਧਰੇ ਇਹ ਗੀਤ ਕਿਰਤ ਨਾਲ ਜੁੜੀ ਕਿਸਾਨੀ ਦੀ ਮੇਹਨਤ ਨੂੰ ਸਜਦੇ ਕਰ ਉੱਚਾ ਕਰਦਾ ਖ਼ੁਦ ਉੱਚਾ ਹੁੰਦਾ ਹੈ। ਜ਼ਿੰਦਗੀ ਨੂੰ ਮੜਕ ਨਾਲ ਜਿਉਣ ਦੀ ਤਾਂਘ ਨਾਲ ਭਰੇ ‘ਝਾਂਜਰਾਂ ਦੇ ਬੋਰ’ ਜਾਂ ਦਿਲਾਂ ਨੂੰ ਦਿਲਾਂ ਤਕ ਖਿੱਚਣ ਵਾਲੀ ‘ਡੋਰ’ ਦੀ ਬਾਤ ਪਾ ਜੀਵਨ ਨਾਲ ਧੜਕਦੇ ਅਹਿਸਾਸਾਂ ਦੀ ਸਾਂਝ ਪਾਉਂਦਾ ਹੈ।

ਪੰਜਾਬੀ ਸੰਗੀਤ ਦੀ ਮੰਡੀ ਵਿਚ ਉਤਰੇ ਇਸ ਗੀਤ ਦਾ ਆਪਣਾ ਹੋਕਾ ਹੈ। ਦੁਨੀਆ ਦੇ ਤੋਲ ਵਾਲੀ ਤੱਕੜੀ ਇਸ ਨੂੰ ਪੁੱਗਦੀ ਨਹੀਂ। ਦੁਨੀਆ ਝੁਕਦੇ ਪੱਲੜਿਆਂ ਦਾ ਗੁਣਗਾਣ ਕਰਦੀ ਹੈ। ਝੁਕਦੇ ਪੱਲੜਿਆਂ ਦਾ ਆਪਣਾ ਸੱਚ ਹੋਵੇਗਾ ਪਰ ਇਹ ਗੀਤ ਹੌਲੇ ਰਹਿ ਕੇ ਉਪਰ ਉਠ ਗਏ ਪੱਲੜਿਆਂ ਵੱਲ ਖੜ੍ਹਦਾ ਹੈ। ਦੁਨੀਆ ਨੇ ਜਿਨ੍ਹਾਂ ਦੀ ਕੀਮਤ ਅੰਕੀ ਹੋਵੇਗੀ ਅੱਧੀ-ਅਧੂਰੀ, ਨਾਮਾਤਰ। ਪਰ ਦੇ ਕੇ ਮਾਣ ਇਹਨਾਂ ਪੱਲੜਿਆਂ ਨੂੰ, ਇਹ ਗੀਤ ਅਨਮੋਲ ਕਰ ਰਿਹੈ। ਤਾਂ ਹੀਂ ਤਾਂ ਅੱਜ ਆਪਣੀ ਹੋਂਦ ਲਈ ਤਰਸਦੇ ਘੱਗਰ ਨੂੰ ਬਾਕੀ ਦਰਿਆਵਾਂ ਦੇ ਬਰੋਬਰ ਦਾ ਰੁਤਬਾ ਦੇ ਗਿਆ ਹੈ।ਉਂਜ ਸਾਰਾ ਗੀਤ ਕਬੂਲ ਹੈ ਪਰ ਦਰਿਆਵਾਂ ਦੀ ਕਲ਼-ਕਲ਼ ਜਦੋਂ ਸ਼ੋਰ ਬਣਦੀ ਹੈ ਤਾਂ ਚੁਭਦੀ ਹੈ.....ਪਰ ਸ਼ਾਇਰ ਯਾਰ ਦੀ ਇਹ ਕਾਵਿ-ਜੜਤ ਵੀ ਕਬੂਲ ਹੈ।

CIS
CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਢੇਸੀ ਵਲੋਂ ਲੰਡਨ-ਅੰਮ੍ਰਿਤਸਰ ਉਡਾਣ ਸ਼ੁਰੂ ਕਰਨ ਲਈ ਯੂਕੇ ਦੀ ਟਰਾਂਸਪੋਰਟ ਮੰਤਰੀ ਨਾਲ ਮੁਲਾਕਾਤ

**ਚੰਡੀਗੜ੍ਹ/ਏਟੀ ਨਿਊਜ਼ :** ਸੰਸਦੀ ਹਲਕਾ ਸਲੋਹ (ਯੂਕੇ) ਦੇ ਸੰਸਦ ਮੈਂਬਰ ਸ. ਤਨਮਨਜੀਤ ਸਿੰਘ ਢੇਸੀ ਨੇ ਲੰਡਨ ਵਿਖੇ ਬਰਤਾਨਵੀ ਸੰਸਦ ਵਿਚ ਹਵਾਬਾਜ਼ੀ ਤੇ ਕੌਮਾਂਤਰੀ ਟਰਾਂਸਪੋਰਟ ਮੰਤਰੀ ਬੈਰੋਨੈਸ ਵੇਅਰ ਨਾਲ ਮੁਲਾਕਾਤ ਕੀਤੀ।

ਇਸ ਮੀਟਿੰਗ ਦੌਰਾਨ ਸ. ਢੇਸੀ ਨੇ ਲੰਡਨ- ਅੰਮ੍ਰਿਤਸਰ ਦੀ ਸਿੱਧੀ ਉਡਾਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਨਾਲ ਬਰਤਾਨੀਆ ਨੂੰ ਸੈਰ-ਸਪਾਟੇ, ਸੱਭਿਆਚਾਰਕ ਗਤੀਵਿਧੀਆਂ ਅਤੇ ਵਪਾਰਕ ਤੌਰ ਤੇ ਕਾਫੀ ਲਾਭ ਹੋਵੇਗਾ। ਉਨ੍ਹਾਂ ਨੇ ਮੰਤਰੀ ਨੂੰ ਦੱਸਿਆ ਕਿ ਮਈ 2019 ਵਿਚ, ਭਾਰਤ ਦੇ ਸੈਂਟਰ ਫਾਰ ਏਸ਼ੀਆ ਪੈਸੀਫਿਕ ਏਵੀਏਸ਼ਨ (ਸੀ.ਏ.ਪੀ.ਏ.) ਨੇ ਐਲਾਨ ਕੀਤਾ ਸੀ ਕਿ ਭਾਰਤ ਅਤੇ ਯੂਰਪ ਵਿਚਕਾਰ ਸਿੱਧੀ ਹਵਾਈ



ਸੇਵਾ ਲਈ ਇੰਟਰਨੈਟ ਉੱਪਰ ਸਭ ਤੋਂ ਵੱਧ ਅੰਮ੍ਰਿਤਸਰ-ਹੀਥਰੋ ਰੂਟ ਲਈ ਭਾਲ ਕੀਤੀ ਗਈ।

ਸ. ਢੇਸੀ ਨੇ ਕਿਹਾ ਕਿ ਸਾਲ 2018 ਤੋਂ ਬਰਤਾਨੀਆ ਵਿਚ ਲੰਡਨ-ਅੰਮ੍ਰਿਤਸਰ ਸਿੱਧੀ ਹਵਾਈ ਉਡਾਣ ਲਈ ਮੁਹਿੰਮ ਸ਼ੁਰੂ ਕੀਤੇ ਜਾਣ ਤੋਂ ਬਾਅਦ ਹੋਰਨਾਂ ਤੋਂ ਇਲਾਵਾ ਯੂਕੇ ਦੇ ਸੰਸਦ ਮੈਂਬਰਾਂ ਤੋਂ ਵੀ ਹਮਾਇਤ ਹਾਸਲ ਹੋਈ ਹੈ। ਇਸ ਹਵਾਈ ਰੂਟ ਨੂੰ ਮੁੜ ਸੁਰੂ ਕਰਵਾਉਣ ਸਬੰਧੀ ਇਸ ਪਹਿਲਕਦਮੀ ਨੂੰ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਸਮਰਥਨ ਮਿਲਿਆ ਹੈ ਅਤੇ ਕੌਮਾਂਤਰੀ ਮੀਡੀਆ ਵੱਲੋਂ ਵੀ ਚੰਗਾ ਹੁੰਗਾਰਾ ਪ੍ਰਾਪਤ ਹੋਇਆ ਹੈ।

ਇਸ ਮੀਟਿੰਗ ਦੌਰਾਨ ਬਰਤਾਨਵੀ ਸੰਸਦ ਮੈਂਬਰ ਨੇ ਮੰਤਰੀ ਨੂੰ ਦੱਸਿਆ ਕਿ ਸੰਸਾਰ ਭਰ ਵਿੱਚੋਂ ਰੋਜ਼ਾਨਾ ਇੱਕ ਲੱਖ ਤੋਂ ਵੱਧ ਯਾਤਰੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਉਂਦੇ ਹਨ। ਲੰਡਨ ਇਕ ਗਲੋਬਲ ਧੁਰਾ ਹੈ ਅਤੇ ਯੂਕੇ ਤੋਂ ਅੰਮ੍ਰਿਤਸਰ ਆਉਣ-ਜਾਣ ਵਾਲੇ ਸ਼ਰਧਾਲੂਆਂ ਵਿਚੋਂ ਜ਼ਿਆਦਾਤਰ ਪੰਜਾਬੀ ਲੰਡਨ ਵਿਚ ਰਹਿੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅੰਮ੍ਰਿਤਸਰ ਵਿਖੇ ਯਾਤਰੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹਾਲ ਹੀ ਵਿਚ ਇਹ ਵੀ ਪਤਾ ਲੱਗਾ ਹੈ ਕਿ ਅੰਮ੍ਰਿਤਸਰ ਹਵਾਈ ਅੱਡਾ ਭਾਰਤ ਦਾ ਸਾਲ 2018 ਵਿਚ ਸਭ ਤੋਂ ਵੱਧ ਯਾਤਰੀਆਂ ਦੀ ਆਮਦ ਵਾਲਾ ਹਵਾਈ ਅੱਡਾ ਬਣ ਗਿਆ ਹੈ।

ਉਨ੍ਹਾਂ ਕਿਹਾ ਕਿ ਮੈਂ ਇਸ ਮੁੱਦੇ ਸਬੰਧੀ ਚਰਚਾ ਨੂੰ ਯੂਕੇ ਦੀ ਸੰਸਦ ਅਤੇ ਭਾਰਤ ਦੇ ਕੇਂਦਰੀ ਮੰਤਰੀਆਂ ਨਾਲ ਵੀ ਮੀਟਿੰਗਾਂ ਜਾਰੀ ਰੱਖਾਂਗਾ, ਤਾਂ ਜੋ ਲੰਡਨ ਤੋਂ ਅੰਮ੍ਰਿਤਸਰ ਦੀਆਂ ਸਿੱਧੀਆਂ ਉਡਾਣਾਂ ਸਫਲ ਹੋਣ।

# ਘਰ-ਪਰਿਵਾਰ ਤੇ ਰਿਸ਼ਤਿਆਂ ਦੀਆਂ ਤੰਦਾਂ ਨੂੰ ਪੀਡਾ ਬਣਾਈ ਰੱਖਣ ਲਈ ਫਰਿਜ਼ਨੋ 'ਚ ਹੋਇਆ ਸੈਮੀਨਾਰ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :**
ਸ. ਬਲਦੇਵ ਸਿੰਘ ਮੁੱਟਾ 'ਪੰਜਾਬੀ ਕਮਿਊਨਟੀ ਹੈਲਥ ਸਰਵਿਸ' ਬਰੈਂਪਟਨ, ਉਂਟਾਰਿਉ (ਕਨੇਡਾ) ਵਿੱਚ 28 ਸਾਲ ਤੋਂ ਵਧੀਕ ਸਮੇਂ ਦੇ ਲਗਭਗ ਬਤੌਰ ਸੀਈਓ ਸੇਵਾਵਾ ਨਿਭਾ ਰਹੇ ਹਨ। ਉਹ ਪ੍ਰਦੇਸਾਂ ਵਿਚ ਕਮਿਊਨਿਟੀ ਦੇ ਪਰਿਵਾਰਾਂ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਸੁਲਝਾਉਣ ਵਿਚ ਲੱਗੇ ਹੋਏ ਹਨ। ਬਲਦੇਵ ਸਿੰਘ ਮੁੱਟਾ ਆਪਣੇ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਉੱਤੇ ਬੜੀ ਬੇਬਾਕੀ ਨਾਲ ਆਪਣੇ ਵਿਚਾਰ ਰੱਖਣ ਅਤੇ ਸੁਲਝਾਉਣ ਵਿਚ ਮਨੋਵਿਗਿਆਨਕ ਤੌਰ 'ਤੇ ਮੁਹਾਰਤ ਰੱਖਦੇ ਹਨ। ਅਜਿਹੀਆਂ ਹੀ ਪਰਿਵਾਰਿਕ ਅਤੇ ਬੱਚਿਆਂ ਸਬੰਧੀ ਵਧ ਰਹੀਆਂ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦਾ ਦੋ-ਦਿਨਾ ਸੈਮੀਨਾਰ 'ਗੁਰਦਵਾਰਾ ਸਿੰਘ ਸਭਾ' ਫਰਿਜ਼ਨੋ ਵਿਖੇ ਕਰਵਾਇਆ ਗਿਆ।

ਪਹਿਲੇ ਦਿਨ ਦੇ ਸੈਮੀਨਾਰ ਵਿਚ ਟੈਕਨਾਲੋਜੀ ਵੱਲ ਵਧ ਰਹੇ ਰੁਝਾਨ ਨੂੰ ਮੁੱਖ ਰੱਖਦੇ ਹੋਏ ਬੱਚਿਆਂ ਅਤੇ ਮਾਪਿਆਂ ਵਿਚ ਰਿਸ਼ਤੇ ਕਿਵੇਂ ਮਜ਼ਬੂਤ ਬਣਾਏ ਜਾਣ, ਸਬੰਧੀ ਗੱਲਬਾਤ ਹੋਈ। ਇਸ ਦੌਰਾਨ ਪਹਿਲੇ ਪੜਾਅ ਵਿਚ ਪਰਿਵਾਰਾਂ ਨੂੰ ਅੱਜ ਦੀ ਤੇਜ਼-ਤਰਾਰ ਜ਼ਿੰਦਗੀ ਵਿਚ ਕਿਵੇਂ ਸਿਹਤਮੰਦ ਰੱਖਿਆ ਜਾਵੇ





ਅਤੇ ਦੂਸਰੇ ਪੜਾਅ ਦੌਰਾਨ ਬੱਚਿਆਂ ਦੀ ਸਾਂਭ ਸੰਭਾਲ਼ ਕਿ ਕਿਵੇਂ ਬੱਚਿਆਂ ਨੂੰ ਬੁਰੀ ਸੰਗਤ ਤੋਂ ਬਚਾਇਆ ਜਾਵੇ ਆਦਿਕ ਸਮੱਸਿਆਵਾਂ ਉਤੇ ਗੱਲਬਾਤ ਹੋਈ।

ਗੌਰਤਲਬ ਹੈ ਕਿ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਆ ਕੇ ਬਹੁਤ ਤਰੱਕੀਆਂ ਕੀਤੀਆਂ, ਵੱਡੇ ਘਰ ਬਣਾ ਲਏ, ਵੱਡੀਆਂ ਕਾਰਾਂ ਲੈ ਲਈਆਂ ਪਰ ਕਿਤੇ ਨਾ ਕਿਤੇ ਹਰ ਕੋਈ ਕੁਝ ਖੋਇਆ-ਖੋਇਆ ਮਹਿਸੂਸ ਕਰ ਰਿਹਾ ਹੈ, ਕਹਿਣ ਤੋਂ ਭਾਵ ਪੈਸਾ-ਕਾਰਾਂ-ਗੱਡੀਆਂ ਹੋਣ ਦੇ ਬਾਵਜੂਦ ਅੰਦਰ ਖ਼ੁਸ਼ੀ ਨਹੀਂ ਉਪਜ ਰਹੀ। ਦੂਸਰੇ ਦਿਨ ਦੇ ਸੈਮੀਨਾਰ ਵਿਚ ਪਰਿਵਾਰਾਂ ਦੇ ਆਪਸੀ ਸਬੰਧਾਂ ਅਤੇ ਸਮੱਸਿਆਵਾਂ ਸਬੰਧੀ ਸੰਗਤ ਦੇ ਭਾਰੀ ਇਕੱਠ ਵਿਚ ਵਿਚਾਰਾਂ ਹੋਈਆਂ। ਸਮੁੱਚੇ ਦੋ-ਦਿਨਾ ਸੈਮੀਨਾਰ ਦੌਰਾਨ ਸਾਰੇ ਮਸਲਿਆਂ 'ਤੇ ਬਲਦੇਵ ਸਿੰਘ ਮੁੱਟਾ ਨੇ ਗੁਰਦਵਾਰਾ ਸਿੰਘ ਸਭਾ ਵਿਖੇ ਸੰਗਤ ਦੇ ਭਾਰੀ ਇਕੱਠ ਵਿੱਚ ਬੜੇ ਖੁੱਲ੍ਹ ਕੇ ਵਿਚਾਰ ਪੇਸ਼ ਕੀਤੇ।

ਸੈਮੀਨਾਰ ਦੇ ਅੰਤਮ ਪੜਾਅ ਵਿਚ ਸੰਗਤ ਨੇ ਬਲਦੇਵ ਸਿੰਘ ਮੁੱਟਾ ਨੂੰ ਸਵਾਲ ਵੀ ਕੀਤੇ, ਜਿਨ੍ਹਾਂ ਦੇ ਉੱਤਰ ਉਨ੍ਹਾਂ ਬੜੇ ਤਸੱਲੀਬਖਸ਼ ਢੰਗ ਨਾਲ ਦਿੰਦੇ ਹੋਏ ਸੰਤੁਸ਼ਟੀ ਕਰਵਾਈ। ਉਨ੍ਹਾਂ ਨੂੰ ਇਹ ਸੇਵਾਵਾਂ ਬਦਲੇ ਸਨਮਾਨ ਵੀ ਦਿੱਤਾ ਗਿਆ। ਅੰਤ ਵਿੱਚ ਸੈਮੀਨਾਰ ਨੂੰ ਆਯੋਜਿਤ ਕਰਨ ਵਿਚ ਹਿੱਸਾ ਪਾਉਣ ਵਾਲੇ ਡਾ. ਪਰਮਿੰਦਰ ਸਿੱਧੂ ਨੇ ਸੈਮੀਨਾਰ ਵਿਚ ਹਾਜ਼ਰੀਨ ਪਰਿਵਾਰਾਂ ਦਾ ਧੰਨਵਾਦ ਕੀਤਾ। ਇਸ ਸੈਮੀਨਾਰ ਨੂੰ ਸਫਲ ਬਣਾਉਣ ਵਿਚ ਗੁਰਿੰਦਰਜੀਤ ਨੀਟਾ ਮਾਛੀਕੇ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਦਾ ਵਡਮੁੱਲਾ ਯੋਗਦਾਨ ਰਿਹਾ।

# ਅੰਤਰਰਾਸ਼ਟਰੀ ਫੋਟੋਗ੍ਰਾਫਰ ਸੰਤੋਖ ਮੰਡੇਰ ਤੇ ਸਾਥੀਆਂ ਦਾ ਸਿਆਟਲ 'ਚ ਸਵਾਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** 'ਖੇਡ ਸੰਸਾਰ' ਦੇ ਮੁੱਖ ਸੰਪਾਦਕ, ਅੰਤਰਰਾਸ਼ਟਰੀ ਫੋਟੋਗ੍ਰਾਫ਼ਰ ਸਰੀ ਵੈਨਕੋਵਰ ਤੋਂ ਸੰਤੋਖ ਸਿੰਘ ਮੰਡੇਰ, ਭਾਰਤ ਤੋਂ ਪਹੁੰਚੇ ਸੇਵਾਮੁਕਤ ਤਹਿਸੀਲਦਾਰ ਰਾਕੇਸ਼ ਮਿਨਹਾਸ ਅਤੇ ਰੋੜਾਂਵਾਲਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਦਾ ਸਿਆਟਲ ਪਹੁੰਚਣ 'ਤੇ ਪੰਜਾਬੀ ਭਾਈਚਾਰੇ ਵਲੋਂ ਡਾ. ਹਰਚੰਦ ਸਿੰਘ ਤੇ ਸੰਨੀ ਰਾਜ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਨਿੱਘਾ ਸਵਾਗਤ ਕੀਤਾ। ਸੰਤੋਖ ਮੰਡੇਰ ਨੇ ਖੇਡਾਂ ਦੇ ਖੇਤਰ ਵਿਚ ਓਲੰਪਿਕ ਗੇਮਜ਼, ਏਸ਼ੀਅਨ ਗੇਮਜ਼ ਅਤੇ ਕਈ ਅੰਤਰਰਾਸ਼ਟਰੀ ਪੱਧਰ ਦੇ ਟੂਰਨਾਮੈਂਟਾਂ ਵਿਚ ਫੋਟੋਗ੍ਰਾਫ਼ੀ ਕਰਕੇ ਖਿਡਾਰੀਆਂ ਤੇ ਖੇਡ ਪ੍ਰਮੋਟਰਾਂ ਦਾ ਮਾਣ ਵਧਾਇਆ ਹੈ। ਉਹ ਖੇਡ ਸੰਸਾਰ ਮੈਗਜ਼ੀਨ ਵੀ ਕੱਢਦੇ ਹਨ। ਇਸ ਮੌਕੇ ਸੰਤੋਖ ਸਿੰਘ ਮੰਡੇਰ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਉਤੇ ਅੰਤਰਰਾਸ਼ਟਰੀ ਕਬੱਡੀ ਤੇ ਕੁਸ਼ਤੀ ਦੇ



ਟੂਰਨਾਮੈਂਟ ਆਯੋਜਨ ਕੀਤੇ ਜਾ ਰਹੇ ਹਨ। ਡਾ. ਹਰਚੰਦ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਦੇਸ਼ ਵਿਦੇਸ਼ ਵਿਚ ਨਾਮਣਾ ਖੱਟਣ ਵਾਲੇ ਮਹਿਮਾਨਾਂ ਦਾ ਸਿਆਟਲ ਪਹੁੰਚਣ 'ਤੇ ਸਵਾਗਤ ਕਰਕੇ ਮਾਣ ਮਹਿਸੂਸ ਹੋਇਆ ਹੈ।




## ‘ਝਾਂਜਰ ਦੀ ਛਣਕਾਰ’ ’ਚ ਜੈਜ਼ੀ ਬੀ ਪਾਏਗਾ 21 ਜੁਲਾਈ ਨੂੰ ਛਣਕਾਰ

**ਮਿਲਪੀਟਸ/ਏਟੀ ਨਿਊਜ਼ :** ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਸੈਨਹੋਜ਼ੇ ਹੈਰੀਟੇਜ ਕਲੱਬ, ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਝਿੱਕਾ ਆਰਟ ਪ੍ਰਮੋਸ਼ਨ ਦੇ ਸਹਿਯੋਗ ਨਾਲ ਇੱਥੇ ਇੰਡੀਅਨ ਕਮਿਉਨਿਟੀ ਸੈਂਟਰ ਵਿਖੇ 21 ਜੁਲਾਈ ਨੂੰ ‘ਝਾਂਜਰ ਦੀ ਛਣਕਾਰ’ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਗੱਲਬਾਤ ਕਰਦਿਆਂ ਪ੍ਰੋਗਰਾਮ ਦੀ ਮੁੱਖ ਪ੍ਰਬੰਧਕ ਭੂਆ ਗੁਰਮੀਤ ਕੌਰ ਛੀਨਾ ਨੇ ਦੱਸਿਆ ਕਿ ਪੰਜਾਬ ਦੇ ਨਾਮੀ ਗਾਇਕ ਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਗਾਇਕ ਜੈਜ਼ੀ ਬੀ. ਮੁੱਖ ਆਕਰਸ਼ਣ ਹੋਣਗੇ। ਔਰਤਾਂ ਲਈ ਮੇਲੇ ਵਰਗਾ ਹੋਣ ਵਾਲਾ ਇਹ ਪ੍ਰੋਗਰਾਮ ਗਿੱਧਾ, ਕੋਰੀਓਗ੍ਰਾਫੀ, ਸਕਿੱਟ ਅਤੇ ਹਾਸ-ਰਸ ਦੀ ਹਰ ਵੰਨਗੀ ਨਾਲ ਆਪਣੀ ਮਿਸਾਲ ਆਪ ਬਣੇਗਾ। ਬੀਬੀਆਂ ਲਈ ਨਾ ਸਿਰਫ ਹਾਰ ਸ਼ਿੰਗਾਰ ’ਤੇ ਹੋਰ ਵਸਤਾਂ ਦੇ ਸਟਾਲ ਲੱਗਣਗੇ ਸਗੋਂ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲੀ ਹਰ ਪੰਜਾਬਣ ਨੂੰ ਪ੍ਰੋਗਰਾਮ ਦੇ ਸਿਰਲੇਖ ਵਾਂਗ ਇਕ ਝਾਂਜਰਾਂ ਦਾ ਜੋੜਾ ਤੋਹਫੇ ਵਜੋਂ ਦਿੱਤਾ ਜਾਵੇਗਾ। ਭਾਵੇਂ ਤੀਆਂ ਦੇ ਤਿਓਹਾਰ ਦੇ ਦਿਨਾਂ ’ਚ ਇਸ ਮੇਲੇ ਦਾ ਅਯੋਜਨ ਕੀਤਾ ਜਾ ਰਿਹਾ ਹੈ ਪਰ ਨਾ ਸਿਰਫ ਸੰਧਾਰੇ ਦੀ ਗੱਲ ਚੱਲੇਗੀ, ਸਗੋਂ ਔਰਤਾਂ ਤੇ ਮੁਟਿਆਰਾਂ ਨੂੰ ਆਪਣੇ ਚਾਅ ਖੁੱਲ੍ਹ ਕੇ ਬਿਖੇਰਨ ਦਾ ਖੁੱਲ੍ਹਾ ਮੌਕਾ ਦਿੱਤਾ ਜਾਵੇਗਾ। ਖਾਸ ਗੱਲ ਇਹ ਵੀ ਹੋਵੇਗੀ ਕਿ ‘ਨੱਚ ਲੈ ਬਿਸ਼ਨ ਕੁਰੇ ਸੌਣ ਨੇ ਕਦ ਕਦ ਆਉਣਾ’ ਵਾਂਗ ਨੱਚਣ ਟੱਪਣ ’ਤੇ ਅੱਡੀ ਚੁੱਕਣ ਲਈ ਖ਼ੂਬਸੂਰਤ ਮਹੌਲ ਸਿਰਜਿਆ ਜਾਵੇਗਾ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਕਰੇਗੀ। ਖਾਣ ਪੀਣ ਅਤੇ ਸਕਿਉਰਿਟੀ ਦਾ ਖਾਸ ਬੰਦੋਬਸਤ ਹੋਵੇਗਾ। ਹਰ ਮੁਟਿਆਰ/ਔਰਤ ਜਦੋਂ ਪ੍ਰੋਗਰਾਮ ਦੀ ਸਮਾਪਤੀ ਤੋਂ ਘਰ ਵੱਲ ਪਰਤੇਗੀ ਤਾਂ ਉਸਦੇ ਹੱਥਾਂ ’ਚ ’ਤੇ ਪੈਰਾਂ ’ਚ ਔਰਤਾਂ ਦੇ ਸ਼ਿੰਗਾਰ ਦੇ ਚਾਅ ਮਲਾਰ ਵੇਖਣ ਨੂੰ ਮਿਲਣਗੇ। ਪ੍ਰੋਗਰਾਮ ਦੀ ਹੋਰ ਜਾਣਕਾਰੀ ਲਈ ਭੂਆ ਗੁਰਮੀਤ ਕੌਰ ਛੀਨਾ ਨਾਲ ਫੋਨ ਨੰਬਰ 408-903-0578 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਤਰਸੇਮ ਜੱਸੜ ਤੇ ਜੱਸ ਬਾਜਵਾ 30 ਜੂਨ ਨੂੰ ਸੈਨਲੈਂਡਰੋ ’ਚ ਲਾਉਣਗੇ ਗੀਤਾਂ ਦੀ ਛਹਿਬਰ

**ਸੈਨਲੈਂਡਰੋ/ਏਟੀ ਨਿਊਜ਼ :** ‘ਰੱਬ ਦਾ ਰੇਡੀਓ’ ਪੰਜਾਬੀ ਫਿਲਮ ਨਾਲ ਵੱਡਾ ਨਾਮਣਾ ਖੱਟਣ ਵਾਲੇ ਪੰਜਾਬੀ ਗਾਇਕ ਤਰਸੇਮ ਜੱਸੜ ਅਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਜੱਸ ਬਾਜਵਾ ਇੱਥੇ 30 ਜੂਨ, ਦਿਨ ਐਤਵਾਰ ਸ਼ਾਮ 6 ਵਜੇ ਹਿਸਟੌਰਿਕਵਲ ਥਿਏਟਰ ਵਿਖੇ ਪੰਜਾਬੀ ਗੀਤਾਂ ਦੀ ਛਹਿਬਰ ਲਾਉਣਗੇ। ਤੰਦੂਰੀ ਪੀਜ਼ਾ ਅਤੇ ਐਰਿਨ ਐਂਟਰਟੇਨਮੈਂਟ ਯੂਐੱਸਏ ਵਲੋਂ ਅਯੋਜਿਤ ਕੀਤੇ ਜਾਣ ਵਾਲੇ ਇਸ ਸੰਗੀਤਕ ਪ੍ਰੋਗਰਾਮ ’ਚ ਗਾਇਕ ਜੀਤਾ ਗਿੱਲ ਵੀ ਆਪਣੇ ਗੀਤਾਂ ਦੀ ਪੇਸ਼ਕਾਰੀ ਦੇ ਸ਼ੁਰੂਆਤੀ ਰੰਗ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਮੁੱਖ ਪ੍ਰਬੰਧਕ ਜੇ. ਸ਼ਰਮਾ ਅਤੇ ਐਸ਼ ਸਿੰਘ ਨੇ ਦੱਸਿਆ ਕਿ ਤਰਸੇਮ ਜੱਸੜ ਅਤੇ ਜੱਸ ਬਾਜਵਾ ਦੀ ਜੋੜੀ ਪਹਿਲੀ ਵਾਰੀ ਬੇਏਰੀਆ ’ਚ ਇਕ ਨਿਵੇਕਲੀ ਕਿਸਮ ਦਾ ਸ਼ੋਅ ਪੇਸ਼ ਕਰੇਗੀ। ਇਹ ਇਕ ਨਿਰੋਲ ਪਰਿਵਾਰਕ ਪ੍ਰੋਗਰਾਮ ਹੋਵੇਗਾ ਜਿਸ ਵਿਚ ਦਰਸ਼ਕਾਂ ਵਿਚ ਹਰ ਤਰ੍ਹਾਂ ਦੇ ਭਰਪੂਰ ਮਨੋਰੰਜਨ ਦੀ ਵਿਵਸਥਾ ਮਿਲੇਗੀ। ਹੋਰ ਜਾਣਕਾਰੀ ਲਈ 510-378-8316 ਜਾਂ 510-379-8449 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਸਿਆਟਲ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸਿਆਟਲ ਦੇ ਵੱਖ-ਵੱਖ ਗੁਰੂਘਰਾਂ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਿੰਘ ਸਭਾ ਰੈਨਟਲ ਵਿਚ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾ ਕੇ ਗੁਰੂ ਦਾ ਜਸ ਗਾਇਨ ਕੀਤਾ ਗਿਆ। ਭਾਰਤ ਤੋਂ ਪਹੁੰਚੇ ਭਾਈ ਵਰਿੰਦਰਪਾਲ ਸਿੰਘ ਦੇਹਰਾਦੂਨ ਵਾਲਿਆਂ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਜਾਚ ਅਤੇ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਸਮੇਂ ਲੰਗਰ ਦੀ ਸੇਵਾ ਬੜੇ ਉਤਸ਼ਾਹ ਨਾਲ ਨਿਭਾਈ ਗਈ ਤੇ ਸਰਦਈ ਰਗੜ ਕੇ ਸੰਗਤ ਨੂੰ ਛਕਾਈ ਗਈ। ਗੁਰਦੁਆਰਾ ਸੱਚਾ ਮਾਰਗ ਦੇ ਭਾਈ ਕੁਲਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਜੀ ਦੀ ਉਪਮਾ ਕੀਤੀ। ਗੁਰਦੁਆਰਾ ਬੋਥਲ ਵਿਚ ਗੁਰੂਘਰ ਦੇ ਕੀਰਤਨ ਜਥੇ ਨੇ ਕੀਰਤਨ ਕਰਕੇ ਗੁਰੂ ਜੀ ਦੀ ਉਪਮਾ ਕੀਤੀ। ਇਸ ਸਮੇਂ ਭਾਰੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਲਗਵਾਈ।







ਗੁਰਦੁਆਰਾ ਮੈਰਿਸਵੈਲ ਵਿਚ ਭਾਈ ਗੁਰਬਿੰਦਰ ਸਿੰਘ ਧਾਲੀਵਾਲ ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦੇਂਦੇ ਸਮੇਂ।

# ਹਰਮਨਪਿਆਰੀ ਵੈਬਸਾਈਟ ‘ਸਿੱਖ ਸਿਆਸਤ’ ਦੀ ‘ਐਪ’ ਆਈਫੋਨ ’ਤੇ ਵੀ ਸ਼ੁਰੂ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਅਤੇ ਖਾਸ ਕਰ ਸਿੱਖ-ਜਗਤ ਨਾਲ ਸਬੰਧਿਤ ਤਾਜ਼ਾ ਖਬਰਾਂ, ਲੇਖ ਤੇ ਵੀਡੀਓਜ਼ ਪੇਸ਼ ਕਰਨ ਵਾਲੀ ਹਰਮਨਪਿਆਰੀ ਵੈਬਸਾਈਟ ‘ਸਿੱਖ ਸਿਆਸਤ’ ਵੱਲੋਂ 18 ਜੂਨ, 2019 ਤੋਂ ਐਪਲ ਕੰਪਨੀ ਦੇ ਆਈ-ਫੋਨ ਲਈ ਐਪ (ਜੁਗਤ) ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਪੰਜਾਬ ਤੋਂ ਚੱਲਦੇ ਇਸ ਸਿੱਖ ਮੀਡੀਆ ਅਦਾਰੇ ਨਾਲ ਹੋਰ ਵਧੇਰੇ ਪਾਠਕਾਂ, ਸਰੋਤਿਆਂ ਤੇ ਦਰਸ਼ਕਾਂ ਦਾ ਜੁੜੇ ਰਹਿਣਾ ਸੁਖਾਲਾ ਹੁਣ ਹੋਰ ਵੀ ਸੁਖਾਲਾ ਹੋ ਗਿਆ ਹੈ।

‘ਸਿੱਖ ਸਿਆਸਤ’ ਦੇ ਸੰਪਾਦਕ ਤੇ ਸੰਚਾਲਕ ਪਰਮਜੀਤ ਸਿੰਘ ਨੇ ਇਕ ਬਿਆਨ ਜਾਰੀ ਕਰਕੇ ਇਸ ਐਪ ਨੂੰ ਜਨਤਕ ਤੌਰ ‘ਤੇ ਜਾਰੀ ਕਰਨ ਦਾ ਐਲਾਨ ਕੀਤਾ। ਇਹ ਐਪ ਆਈਓਐਸ. ਪ੍ਰਬੰਧ ਵਾਲੇ ਆਈ-ਫੋਨਾਂ, ਆਈ-ਪੌਡ ਅਤੇ ਆਈ-ਪੈਡ ਲਈ ਜਾਰੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ‘ਸਿੱਖ ਸਿਆਸਤ’ ਵੱਲੋਂ ਐਂਡਰਾਇਡ ਫੋਨਾਂ ਲਈ ਵੀ ਪਿਛਲੇ ਵਰ੍ਹੇ ਹੀ ਇਹ ਐਪ ਜਾਰੀ ਕੀਤੀ ਜਾ ਚੁੱਕੀ ਹੈ। ਪਰਮਜੀਤ ਸਿੰਘ ਨੇ ਕਿਹਾ ਕਿ ਹੁਣ ‘ਸਿੱਖ ਸਿਆਸਤ’ ਨਾਲ ਪੱਕੇ ਤੌਰ ‘ਤੇ ਜੁੜੇ ਰਹਿਣ ਲਈ ਉਕਤ ਐਪ ਨੂੰ ਪਾਠਕ ‘ਐਪਲ ਐਪ ਸਟੋਰ’ ਰਾਹੀਂ ਬਿਨਾ ਕਿਸੇ ਭੇਟਾ ਦੇ ਆਪਣੇ




ਫੋਨ ਤੇ ਦੂਜੇ ਡਿਜ਼ੀਟਲ ਇੰਸਟਰੂਮੈਂਟਾਂ ਵਿਚ ਭਰ ਸਕਦੇ ਹਨ। ਇਸ ਲਈ ‘ਐਪ ਸਟੋਰ’ ਵਿਚ Sikh Siyasatਲਿਖ ਕੇ ਇਸ ਨੂੰ ਭਾਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਤਕਨੀਕੀ ਮਾਹਿਰਾਂ ਦੀ ਟੋਲੀ ਵੱਲੋਂ ਬੜੀ ਮਿਹਨਤ ਨਾਲ ਤਿਆਰ ਕੀਤੀ ਗਈ ‘ਸਿੱਖ ਸਿਆਸਤ’ ਦੀ ਇਹ ਐਪ (ਜੁਗਤ) ਪਾਠਕਾਂ ਅਤੇ ਦਰਸ਼ਕਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਜਿਵੇਂ ਕਿ ਅਸੀਂ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਖਬਰਾਂ ਲਈ ਵੱਖੋ-ਵੱਖਰੀਆਂ ਵੈਬਸਾਈਟਾਂ ਚਲਾ ਰਹੇ ਹਾਂ ਤਾਂ ਦੋਵੇਂ ਭਾਸ਼ਾਵਾਂ ਦੇ ਜਾਣਕਾਰਾਂ ਨੂੰ ਸਾਰੀਆਂ ਖਬਰਾਂ ਵੇਖਣ ਲਈ, ਦੋ ਵੱਖੋ-ਵੱਖ ਸਫੇ ਖੋਲ੍ਹਣੇ ਪੈਂਦੇ ਸਨ ਪਰ ਹੁਣ ਇਸ ਜੁਗਤ ਰਾਹੀਂ ਪਾਠਕ ਅੰਗਰੇਜ਼ੀ ਤੇ ਪੰਜਾਬੀ ਦੀਆਂ ਖਬਰਾਂ ਇਕੋ ਸ਼ੀਸ਼ੇ (ਸਕਰੀਨ) ‘ਤੇ ਦਿੱਤੀਆਂ ਤਾਕੀਆਂ ਖੋਲ੍ਹ ਕੇ ਪੜ੍ਹ ਸਕਣਗੇ। ਇਸੇ ਤਰ੍ਹਾਂ ਤੀਜੀ ਤਾਕੀ ਰਾਹੀਂ ਸਿੱਖ ਸਿਆਸਤ ਵੱਲੋਂ ਜਾਰੀ ਕੀਤੀਆਂ ਵੀਡੀਓਜ਼ ਵੇਖੀਆਂ ਜਾ ਸਕਦੀਆਂ ਹਨ ਤੇ ਚੌਥੀ ਤਾਕੀ ਰਾਹੀਂ ਬੋਲਦੀਆਂ ਕਿਤਾਬਾਂ ਅਤੇ ਲਿਖਤਾਂ ਸੁਣੀਆਂ ਜਾ ਸਕਣਗੀਆਂ। ਇਸ ਜੁਗਤ ਨੂੰ ਵਰਤੋਂਕਾਰਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਇਹ ਚਲਾਉਣ ਲਈ ਬਹੁਤ ਹੀ ਸੌਖੀ ਤੇ ਸਾਦੀ ਹੈ ਪਰ ਇਸ ਦੀ

ਬਾਕੀ ਸਫ਼ਾ 28 ’ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਸਿਆਟਲ ਵਿਚ ਬੱਚਿਆਂ ਦੇ ਖੇਡ ਕੈਂਪ ਦੀ ਸ਼ੁਰੂਆਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਇਥੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦੇ ਖੇਡ ਕੈਂਪ ਦਾ ਸ਼ੁੱਭ ਆਰੰਭ ਬੱਚਿਆਂ ਦੀ ਤੰਦਰੁਸਤੀ ਅਤੇ ਸੱਟਫੇਟ ਤੋਂ ਬਚਾਓ ਲਈ ਕਾਮਨਾ ਕਰਦੇ ਹੋਏ ਅਰਦਾਸ ਕਰਕੇ ਕੀਤਾ ਗਿਆ। ਇਸ ‘ਚ 200 ਤੋਂ ਵੱਧ ਬੱਚਿਆਂ, ਬਜ਼ੁਰਗਾਂ ਅਤੇ ਨੌਜਵਾਨਾਂ ਨੇ ਭਾਗ ਲਿਆ। ਬੱਚਿਆਂ ਨੂੰ ਸਰੀਰਕ ਫਿਟਨੈਸ ਦੀ ਸਿਖਲਾਈ ਅਤੇ ਵੱਖ-ਵੱਖ ਖੇਡਾਂ ਦੀ ਜਾਣਕਾਰੀ ਤੇ ਕੋਚਿੰਗ ਮੁਹੱਈਆ ਕੀਤੀ ਜਾ ਰਹੀ ਹੈ ।22 ਜੂਨ ਤੋਂ 25 ਅਗਸਤ ਤਕ ਹਰੇਕ ਸ਼ਨੀਵਾਰ ਅਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਕੈਂਟ ਦੇ ਵਿਲਸਨ ਪਲੇਅ ਫੀਲਡਜ਼ (248 ਸਟਰੀਟ ਤੇ 132 ਐਵੀਨਿਊ) ਵਿਖੇ ਖੁੱਲ੍ਹੇ ਮੈਦਾਨ ਚਿਲਡਰਨ ਸਮਰ ਸਪੋਰਟਸ ਕੈਂਪ ਚੱਲੇਗਾ। ਬੱਚਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ ਕਿ ਕੋਈ ਵੀ ਇਸ ਕੈਂਪ ਵਿਚ ਸ਼ਾਮਲ ਹੋ ਸਕਦਾ ਹੈ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਬੱਚਿਆਂ ਨੂੰ ਮੁਫ਼ਤ ਸਪੋਰਟਸ ਕਿੱਟ, ਰਿਫਰੈਸ਼ਮੈਂਟ, ਦਾਨੀ ਸੱਜਣਾਂ ਵਲੋਂ ਮੁਹੱਈਆ ਕਰਵਾਈ ਜਾ ਰਹੀ ਹੈ।

**ਬਾਕੀ ਸਫ਼ਾ 28 ’ਤੇ**

## ਝਿੱਕਾ ਆਰਟ ਪ੍ਰੋਮੋਸ਼ਨ ਨੇ ਕਰਵਾਇਆ ‘ਫਾਦਰ’ਜ਼ ਡੇਅ’ ਸਮਾਗਮ

**ਹੇਅਵਰਡ/ਏਟੀ ਨਿਊਜ਼ :** ਲੰਘੇ ਐਤਵਾਰ ਨੂੰ ਇੱਥੇ ਝਿੱਕਾ ਆਰਟ ਪ੍ਰਮੋਸ਼ਨ ਵਲੋਂ ਸੋਨੀਆ ਝਿੱਕਾ, ਮਨਜੀਤ ਝਿੱਕਾ, ਬਲਜਿੰਦਰ ਪੱਟੀ, ਪਰਮਿੰਦਰ ਲਾਡੀ ਦੀ ਅਗਵਾਈ ਹੇਠ ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ, ਸੈਨਹੋਜ਼ੇ ਹੈਰੀਟੇਜ ਕਲੱਬ ਅਤੇ ਝਾਂਜਰ ਦੀ ਛਣਕਾਰ ਟੀਮ ਦੇ ਸਹਿਯੋਗ ਨਾਲ ਰਾਜਾ ਸਵੀਟਸ ਤੇ ਇੰਡੀਅਨ ਕੁਜ਼ੀਨ ਵਿਖੇ ‘ਫਾਦਰ’ਜ਼ ਡੇਅ’ ਧੂਮ ਧਾਮ ਨਾਲ ਮਨਾਇਆ ਗਿਆ। ਇਸ ਵਿਚ ਜਿੱਥੇ ਬੇਏਰੀਆ ਦੀਆਂ ਨਾਮੀ ਗਰਾਮੀ ਹਸਤੀਆਂ ਆਪਣੇ ਪਰਿਵਾਰਾਂ ਸਮੇਤ ਸ਼ਾਮਿਲ ਹੋਈਆਂ ਉੱਥੇ ਕਰੀਬ ਦੋ ਦਰਜ਼ਨ ਤੋਂ ਵੱਧ ਬਾਪ ਦੇ ਫਰਜ਼ ਨੂੰ ਬਾਖੂਬੀ ਭੂਮਿਕਾ ਨਿਭਾਉਣ ਵਾਲਿਆਂ ਨੂੰ ਖਾਸ ਤੋਹਫੇ ਦੇ ਕੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ ’ਤੇ ‘ਮਾਂ ਪਰਿਵਾਰ ਚਲਾਉਂਦੀ ਹੈ ਤੇ ਬਾਪ ਘਰ’, ਗ੍ਰਹਿਸਤ ਦੀ ਗੱਡੀ ਖਿੱਚਣ ਲਈ ਪਿਓ ਦੀ ਪ੍ਰਮੁੱਖ ਭੂਮਿਕਾ ਰਹੀ ਹੈ, ਜਿਨਾਂ ਘਰਾਂ ਜ਼ਿੰਮੇਵਾਰ ਮਾਂ ਅਤੇ ਸੁੱਘੜ ਸਿਆਣੇ ਬਾਪ ਆਪਣੇ ਫਰਜ਼ਾਂ ਦੀ ਪੂਰਤੀ ਕਰਦੇ ਰਹੇ ਹਨ, ਉਹ ਘਰ ਸਦੀਵੀ ਸਵਰਗ ਦਾ ਰੂਪ ਬਣੇ ਹਨ। ਫਾਦਰ’ਜ਼ ਡੇਅ ਮਨਾਉਣ ਨਾਲ ਗੱਲ ਨਹੀਂ ਮੁੱਕਦੀ ਸਗੋਂ ਗੱਲ ਇਸ ਸੋਚ ਨਾਲ ਬਣਦੀ ਹੈ ਕਿ ਬਾਪ ਵੀ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਅਤੇ ਔਲਾਦ ਉਨਾਂ ਦੇ ਸਤਿਕਾਰ ’ਚ ਕੋਈ ਕਮੀ ਨਾ ਰਹਿਣ ਦੇਵੇ, ਇਹ ਸੰਗਮ ਬਣਿਆ ਰਹੇਗਾ ਤਾਂ ਨਰੋਏ ਸਮਾਜ ਦੀ ਸਿਰਜਣਾ ਹੋਵੇਗੀ ਅਤੇ ‘ਫਾਦਰ’ਜ਼ ਡੇਅ’ ਮਨਾਉਣ ਦਾ ਮਕਸਦ ਪੂਰਾ ਹੋਵੇਗਾ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਅਤੇ ਸੋਨੀਆਂ ਝਿੱਕਾ ਅਤੇ ਮਨਜੀਤ ਝਿੱਕਾ ਨੇ ਕਿਹਾ ਕਿ ਉਨਾਂ ਨੇ ਪਿਛਲੇ ਵਰੇ ਇਸ ਪ੍ਰੋਗਰਾਮ ਦੀ ਸ਼ੁਰੂਆਤ ‘ਫਾਦਰ’ਜ਼ ਡੇਅ’ ਮਨਾਉਣ ਦੀ ਸੋਚ ਨਾਲ ਸ਼ੁਰੂਆਤ ਕੀਤੀ ਸੀ ਅਤੇ ਦੂਸਰੇ ਵਰੇ ਜਿੰਨੀ ਵੱਡੀ ਸਫਲਤਾ ਉਨਾਂ ਨੂੰ ਮਿਲੀ ਹੈ ਉਹ ਬਾਗੋ ਬਾਗ ਹੀ ਨਹੀਂ ਹਨ ਸਗੋਂ ਅਗਲੇ ਵਰਿਆਂ ਵਿਚ ਇਸ ਮਹੱਤਵਪੂਰਨ ਦਿਵਸ ਨੂੰ



**ਬਾਕੀ ਸਫ਼ਾ 29 ’ਤੇ**

# ਕਬੱਡੀ ਖੇਡ ’ਤੇ ਪਾਬੰਦੀ ਲਾਉਣ ਨਾਲੋਂ ਇਸ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾਣ : ਗਾਖਲ

**ਵਾਟਸਨਵਿੱਲ/ਬਿਊਰੋ ਨਿਊਜ਼ :** ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੁਆਲੇ ਮੰਡਰਾਉਂਦੇ ਕਾਲੇ ਬੱਦਲ ਅਤੇ ਇਸ ਖੇਡ ’ਤੇ ਪਾਬੰਦੀਆਂ ਲਾਉਣ ਦੀਆਂ ਕਨਸੋਆਂ ਤੋਂ ਡਾਢੇ ਚਿੰਤਤ ਪਿਛਲੇ 25 ਸਾਲ ਤੋਂ ਕਬੱਡੀ ਨੂੰ ਪ੍ਰਮੋਟ ਕਰਨ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ, ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ ਅਤੇ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਬੇਨਤੀ ਕੀਤੀ ਹੈ ਕਿ ਆਉ ਆਪਾਂ ਰਲ ਕੇ ਕਬੱਡੀ ਦੇ ਉੱਜਲ ਭਵਿਖ ਲਈ ਯਤਨ ਕਰੀਏ । ਅਜਿਹਾ ਕੁਝ ਨਾ ਕੀਤਾ ਜਾਵੇ ਜੋ ਉਨ੍ਹਾਂ ਲੱਖਾਂ ਦਰਸ਼ਕਾਂ ਅਤੇ ਹਜ਼ਾਰਾਂ ਕਬੱਡੀ ਖਿਡਾਰੀਆਂ ਨੂੰ ਨਿਰਾਸ਼ ਕਰੇ, ਜਿਨ੍ਹਾਂ ਦਾ ਕੋਈ ਕਸੂਰ ਹੀ ਨਾ ਹੋਵੇ। ਉਨ੍ਹਾਂ ਕਿਹਾ ਕਿ ਉਹ ਡਰੱਗ ਦੇ ਪੂਰੀ ਤਰ੍ਹਾਂ ਖਿਲਾਫ ਹਨ ਤੇ ਡਰੱਗੀ ਖਿਡਾਰੀਆਂ ਨੂੰ ਸੱਚੀਂ ਮੁੱਚੀਂ ਹੀ ਕਬੱਡੀ ਜਗਤ ਤੋਂ ਪਰ੍ਹੇ ਕਰ ਦੇਣਾ ਚਾਹੀਦਾ ਹੈ। ਜੋ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਕਰਦੇ ਹਨ, ਉਹ ਮਾਂ ਖੇਡ ਕਬੱਡੀ ਲਈ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹਨ। ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ, ਸੰਸਥਾਵਾਂ ਅਤੇ ਖੇਡ ਪ੍ਰੋਮੋਟਰਾਂ, ਕਲੱਬਾਂ ਨੂੰ ਸਨਿਮਰ ਬੇਨਤੀ ਕਰਦਿਆਂ ਕਿਹਾ ਕਿ ਜਿਹੜੇ ਖਿਡਾਰੀਆਂ ਦਾ ਡੋਪ ਟੈਸਟ ਪਾਜ਼ਿਟਵ ਆਉਂਦਾ ਹੈ, ਉਨ੍ਹਾਂ ਨੂੰ ਇਕ ਚਿਤਾਵਨੀ ਦੇ ਕੇ ਸਮਾਂਬੱਧ ਹੋ ਕੇ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦਿੱਤਾ ਜਾਵੇ ਤੇ ਇਸ ਦੇ ਬਾਵਜੂਦ ਜੇਕਰ ਉਹ ਖਿਡਾਰੀ ਇਸ ਦਾਗ ਨੂੰ ਧੋ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਹਰਗਿਜ਼ ਕਬੱਡੀ ਦੇ ਖੇਡ ਮੈਦਾਨ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਕਿਉਂਕਿ ਕਬੱਡੀ ਨਾ ਸਿਰਫ ਖਿਡਾਰੀਆਂ ਦੇ ਪਰਿਵਾਰ ਪਾਲਦੀ ਹੈ ਸਗੋਂ ਹਜ਼ਾਰਾਂ ਉਨ੍ਹਾਂ ਲੋਕਾਂ ਨਾਲ ਵੀ ਜੁੜੀ ਹੋਈ ਹੈ, ਜਿਨ੍ਹਾਂ ਨੂੰ ਇਸ ਖੇਡ ਨਾਲ ਰੋਜ਼ੀ ਰੋਟੀ ਨਸੀਬ ਹੁੰਦੀ ਹੈ, ਉਨ੍ਹਾਂ ’ਚ ਕੁਮੈਂਟੇਟਰਾਂ ਤੋਂ ਲੈ ਕੇ ਇਸ ਖੇਡ ਜ਼ਰੀਏ ਵਪਾਰ ਕਰਨ ਵਾਲੇ ਅਦਾਰੇ, ਉਹ ਚਾਹੇ ਸਨਮਾਨ ਚਿੰਨ੍ਹ ਬਣਾਉਣ ਵਾਲੇ ਹੋਣ ਜਾਂ ਗਰਾਊਂਡ ਵਿਚ ਕਲੀ ਪਾਉਣ ਵਾਲੇ ਮਜ਼ਦੂਰ ਹੀ ਕਿਉਂ ਨਾ ਹੋਣ। ਖਿਡਾਰੀ ਬੜੇ ਔਖੇ ਪੈਦਾ ਹੁੰਦੇ ਹਨ, ਇਨ੍ਹਾਂ ਨੂੰ ਰਾਹੇ ਲਿਆਉਣਾ ਅਤੇ ਕੁਰਾਹੇ ਪੈਣ ਤੋਂ ਰੋਕਣਾ ਵੀ ਸਾਡਾ ਹੀ ਫਰਜ਼ ਬਣਦਾ ਹੈ। ਇਹ ਸੰਸਥਾਵਾਂ ਨੂੰ ਆਪਣਾ ਬਣਦਾ ਯੋਗਦਾਨ ਇਸ ਦਾਗ ਨੂੰ ਧੋਣ ਲਈ ਪਾਉਣਾ ਚਾਹੀਦਾ ਹੈ, ਕਿਉਂਕਿ ਕਬੱਡੀ ਨੂੰ ਪ੍ਰਮੋਟ ਕਰਨ ਵਾਲੇ ਲੋਕਾਂ ਵਿਚ ਬਹੁਗਿਣਤੀ ਬਿਜ਼ਨਸਮੈਨਾਂ ਦੀ ਹੈ। ਉਨ੍ਹਾਂ ਤਰਕ ਦਿੱਤਾ ਕਿ ਜੇ ਇਕ ਇੰਪਲਾਈ ਕੋਈ ਗਲਤੀ ਕਰਦਾ ਹੈ ਤਾਂ ਕੰਪਨੀ ਬੰਦ ਨਹੀਂ ਕੀਤੀ ਜਾਂਦੀ ਤੇ ਨਾ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਆਪਣੇ ਛੋਟੇ ਭਰਾ ਇਕਬਾਲ ਸਿੰਘ ਗਾਖਲ ਨਾਲ, ਸਾਂਝੇ ਬਿਆਨ ’ਚ ਕਿਹਾ, ਕਿ ਲੱਖਾਂ ਦਰਸ਼ਕਾਂ ਦੇ ਚਾਵਾਂ ਨਾਲ ਕਬੱਡੀ ਜੁੜੀ ਹੋਈ ਹੈ ਤੇ ਆਪਾਂ ਖੇਡ ਮੈਦਾਨ ਨੂੰ ਸੁੰਨਾ ਨਾ ਹੋਣ ਦੇਈਏ, ਸਗੋਂ ਉਨ੍ਹਾਂ ਕੁਰੀਤੀਆਂ ਅਤੇ ਅਲਾਮਤਾਂ ਨੂੰ ਗਲੋਂ ਲਾਹੁਣ ਦਾ ਯਤਨ ਕਰੀਏ ਜੋ ਕਬੱਡੀ ਦੇ ਰਾਹ ਵਿਚ ਰੋੜਾ ਬਣੀਆਂ ਹੋਈਆਂ ਹਨ। ਜੇਕਰ ਕਬੱਡੀ ਤੇ ਰੋਕਾਂ ਲੱਗਣਗੀਆਂ ਤਾਂ ਹਜ਼ਾਰਾਂ ਨੌਜਵਾਨਾਂ ਦਾ ਉਤਸ਼ਾਹ ਡੁੱਬੇਗਾ, ਪੰਜਾਬ ਦੀ ਜਵਾਨੀ ਤਾਂ ਪਹਿਲਾਂ ਹੀ ਨਸ਼ਿਆਂ ਦੇ ਰਹਿ ਪਈ ਹੋਈ ਹੈ ਤੇ ਕੁਝ ਬੇਕਸੂਰ ਕਬੱਡੀ ਖਿਡਾਰੀਆਂ ਨੂੰ ਵੀ ਇਸ ਦਾ ਬਿਨਾ ਗੁਨਾਹ ਖਮਿਆਜ਼ਾ ਭੁਗਤਣਾ ਪਵੇਗਾ। ਗਾਖਲ ਭਰਾਵਾਂ ਨੇ ਸਮੁੱਚੇ ਕੱਬਡੀ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਅਜਿਹੀ ਗਲਤੀ ਨਾ ਕਰੀਏ ਜਿਸ ਨਾਲ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਜਵਾਬ ਦੇਣਾ ਔਖਾ ਹੋ ਜਾਵੇ, ਸਗੋਂ ਅਜਿਹੇ ਫੈਸਲੇ ਲਈਏ ਜਿਸ ਨਾਲ ਕਬੱਡੀ ਨੂੰ ਡਰੱਗ ਦਾ ਚਿੰਬੜਿਆ ਕੋਹੜ ਹਮੇਸ਼ਾ ਲਈ ਖਤਮ ਕਰ ਸਕੀਏ। ਬਿਮਾਰੀਆਂ ਦੇ ਇਲਾਜ ਕੀਤੇ ਜਾਂਦੇ ਹਨ, ਮਰੀਜ਼ ਨੂੰ ਮਾਰਿਆ ਨਹੀਂ ਜਾਂਦਾ।





ਯੂਨਾਈਟਡ ਸਪੋਰਟਸ ਕਲੱਬ ਦੇ ਵਿੱਤ ਸਕੱਤਰ ਅਤੇ ਕਬੱਡੀ ਦੇ ਗੰਭੀਰ ਚਿੰਤਕ ਸ. ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਕਬੱਡੀ ਵਿਚ ਦਾਖਲ ਹੋ ਚੁੱਕੇ ਨਸ਼ੇ ਦੇ ਖਿਲਾਫ ਝੰਡਾ ਤਾਂ ਬੁਲੰਦ ਕਰਨਾ ਚਾਹੀਦਾ ਹੈ ਪਰ ਸਾਰੇ ਖਿਡਾਰੀਆਂ ਨੂੰ ਇੱਕੋ ਰੱਸੇ ਨਹੀਂ ਬੰਨ੍ਹਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਹੜੇ ਖਿਡਾਰੀ ਨਸ਼ਾ ਨਹੀਂ ਕਰਦੇ ਉਨ੍ਹਾਂ ਨੂੰ ਖੇਡਣ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਤਾਂ ਜੋ ਉਹ ਨਸ਼ਾ ਕਰਨ ਵਾਲੇ ਖਿਡਾਰੀਆਂ ਲਈ ਚਾਨਣ ਮੁਨਾਰਾ ਬਣ ਸਕਣ। ਉਨ੍ਹਾਂ ਆਸ ਪ੍ਰਗਟਾਈ ਕਿ ਵਿਸ਼ਵ ਭਰ ਦੇ ਕਬੱਡੀ ਪ੍ਰਸ਼ੰਸ਼ਕ, ਪ੍ਰਮੋਟਰ, ਸੰਸਥਾਵਾਂ ਅਤੇ ਕਲੱਬਾਂ ਦੇ ਮੁਖੀ ਸਾਡੀਆਂ ਇਨ੍ਹਾਂ ਬੇਨਤੀਆਂ ਵੱਲ ਧਿਆਨ ਜ਼ਰੂਰ ਦੇਣਗੇ ਅਤੇ ਗੰਭੀਰਤਾ ਨਾਲ ਵਿਚਾਰ ਕਰਨਗੇ।








Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਗੁਰੂ ਅਰਜਨ ਦੇਵ ਅਤੇ ਸਮੂਹ ਸ਼ਹੀਦਾਂ ਦੀ ਯਾਦ 'ਚ ਖ਼ੂਨਦਾਨ ਕੈਂਪ



**ਫਰੀਮੌਂਟ : ਏ.ਟੀ. ਨਿਊਜ਼ :** ਧੰਨ ਧੰਨ ਗੁਰੂ ਅਰਜਨ ਦੇਵ ਤੇ ਸਮੂਹ ਸ਼ਹੀਦਾਂਦੀ ਯਾਦ ਵਿਚ ਰੱਖੇ ਖ਼ੂਨ ਦਾਨ ਕੈਂਪ ਵਿਚ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਆਪਣੇ ਸ਼ਹੀਦਾਂ ਨੂੰ ਯਾਦ ਕਰਦਿਆਂ ਖ਼ੂਨ ਦਾਨ ਕੀਤਾ। Vitalant ਵਾਲੇ 44 ਦਾਨੀਆਂ ਦਾ ਟੀਚਾ ਲੈ ਕੇ ਆਏ ਸਨ ਪਰ ਗੁਰੂ ਸਾਹਿਬ ਦੀ ਬਖਸ਼ਸ ਸਦਕਾ 75 ਪ੍ਰਾਣੀਆਂ ਦਾ ਖ਼ੂਨ ਲੈ ਕੇ ਗਏ ਜਿਹੜਾ ਕਿ ਸਫਲ ਰਿਹਾ। Gurdwara Sahib Fremont ਅਤੇ Sikhs for Humanity ਆਪ ਸਮੂਹ ਸੰਗਤਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ, ਗੁਰੂ ਸਾਹਿਬ ਆਪ ਸਮੂਹ ਸੰਗਤਾਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਣ ਚੜ੍ਹਦੀ ਕਲਾ ਬਖਸਣ ਅਤੇ ਅੱਗੇ ਤੋਂ ਵੀ ਇਸੇ ਤਰਾਂ ਸੇਵਾ ਲੈਂਦੇ ਰਹਿਣ ਤੇ ਛਬੀਲ ਦੀ ਸੇਵਾ ਕਰਨ ਵਾਲੇ ਸਾਰੇ ਸਿੰਘਾਂ ਦਾ ਵੀ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਨੇ ਬੜੇ ਪਿਆਰ ਨਾਲ ਸਾਰਾ ਦਿਨ ਸੰਗਤਾਂ ਦੀ ਸੇਵਾ ਕੀਤੀ ਕੀਤੀ। ਗੁਰੂ ਸਾਹਿਬ ਸਾਰੇ ਸਿੰਘਾਂ ਨੂੰ ਵੀ ਚੜ੍ਹਦੀ ਕਲਾ ਬਖਸ਼ਣ ਤੇ ਸਿੰਘਾਂ ਦੀ ਇਸੇ ਤਰ੍ਹਾਂ ਏਕਤਾ ਬਣਾਈ ਰੱਖਣ।

# ਕਰਤਾਰਪੁਰ ਲਾਂਘੇ ਨੂੰ ਲੈ ਕੇ ਪਾਕਿ ਤੇ ਭਾਰਤ ਦੀ ਇਲਜ਼ਾਮਤਰਾਸ਼ੀ ਜਾਰੀ

### ✪ ਪਾਕਿ ਦੀ ਸ਼ਰਤ ਹੈ ਕਿ ਸ਼ਰਧਾਲੂ ਵਿਸ਼ੇਸ਼ ਪਰਮਿਟ ਲੈ ਕੇ ਆਉਣ, ਪਰ ਭਾਰਤ ਨੇ ਕੀਤਾ ਵਿਰੋਧ

**ਨਵੀਂ ਦਿੱਲੀ/ਏਟੀ ਨਿਊਜ਼ :** ਕਰਤਾਰਪੁਰ ਲਾਂਘੇ ਨੂੰ ਲੈ ਕੇ ਭਾਰਤ-ਪਾਕਿ ਵਿਚਾਲੇ ਸ਼ਰਧਾਲੂਆਂ ਬਾਰੇ ਨੇਮਾਂ ਨੂੰ ਲੈ ਕੇ ਕੋਈ ਸਹਿਮਤੀ ਨਹੀਂ ਬਣੀ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਚਾਲੂ ਕਰਨ ਲਈ ਕਈ ਸ਼ਰਤਾਂ ਲਾ ਦਿੱਤੀਆਂ ਹਨ। ਇਸ ਤੋਂ ਇਲਾਵਾ ਪਾਕਿਸਤਾਨ ਨੇ ਭਾਰਤ ਵੱਲੋਂ ਪੇਸ਼ ਕੀਤੀਆਂ ਸਾਰੀਆਂ ਪੇਸ਼ਕਸ਼ਾਂ ਦਾ ਵਿਰੋਧ ਕੀਤਾ ਹੈ। ਪਾਕਿਸਤਾਨ ਦੇ ਅਧਿਕਾਰੀ ਇਸ ਗੱਲ ਉੱਤੇ ਜ਼ੋਰ ਦੇ ਰਹੇ ਹਨ ਕਿ ਇੱਕ ਦਿਨ ਵਿੱਚ ਸਿਰਫ਼ 700 ਸ਼ਰਧਾਲੂਆਂ ਨੂੰ ਹੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪਾਕਿ ਦੀ ਸ਼ਰਤ ਹੈ ਕਿ ਸ਼ਰਧਾਲੂ ਵਿਸ਼ੇਸ਼ ਪਰਮਿਟ ਲੈ ਕੇ ਆਉਣ ਤੇ ਵੀਜ਼ਾ ਫੀਸ ਵੀ ਅਦਾ ਕਰਨ ਜਦੋਂ ਕਿ ਭਾਰਤ ਚਾਹੁੰਦਾ ਹੈ ਕਿ ਇਹ ਯਾਤਰਾ ਵੀਜ਼ੇ ਤੋਂ ਬਿਨਾ ਤੇ ਬਿਨਾ ਫੀਸ ਦੇ ਹੀ ਹੋਣੀ ਚਾਹੀਦੀ ਹੈ।



ਭਾਰਤ ਚਾਹੁੰਦਾ ਹੈ ਕਿ ਲਾਂਘਾ ਹਫ਼ਤੇ ਵਿੱਚ ਸੱਤ ਦਿਨ ਤੇ ਸਾਰਾ ਸਾਲ ਖੁੱਲ੍ਹਾ ਰਹਿਣਾ ਚਾਹੀਦਾ ਹੈ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਲਾਂਘਾ ਵਿਸ਼ੇਸ਼ ਤੈਅ ਦਿਨਾਂ ਉੱਤੇ ਹੀ ਖੁੱਲ੍ਹਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਦਿਨਾਂ ਉੱਤੇ ਦਸ ਹਜ਼ਾਰ ਤੱਕ ਸ਼ਰਧਾਲੂ ਭੇਜਣ ਦੀ ਤਜ਼ਵੀਜ ਵੀ ਪਾਕਿਸਤਾਨ ਨੇ ਨਹੀਂ ਮੰਨੀ। ਭਾਰਤ ਨੇ ਤਜ਼ਵੀਜ ਦਿੱਤੀ ਸੀ ਕਿ ਦਰਸ਼ਨ ਕਰਨ ਜਾਣ ਲਈ ਸ਼ਰਧਾਲੂਆਂ ਨੂੰ ਵਿਅਕਤੀਗਤ ਤੇ ਜਥਿਆਂ ਦੋਵਾਂ ਰੂਪਾਂ ਵਿੱਚ ਹੀ ਆਗਿਆ ਦਿੱਤੀ ਜਾਵੇ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਵਿਅਕਤੀਗਤ ਤੌਰ ਉੱਤੇ ਆਗਿਆ ਨਹੀਂ ਦਿੱਤੀ ਜਾ ਸਕਦੀ ਤੇ ਜੱਥਾ ਵੀ ਘੱਟੋ ਘੱਟ 15 ਵਿਅਕਤੀਆਂ ਦਾ ਹੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪਾਕਿਸਤਾਨ, ਭਾਰਤ ਦੀ ਰਾਵੀ ਦਰਿਆ ਉੱਤੇ ਪੁਲ ਉਸਾਰਨ ਦੀ ਤਜ਼ਵੀਜ ਨਾਲ ਵੀ ਸਹਿਮਤ ਨਹੀਂ ਹੈ ਤੇ ਨਾ ਹੀ ਭਾਰਤ ਦੇ ਵੱਲੋਂ ਸ਼ਰਧਾਲੂਆਂ ਦੀ ਪੈਦਲ ਜਾਣ ਦੀ ਤਜ਼ਵੀਜ ਬਾਰੇ ਉਸ ਵੱਲੋਂ ਕੋਈ ਹੁੰਗਾਰਾ ਭੇਜਿਆ ਗਿਆ ਹੈ। ਸਰਕਾਰੀ ਅਧਿਕਾਰੀਆਂ ਨੇ ਕਿਹਾ ਹੈ ਕਿ ਭਾਵੇਂ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਪ੍ਰਤੀ ਨਾਮਿਲਵਰਤਨ ਵਾਲੀ ਨੀਤੀ ਅਪਣਾਈ ਜਾ ਰਹੀ ਹੈ ਪਰ ਫਿਰ ਵੀ ਭਾਰਤ ਲਾਂਘੇ ਦੀ ਉਸਾਰੀ ਲਈ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਤੈਅਸ਼ੁਦਾ ਤਰੀਕ 12 ਨਵੰਬਰ 2019 ਤੋਂ ਪਹਿਲਾਂ ਲਾਂਘਾ ਤਿਆਰ ਕਰਨ ਲਈ ਵਚਨਬੱਧ ਹੈ।

## ਨਨਕਾਣਾ ਸਾਹਿਬ 'ਚ ਬਣੇਗਾ ਸਭ ਤੋਂ ਖ਼ੂਬਸੂਰਤ ਰੇਲਵੇ ਸਟੇਸ਼ਨ

**ਅੰਮ੍ਰਿਤਸਰ/ਏਟੀ ਨਿਊਜ਼ :** ਪਾਕਿਸਤਾਨ ਵਿਚ ਭਾਰੀ ਉਤਸ਼ਾਹ ਨਾਲ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ ਨੂੰ ਦਿਲਖਿੱਚਵਾਂ ਰੂਪ ਦਿੱਤਾ ਜਾਵੇਗਾ ਅਤੇ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਆਧੁਨਿਕ ਢੰਗ ਨਾਲ ਉਸਾਰਿਆ ਜਾ ਰਿਹਾ ਇਹ ਰੇਲਵੇ ਸਟੇਸ਼ਨ ਪਾਕਿਸਤਾਨ ਦਾ ਸਭ ਤੋਂ ਖ਼ੂਬਸੂਰਤ ਤੇ ਵਿਸ਼ਾਲ ਸਟੇਸ਼ਨ ਹੋਵੇਗਾ। ਇਹ ਜਾਣਕਾਰੀ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ੍ਰੀ ਨਨਕਾਣਾ ਸਾਹਿਬ ਵਿਚ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਧਾਰਮਿਕ ਸੈਰ-ਸਪਾਟਾ ਤੇ ਹੈਰੀਟੇਜ ਕਮੇਟੀ ਦੇ ਮੁਖੀ ਅਤੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਦਿੱਤੀ। ਇਸ ਮੌਕੇ ਪ੍ਰੋ. ਕਲਿਆਣ ਸਿੰਘ ਕਲਿਆਣ, ਸ. ਭੁਪਿੰਦਰ ਸਿੰਘ ਲਵਲੀ, ਗਵਰਨਰ ਦੇ ਜਨ ਸੰਪਰਕ ਅਧਿਕਾਰੀ ਪਵਨ ਸਿੰਘ ਅਰੋੜਾ, ਗੋਪਾਲ ਸਿੰਘ ਚਾਵਲਾ ਆਦਿ ਵੀ ਹਾਜ਼ਰ ਸਨ। ਗਵਰਨਰ ਨੇ ਗੁਰਦੁਆਰਾ ਸਾਹਿਬ ਪਹੁੰਚਣ 'ਤੇ ਹਾਜ਼ਰ ਸੰਗਤ ਵਿਚ ਬੈਠ ਕੇ ਲੰਗਰ ਛਕਿਆ ਤੇ ਉੱਥੇ ਨਤਮਸਤਕ ਹੋਣ ਤੋਂ ਬਾਅਦ ਲੰਗਰ ਹਾਲ ਦੀ ਚੱਲ ਰਹੀ ਉਸਾਰੀ, ਸਰਾਵਾਂ ਅਤੇ ਜੋੜਾ ਘਰ ਆਦਿ ਸਮੇਤ ਹੋਰ ਇੰਤਜ਼ਾਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਪਾਕਿ ਸਥਿਤ ਗੁਰਦੁਆਰਿਆਂ ਅਤੇ ਮੰਦਰਾਂ ਦੀ ਭੂਮੀ 'ਤੇ ਕਬਜ਼ਾ ਕਰ ਕੇ ਬੈਠੇ ਲੋਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਕਬਜ਼ੇ ਜਲਦੀ ਨਾ ਹਟਾਏ ਗਏ ਤਾਂ ਕਬਜ਼ਾਧਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।










# ਸੰਯੁਕਤ ਰਾਸ਼ਟਰ ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਬਣਾਏਗਾ

- ਗੁਰੂ ਨਗਰੀ ਦਾ ਦੌਰਾ ਕਰੇਗੀ ਟੀਮ
- ਗੁਰੂ ਗਰਾਮ ਤੇ ਵਾਰਾਨਸੀ ਵੀ ਪ੍ਰਦੂਸ਼ਣ ਮੁਕਤ ਬਣਨਗੇ
- ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆਵਲ ਭਰਪੂਰ ਬਣਾਉਣ ਲਈ ਬਣਾਈ ਯੋਜਨਾ
- ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ-ਸਾਲਾ ਉਤਸਵ ਦੇ ਸਬੰਧ ਵਿਚ ਲਗਾਏ ਜਾ ਰਹੇ ਨੇ ਗੁਰੂ ਨਾਨਕ ਸੇਕਰਡ ਫਾਰੈੱਸਟ



**ਜਲੰਧਰ/ਬਿਊਰੋ ਨਿਊਜ਼ :**
ਸੰਯੁਕਤ ਰਾਸ਼ਟਰ ਨੇ ਅੰਮ੍ਰਿਤਸਰ ਸਮੇਤ ਤਿੰਨ ਸ਼ਹਿਰਾਂ ਗੁਰੂ ਗਰਾਮ ਤੇ ਵਾਰਾਨਸੀ ਨੂੰ ਹਵਾ ਦਾ ਪ੍ਰਦੂਸ਼ਣ ਦੂਰ ਕਰਨ ਵਾਲੀ ਆਪਣੀ ਯੋਜਨਾ ਵਿਚ ਸ਼ਾਮਿਲ ਕਰ ਲਿਆ ਹੈ, ਜਿਨ੍ਹਾਂ ਦਾ ਦੌਰਾ ਕਰਕੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਿਸ਼ਨ ਦੀ ਟੀਮ ਨਾ ਸਿਰਫ਼ ਹਵਾ ਦੇ ਪ੍ਰਦੂਸ਼ਣ ਦੇ ਕਾਰਨਾਂ ਦਾ ਪਤਾ ਲਗਾਏਗੀ, ਸਗੋਂ ਉਸ ਨੂੰ ਦੂਰ ਕਰਨ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਜਾਵੇਗੀ। ਮਿਲੀਆਂ ਰਿਪੋਰਟਾਂ ਤੋਂ ਬਾਅਦ ਉਹ ਹੁਣ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਮਿਸ਼ਨ ਟੀਮ ਨੇ ਕੇਂਦਰੀ ਵਾਤਾਵਰਨ ਮੰਤਰਾਲੇ ਸਮੇਤ ਹੋਰ ਵਿਭਾਗਾਂ ਨਾਲ ਮਿਲ ਕੇ ਹਵਾ ਦੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਯੋਜਨਾ ਬਣਾਈ ਹੈ। ਦੇਸ਼ ਦੇ ਤਿੰਨ ਵੱਡੇ ਸ਼ਹਿਰਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਵਿਚ ਅੰਮ੍ਰਿਤਸਰ ਅਤੇ ਵਾਰਾਨਸੀ ਤਾਂ ਇਤਿਹਾਸਕ ਪੱਖੋਂ ਕਾਫ਼ੀ ਅਹਿਮੀਅਤ ਰੱਖਦੇ ਹਨ। ਇਹ ਯੋਜਨਾ ਸੰਯੁਕਤ ਰਾਸ਼ਟਰ ਪਹਿਲਾਂ ਹੀ ਕਈ ਦੇਸ਼ਾਂ ਵਿਚ ਸਫਲਤਾਪੂਰਵਕ ਲਾਗੂ ਕਰ ਚੁੱਕਾ ਹੈ।

ਇਸ ਮਿਸ਼ਨ ਵਿਚ ਸੰਸਾਰ ਦੀਆਂ ਕਈ ਪ੍ਰਸਿੱਧ ਜਥੇਬੰਦੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਟੀਮ ਵਲੋਂ ਪਹਿਲ ਅੰਮ੍ਰਿਤਸਰ ਸ਼ਹਿਰ ਦਾ ਦੌਰਾ ਕਰਕੇ ਸਾਰੀ ਜਾਣਕਾਰੀ ਲਈ ਜਾਵੇਗੀ। ਕੈਪਟਨ ਸਰਕਾਰ ਪਹਿਲਾਂ ਹੀ ਅੰਮ੍ਰਿਤਸਰ ਨੂੰ ਪਲਾਸਟਿਕ ਮੁਕਤ ਕਰਨ ਲਈ ਕਈ ਥਾਵਾਂ 'ਤੇ ਮੱਕੀ ਤੋਂ ਬਣੇ ਲਿਫ਼ਾਫ਼ਿਆਂ ਦੀ ਵਿਕਰੀ ਨੂੰ ਉਤਸ਼ਾਹਿਤ ਕਰ ਰਹੀ ਹੈ।

**ਸ਼੍ਰੋਮਣੀ ਕਮੇਟੀ ਦੀ ਵਾਤਾਵਰਨ ਲਹਿਰ-**

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆਵਲ ਭਰਪੂਰ ਬਣਾਉਣ ਲਈ ਯੋਜਨਾ ਬਣਾਈ ਗਈ ਹੈ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕੰਧਾਂ ਤੇ ਛੱਤਾਂ 'ਤੇ ਲਾਏ ਜਾਣ ਵਾਲੇ ਵੇਲ-ਬੂਟੇ (ਵਰਟੀਕਲ ਗਾਰਡਨ) ਯੋਜਨਾ ਹੇਠ ਪੈਂਤੀ ਹਜ਼ਾਰ ਬੂਟੇ ਲਗਾਏ ਜਾ ਚੁੱਕੇ ਹਨ ਅਤੇ ਰੂਫ਼ ਗਾਰਡਨ (ਛੱਤ ਤੇ ਬਾਗ਼) ਯੋਜਨਾ ਹੇਠ ਵੱਖ ਵੱਖ ਇਮਾਰਤਾਂ 'ਤੇ ਪੌਦੇ ਲਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਵਰਤੇ ਗਏ ਜਲ ਨੂੰ ਬਚਾਉਣ ਅਤੇ ਦੁਬਾਰਾ ਵਰਤਣ ਲਈ ਕਈ ਯੋਜਨਾਵਾਂ ਬਣਾਈਆਂ ਗਈਆਂ ਹਨ। ਕਈ ਹੋਰ ਥਾਵਾਂ 'ਤੇ ਵੀ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ-ਸਾਲਾ ਉਤਸਵ ਦੇ ਸਬੰਧ ਵਿਚ ਗੁਰੂ ਨਾਨਕ ਸੇਕਰਡ ਫਾਰੈੱਸਟ ਲਗਾਏ ਜਾ ਰਹੇ ਹਨ। ਲਹਿੰਦੇ ਪੰਜਾਬ ਵਿਚ ਜਾਪਾਨ ਦੀ ਮੀਆਵਾਕੀ ਤਕਨੀਕ ਨਾਲ ਕਈ ਥਾਵਾਂ 'ਤੇ ਗੁਰੂ ਸਾਹਿਬ ਦੀ ਯਾਦ ਵਿਚ ਛੋਟੇ ਛੋਟੇ ਵਣ/ਬਗ਼ਾਨ ਲਗਾਉਣ ਦੀਆਂ ਤਜਵੀਜ਼ਾਂ ਹਨ। ਮੀਆਵਾਕੀ ਵਿਧੀ ਨਾਲ ਘੱਟ ਤੋਂ ਘੱਟ ਜ਼ਮੀਨ ਵਿਚ ਵੱਧ ਬੂਟੇ ਲਾਏ ਜਾ ਸਕਦੇ ਹਨ ਜਿਹੜੇ ਆਮ ਜੰਗਲਾਂ ਨਾਲੋਂ ਤੀਹ ਗੁਣਾ ਸੰਘਣੇ ਹੁੰਦੇ ਹਨ ਅਤੇ ਦਸ ਗੁਣਾ ਜ਼ਿਆਦਾ ਤੇਜ਼ੀ ਨਾਲ ਵਧਦੇ ਹਨ। ਮਾਹਿਰਾਂ ਅਨੁਸਾਰ ਇਹੋ ਜਿਹੇ ਵਣ/ਬਗ਼ਾਨ ਬਹੁਤ ਘੱਟ ਰਕਬੇ (ਜਿਵੇਂ ਪੰਜ ਮਰਲੇ ਦਾ ਪਲਾਟ) 'ਤੇ ਵੀ ਲਾਏ ਜਾ ਸਕਦੇ ਹਨ। ਇਸ ਸਬੰਧੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਹੋਰ ਬਾਗ਼ਬਾਨੀ ਮਾਹਿਰਾਂ ਦੀ ਰਾਇ ਲਈ ਗਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹਰਿਆਵਲ ਭਰਪੂਰ ਬਣਾਉਣ ਪਿੱਛੇ ਮੁੱਖ ਉਦੇਸ਼ ਇੱਥੇ ਗਰਮੀ ਦੇ ਦਿਨਾਂ ਵਿਚ ਸੰਗਮਰਮਰ ਦੀ ਅੱਖਾਂ ਵਿਚ ਪੈਂਦੀ ਚਮਕ ਅਤੇ ਤਪਸ਼ ਨੂੰ ਰੋਕਣਾ ਹੈ। ਇਸ ਨਾਲ ਕੁਦਰਤ ਪੱਖੀ ਵਾਤਾਵਰਨ, ਪ੍ਰਦੂਸ਼ਣ ਨੂੰ ਰੋਕਣ ਵਿਚ ਮੱਦਦ ਅਤੇ ਹਰਿਆਵਲ ਭਰਪੂਰ ਵਾਤਾਵਰਨ ਬਣੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ ਪਰਿਕਰਮਾ ਦੇ ਵਰਾਂਡਿਆਂ ਦੀਆਂ ਉੱਪਰਲੀਆਂ ਛੱਤਾਂ ਤੋਂ ਹੇਠਾਂ ਵੇਲਾਂ ਲਟਕਾਉਣ ਦੀ ਯੋਜਨਾ ਹੈ ਅਤੇ ਦੂਜੇ ਪੜਾਅ ਵਿਚ ਵਰਾਂਡੇ ਦੀ ਹੇਠਲੀ ਛੱਤ 'ਤੇ ਪੱਕੇ ਬੂਟੇ ਲਾਏ ਜਾਣਗੇ। ਇਹ ਸਾਰੇ ਬੂਟੇ ਇਕੋ ਰੰਗ ਦੇ ਫੁੱਲਾਂ ਵਾਲੇ ਹੋਣਗੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਰੋਕਣ ਲਈ ਯਤਨਸ਼ੀਲ ਹੈ, ਜਿਸ ਤਹਿਤ ਸਮੂਹ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਆਪਣੇ ਚਾਰ ਪਹੀਆ ਵਾਹਨ ਇੱਥੇ ਹਰਿਮੰਦਰ ਸਾਹਿਬ ਲਿਆਉਣੋਂ ਰੋਕ ਦਿੱਤੇ ਗਏ ਹਨ। ਗੁਰੂ ਸਾਹਿਬ ਦਾ ਸਾਢੇ ਪੰਜ ਸੌ-ਸਾਲਾ ਉਤਸਵ ਮਨਾਉਣ ਦਾ ਇਹ ਸਭ ਤੋਂ ਸਵਾਗਤਯੋਗ ਤਰੀਕਾ ਹੈ ਜਿਸ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਪੰਜਾਬ ਨੂੰ ਮੁੜ ਹਰਿਆ-ਭਰਿਆ ਬਣਾਉਣ ਦੀਆਂ ਯੋਜਨਾਵਾਂ ਉਲੀਕੀਆਂ ਜਾ ਸਕਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੁਦਰਤ ਅਤੇ ਵਾਤਾਵਰਨ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦੀ ਬਾਣੀ ਵਿਚ ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਸਮਾਨ ਦੱਸਿਆ ਗਿਆ ਹੈ। ਅੱਜ ਪੰਜਾਬ ਦੀ ਧਰਤੀ ਉੱਤੇ ਪਵਨ, ਪਾਣੀ ਤੇ ਧਰਤੀ ਸਭ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੇ ਹਨ। ਦਰਿਆਵਾਂ, ਨਹਿਰਾਂ ਤੇ ਨਾਲਿਆਂ ਦਾ ਪਾਣੀ ਸ਼ਹਿਰਾਂ ਤੇ ਕਾਰਖ਼ਾਨਿਆਂ ਵਿਚੋਂ ਨਿਕਲਣ ਵਾਲੇ ਮਵਾਦ ਨਾਲ ਦੂਸ਼ਿਤ ਹੋ ਰਿਹਾ ਹੈ। ਇਸ ਸਬੰਧ ਵਿਚ ਸੰਤ ਸੇਵਾ ਸਿੰਘ ਖਡੂਰ ਸਾਹਿਬ ਅਤੇ ਕਈ ਹੋਰ ਜਥੇਬੰਦੀਆਂ ਨੇ ਵੱਡੇ ਕਦਮ ਉਠਾਏ ਹਨ ਪਰ ਇਸ ਲਹਿਰ ਨੂੰ ਅਵਾਮ ਦੀ ਲਹਿਰ ਬਣਾਉਣ ਦੀ ਜ਼ਰੂਰਤ ਹੈ। ਸਾਂਝੇ ਪੰਜਾਬ ਵਿਚ ਰੁੱਖਾਂ ਤੇ ਵਣਾਂ ਹੇਠਲਾ ਰਕਬਾ ਲਗਭਗ 26 ਫ਼ੀਸਦੀ ਸੀ ਜਿਹੜਾ ਘਟ ਕੇ ਹੁਣ ਵਾਲੇ ਪੰਜਾਬ ਵਿਚ ਸਿਰਫ਼ ਦੋ ਫ਼ੀਸਦੀ ਰਹਿ ਗਿਆ ਹੈ ਜਦੋਂ ਕਿ ਮਾਹਿਰਾਂ ਦਾ ਕਹਿਣਾ ਹੈ ਕਿ ਚੰਗੇ ਵਾਤਾਵਰਨ ਲਈ ਚੌਵੀ ਫ਼ੀਸਦੀ ਰਕਬੇ ਵਿਚ ਰੁੱਖਾਂ ਦੀ ਜ਼ਰੂਰਤ ਹੁੰਦੀ ਹੈ।

**ਪੰਜਾਬ 'ਚ ਪਾਣੀ ਦਾ ਸੰਕਟ-**

ਪਾਣੀ ਦੀ ਸਥਿਤੀ ਇਸ ਲਈ ਵੀ ਜ਼ਿਆਦਾ ਗੰਭੀਰ ਹੈ ਕਿ ਝੋਨੇ ਦੀ ਫ਼ਸਲ ਲਈ ਜ਼ਰੂਰਤ ਤੋਂ ਵੱਧ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ। ਪੰਜਾਬ ਵਿਚ ਧਰਤੀ ਹੇਠੋਂ ਪਾਣੀ ਕੱਢਣ ਦੀ ਰਫ਼ਤਾਰ ਏਨੀ ਤੇਜ਼ ਹੈ ਕਿ ਵਾਤਾਵਰਨ ਨਾਲ ਜੁੜੇ ਮਾਹਿਰਾਂ ਅਨੁਸਾਰ ਪੰਜਾਬ ਦੇ ਵੱਡੇ ਹਿੱਸੇ ਦੇ ਰੱਕੜ (ਬੰਜਰ ਭੂਮੀ-ਵੇਸਟ ਲੈਂਡ) ਵਿਚ ਤਬਦੀਲ ਹੋਣ ਦੇ ਖ਼ਦਸ਼ੇ ਹਨ। ਬਦਲ ਨਾ ਹੋਣ ਕਾਰਨ ਕਿਸਾਨ ਝੋਨੇ ਦੀ ਫ਼ਸਲ ਲਾਉਣ ਲਈ ਮਜਬੂਰ ਹਨ ਪਰ ਇਸ ਦੇ ਸਿੱਟੇ ਗੰਭੀਰ ਹੋ ਸਕਦੇ ਹਨ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਸਾਢੇ ਪੰਜ ਸੌ-ਸਾਲਾ ਉਤਸਵ ਮਨਾਉਣ ਸਮੇਂ ਸਾਨੂੰ ਵਾਤਾਵਰਨ ਅਤੇ ਪੰਜਾਬ ਦੀ ਧਰਤੀ ਨੂੰ ਦੁਬਾਰਾ ਹਰਿਆਵਲ ਵੱਲ ਮੋੜਨ ਦੇ ਯਤਨਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

## ਪਾਣੀ ਨੂੰ ਰੀਚਾਰਜ ਕਰਨਾ ਸ਼ੁਰੂ ਕੀਤਾ : ਡਾ. ਰੂਪ ਸਿੰਘ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਧਿਕਾਰੀ ਡਾ. ਰੂਪ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਲਈ ਵਰਤੇ ਜਾਂਦੇ ਸਰੋਵਰ ਦੇ ਜਲ ਨੂੰ ਸੀਵਰੇਜ ਵਿਚ ਰੋਕਣ ਲਈ, ਬਾਰਸ਼ ਦੇ ਪਾਣੀ ਨੂੰ ਬਚਾਉਣ ਲਈ, ਛਬੀਲਾਂ ਦਾ ਪਾਣੀ ਜ਼ਮੀਨ ਵਿਚ ਬੋਰ ਕਰ ਕੇ ਰੀਚਾਰਜ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਲਈ ਛੇ ਬੋਰ ਬਣਾਏ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਵਿਚ ਵੱਖ-ਵੱਖ ਦਿਸ਼ਾਵਾਂ ਵਿਚ ਸੰਗਤ ਦੇ ਪੈਰ ਧੋਣ ਲਈ ਬਣਾਈ ਗਈ ਚਰਨ ਗੰਗਾ ਦਾ ਪਾਣੀ ਵੀ ਇਨ੍ਹਾਂ ਬੋਰਾਂ ਵਿਚ ਪਾ ਕੇ ਬਚਾਇਆ ਜਾਵੇਗਾ। ਭਵਿੱਖ ਵਿਚ ਲੰਗਰ ਦਾ ਵਰਤਿਆ ਹੋਇਆ ਪਾਣੀ ਵੀ ਮੁੜ ਵਰਤੋਂ ਯੋਗ ਬਣਾਉਣ ਦੀ ਯੋਜਨਾ ਹੈ।

## 550 ਸਾਲਾ ਪ੍ਰਕਾਸ਼ ਪੁਰਬ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਸਾਂਝੇ ਤੌਰ 'ਤੇ ਮਨਾਉਣਗੀਆਂ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਇਸ ਵਾਰ ਸਾਂਝੀ ਸਟੇਜ 'ਤੇ ਗੁਰੂ ਨਾਨਕ ਦੇਵ ਜੀ ਜਾ 550ਵਾਂ ਪ੍ਰਕਾਸ਼ ਪੁਰਬ ਮਨਾਉਣਗੀਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕੋ ਸਟੇਜ 'ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੂਬਾਈ ਪੱਧਰ ਦੇ ਸਮਾਗਮ ਮਨਾਉਣ ਸਬੰਧੀ ਬੀਤੇ ਦਿਨੀਂ ਆਪਣੇ ਮੰਤਰੀਆਂ ਨਾਲ ਬੈਠਕ ਕੀਤੀ। ਇਸ ਦੌਰਾਨ ਉਨ੍ਹਾਂ ਮੰਤਰੀਆਂ ਦੇ ਵਫ਼ਦ ਨੂੰ ਸ਼੍ਰੋਮਣੀ ਕਮੇਟੀ ਨਾਲ ਰਾਬਤਾ ਕਾਇਮ ਕਰਨ ਤੇ ਇਸ ਬਾਰੇ ਗੱਲਬਾਤ ਕਰਨ ਦੇ ਨਿਰਦੇਸ਼ ਦਿੱਤੇ। ਕੈਪਟਨ ਨੇ ਇਸ ਇਤਿਹਾਸਿਕ ਮੌਕੇ 'ਤੇ ਸਾਰਥਕ ਤਰੀਕੇ ਨਾਲ ਪ੍ਰਬੰਧ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਸਹਿਯੋਗ ਤੇ ਮਾਰਗ ਦਰਸ਼ਨ ਲੈਣ ਲਈ ਉਨ੍ਹਾਂ ਨੂੰ ਰਸਮੀ ਸੱਦਾ ਭੇਜਣ ਦੇ ਵੀ ਨਿਰਦੇਸ਼ ਦਿੱਤੇ। ਭਾਈ ਲੌਂਗੋਵਾਲ ਨੇ ਵੀ ਪੰਜਾਬ ਸਰਕਾਰ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। ਇਸ ਮੌਕੇ ਮੁੱਖ ਮੰਤਰੀ ਨੇ ਸਮਾਗਮਾਂ ਦੀ ਯਾਦਗਾਰ ਵਜੋਂ ਸੋਨੇ ਚਾਂਦੀ ਦੇ ਸਿੱਕੇ ਵੀ ਲਾਂਚ ਕੀਤੇ। ਇਹ ਸਿੱਕੇ ਆਮ ਲੋਕਾਂ ਲਈ ਵੀ ਉਪਲੱਬਧ ਹੋਣਗੇ। 24 ਕੈਰੇਟ ਸੋਨੇ ਦੇ ਸਿੱਕੇ 5, 10 ਗ੍ਰਾਮ ਤੇ 999 ਪਿਊਰਟੀ ਵਾਲੇ ਚਾਂਦੀ ਦੇ ਸਿੱਕੇ 50 ਗ੍ਰਾਮ ਵਜ਼ਨ ਵਿੱਚ ਉਪਲੱਬਧ ਹਨ। ਇਸੇ ਤਰਾਂ ਚਾਂਦੀ ਦੇ ਸਿੱਕੇ ਵੀ ਉਪਲੱਬਧ ਹੋਣਗੇ। 10 ਗ੍ਰਾਮ ਦੇ ਸੋਨੇ ਦੇ ਸਿੱਕੇ ਦੀ ਕੀਮਤ 37,000 ਰੁਪਏ ਤੇ 5 ਗ੍ਰਾਮ ਸਿੱਕੇ ਦੀ ਕੀਮਤ 18,500 ਰੁਪਏ ਤੇ 50 ਗ੍ਰਾਮ ਚਾਂਦੀ ਦੇ ਸਿੱਕੇ ਦੀ ਕੀਮਤ 2,900 ਰੁਪਏ ਹੈ।

## ਭਗਵੰਤ ਮਾਨ ਨੇ ਸੰਸਦ 'ਚ ਚੁੱਕੇ ਪੰਜਾਬ ਦੇ ਮਸਲੇ

### *ਅਕਾਲੀਆਂ ਨੇ ਗੁਰੂ ਗੋਬਿੰਦ ਸਿੰਘ ਦੀ ਤੁਲਨਾ ਭਗਤ ਸਿੰਘ ਨਾਲ ਕਰਨ ਦੇ ਦੋਸ਼ ਲਗਾਏ*

**ਦਿੱਲੀ/ਏਟੀ ਨਿਊਜ਼ :** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਐਮਪੀ ਭਗਵੰਤ ਮਾਨ ਨੇ ਆਪਣੀ ਪਹਿਲੀ ਹੀ ਸਪੀਚ ਵਿਚ ਖੁੱਲ੍ਹ ਕੇ ਸੰਸਦ ਵਿਚ ਪੰਜਾਬ ਦੇ ਮਸਲੇ ਚੁੱਕੇ ਤੇ ਸਰਕਾਰਾਂ ਦੀਆਂ ਨੀਤੀ ਉਤੇ ਸਵਾਲ ਕੀਤੇ। ਮਾਨ ਨੇ ਸ਼ੁਰੂਆਤ ਕਰਦੇ ਹੋਏ ਆਖਿਆ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਵਿਚ ਹੀ ਬੋਲਣਗੇ। ਉਨ੍ਹਾਂ ਕਿਹਾ ਕਿ ਅਸੀਂ ਚੰਨ ਉਤੇ ਜਾਣ ਦੀਆਂ ਗੱਲਾਂ ਕਰਦੇ ਹਾਂ ਹਨ ਪਰ ਸਾਡੀ ਐਨਡੀਆਰਐਫ 120 ਫੁੱਟ ਡੂੰਘੇ ਬੋਰ ਵਿਚ ਡਿੱਗੇ ਬੱਚੇ ਨੂੰ ਬਾਹਰ ਨਹੀਂ ਕੱਢ ਸਕੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੇ ਰਾਹ ਪੈ ਰਿਹਾ ਹੈ। ਨੌਜਵਾਨ ਰੁਜ਼ਗਾਰ ਲਈ ਵਿਦੇਸ਼ ਵਿਚ ਜਾ ਰਹੇ ਹਨ। ਉਨ੍ਹਾਂ ਮੋਦੀ ਉਤੇ ਵੀ ਖੁੱਲ੍ਹ ਕੇ ਤਵਾ ਲਗਾਇਆ। ਸ਼੍ਰੋਮਣੀ ਅਕਾਲੀ ਦਲ ਨੇ ਸੰਸਦ ਵਿਚ ਗੁਰੂ ਗੋਬਿੰਦ ਸਿੰਘ ਜੀ ਤੁਲਨਾ ਇੱਕ ਮਨੁੱਖ ਨਾਲ ਕਰਨ ਲਈ 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਦੀ ਸਖ਼ਤ ਨਿਖੇਧੀ ਕੀਤੀ ਹੈ। ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਭਗਵੰਤ ਮਾਨ ਨੇ ਇਹ ਕਿਹਾ ਹੈ ਕਿ ਸਿੱਖਾਂ ਦੇ 300 ਸਾਲਾਂ ਦੇ ਇਤਿਹਾਸ ਵਿਚ ਸਿਰਫ ਦੋ ਸ਼ਹੀਦ ਹੋਏ ਹਨ-ਗੁਰੂ ਗੋਬਿੰਦ ਸਿੰਘ ਜੀ ਅਤੇ ਸਰਦਾਰ ਭਗਤ ਸਿੰਘ। ਉਨ੍ਹਾਂ ਕਿਹਾ ਕਿ ਇਸ ਬਿਆਨ ਨੇ ਪੂਰੀ ਦੁਨੀਆ ਵਿਚ ਰਹਿੰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸਾਰੇ ਸਿੱਖਾਂ ਨੂੰ ਇਸ ਗੱਲ ਤੋਂ ਬਹੁਤ ਗਹਿਰੀ ਚੋਟ ਪਹੁੰਚੀ ਹੈ ਕਿ ਮਾਨ ਨੇ ਬੜੀ ਲਾਪਰਵਾਹੀ ਨਾਲ ਗੁਰੂ ਸਾਹਿਬ ਦੀ ਤੁਲਨਾ ਇੱਕ ਮਨੁੱਖ ਨਾਲ ਕਰ ਦਿੱਤੀ ਹੈ। ਇਹ ਟਿੱਪਣੀ ਕਰਦਿਆਂ ਕਿ ਭਗਤ ਸਿੰਘ ਵੱਲੋਂ ਦਿੱਤੀ ਕੁਰਬਾਨੀ ਦਾ ਸਾਰੇ ਬੇਹੱਦ ਸਤਿਕਾਰ ਕਰਦੇ ਹਨ, ਸ. ਗਰੇਵਾਲ ਨੇ ਕਿਹਾ ਕਿ ਪਰ ਭਗਵੰਤ ਮਾਨ ਇਹ ਕਹਿ ਕੇ ਕਿ ਸਿੱਖਾਂ ਦੇ 300 ਸਾਲ ਦੇ ਇਤਿਹਾਸ ਵਿਚ



ਸਿਰਫ ਦੋ ਸ਼ਹੀਦ ਹੋਏ ਹਨ, ਬਾਕੀ ਦੇ ਮਹਾਨ ਸ਼ਹੀਦਾਂ ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸੁਖਦੇਵ, ਰਾਜਗੁਰੂ ਆਦਿ ਦਾ ਅਪਮਾਨ ਨਹੀਂ ਕਰ ਸਕਦਾ। ਅਕਾਲੀ ਆਗੂ ਨੇ ਮਾਨ ਨੂੰ ਤੁਰੰਤ ਸਿੱਖਾਂ, ਪੰਜਾਬੀਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਤੋਂ ਮੁਆਫੀ ਮੰਗਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਅਸੀਂ ਉਸ ਵਿਰੁੱਧ ਪ੍ਰਦਰਸ਼ਨ ਕਰਕੇ ਉਸ ਨੂੰ ਮੁਆਫੀ ਮੰਗਣ ਲਈ ਮਜਬੂਰ ਕਰ ਦਿਆਂਗੇ।

## ਅਕਾਲੀ ਆਗੂ ਦਾ ਗੋਲੀਆਂ ਮਾਰ ਕੇ ਕਤਲ

**ਰਈਆ/ਏਟੀ ਨਿਊਜ਼ :** ਹਲਕਾ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਅਕਾਲੀ ਆਗੂ, ਖੇਤੀਬਾੜੀ ਸਹਿਕਾਰੀ ਸੁਸਾਇਟੀ ਸੁਧਾਰ ਰਾਜਪੂਤਾਂ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਵਿਧਾਇਕ ਮਨਜਿੰਦਰ ਸਿੰਘ ਕੰਗ ਦੇ ਨਜ਼ਦੀਕੀ ਸਾਥੀ ਜਸਬੀਰ ਸਿੰਘ ਜੱਸ ਸੁਧਾਰ ਰਾਜਪੂਤਾਂ ਦੀ ਉਨ੍ਹਾਂ ਦੇ ਪਿੰਡ ਦੇ ਬਾਹਰਵਾਰ ਦੋ ਨਕਾਬਪੋਸ਼ਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੀ ਪਤਨੀ ਬਲਵਿੰਦਰ ਕੌਰ ਤੇ ਲੜਕੇ ਨਵਰਾਜ ਸਿੰਘ ਨੇ ਦੱਸਿਆ ਕਿ ਉਹ ਉਸ ਸਮੇਂ ਆਪਣੇ ਟਰੈਕਟਰ ਨਾਲ ਝੋਨੇ ਦੀ ਬਿਜਾਈ ਲਈ ਕੱਦੂ ਕਰਕੇ ਆਪਣੇ ਨੌਕਰਾਂ ਗੁਰਪ੍ਰੀਤ ਸਿੰਘ ਤੇ ਦੇਸ ਰਾਜ ਨਾਲ ਘਰ ਨੂੰ ਆ ਰਿਹਾ ਸੀ। ਉਨ੍ਹਾਂ ਦੇ ਨਾਲ ਬੈਠਾ ਦੇਸ ਰਾਜ ਵੀ ਪੱਟ ਵਿਚ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ, ਜਿਸ ਨੂੰ ਅੰਮ੍ਰਿਤਸਰ ਦੇ ਕਿਸੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਨੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੋਦੀ ਸਰਕਾਰ ਦੌਰਾਨ ਭਾਰਤ 'ਚ ਘੱਟ ਗਿਣਤੀ ਕੌਮਾਂ 'ਤੇ ਵਧੇ ਹਮਲੇ

- ਭਗਵੇਂਵਾਦੀ ਅਮਰੀਕੀ ਰਿਪੋਰਟ ਤੋਂ ਤੜਫ਼ੇ, ਮੋਦੀ ਸਰਕਾਰ ਨੇ ਕੀਤਾ ਇਤਰਾਜ਼
- ਝਾਰਖੰਡ ਵਿੱਚ ਭੀੜ ਦੇ ਹੱਥੋਂ ਕੁੱਟੇ ਗਏ ਮੁਸਲਮਾਨ ਨੌਜਵਾਨ ਦੀ ਮੌਤ
- ਪੀੜਤ ਮੁਸਲਮਾਨ ਪਰਿਵਾਰ ਨੇ ਦੱਸੀ ਦਿਲ ਕੰਬਾਊ ਕਹਾਣੀ



**ਨਵੀਂ ਦਿੱਲੀ/ਏਟੀ ਨਿਊਜ਼ :**
ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਭਾਰਤੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਕਾਸ਼ਿਤ ਧਾਰਮਿਕ ਸੁਤੰਤਰਤਾ ਰਿਪੋਰਟ-2018 ਵਿੱਚ ਇਲਜ਼ਾਮ ਲਾਇਆ ਗਿਆ ਹੈ ਕਿ ਭਾਰਤ ਵਿੱਚ ਕੱਟੜ ਹਿੰਦੂ ਸੰਗਠਨਾਂ ਵੱਲੋਂ ਘੱਟ ਗਿਣਤੀ ਲੋਕਾਂ 'ਤੇ ਪਿਛਲੇ ਪੂਰੇ ਸਾਲ ਹਮਲੇ ਕੀਤੇ ਗਏ। ਹਾਲਾਂਕਿ ਭਾਰਤ ਨੇ ਰਿਪੋਰਟ ਨੂੰ ਸਿਰਿਓਂ ਖਾਰਜ ਕਰ ਦਿੱਤਾ ਹੈ। ਹੁਣ ਇਸ ਰਿਪੋਰਟ 'ਤੇ ਟਿੱਪਣੀਆਂ ਦਾ ਦੌਰ ਜਾਰੀ ਹੈ। ਇਸ ਰਿਪੋਰਟ 'ਤੇ ਪ੍ਰਤੀਕ੍ਰਿਆ ਦਿੰਦਿਆਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਰਿਪੋਰਟ ਦਾ ਕੋਈ ਆਧਾਰ ਨਹੀਂ। ਇੱਥੇ ਸਾਰੇ ਨਾਗਰਿਕਾਂ ਨੂੰ ਸੰਵਿਧਾਨਿਕ ਤੌਰ 'ਤੇ ਮੂਲ ਅਧਿਕਾਰ ਦਿੱਤੇ ਗਏ ਹਨ ਤੇ ਇਨ੍ਹਾਂ ਵਿੱਚ ਘੱਟ ਗਿਣਤੀ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਬੀਜੇਪੀ ਨੇ ਇਸ ਰਿਪੋਰਟ ਨੂੰ ਨਰੇਂਦਰ ਮੋਦੀ ਸਰਕਾਰ ਤੇ ਬੀਜੇਪੀ ਪ੍ਰਤੀ ਪੱਖਪਾਤ ਨਾਲ ਪ੍ਰੇਰਿਤ ਤੇ ਝੂਠੀ ਦੱਸਿਆ ਸੀ।

**ਭਾਜਪਾ ਰਿਪੋਰਟ ਤੋਂ ਤੜਫੀ-**
ਬੀਜੇਪੀ ਲੀਡਰ ਅਨਿਲ ਬਲੂਨੀ ਨੇ ਕਿਹਾ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਸਥਾਨਕ ਝਗੜਿਆਂ ਤੇ ਅਪਰਾਧਿਕ ਤੱਤਾਂ ਦਾ ਹੱਥ ਹੁੰਦਾ ਹੈ। ਜਦ ਕਦੀ ਵੀ ਲੋੜ ਪਈ, ਪ੍ਰਧਾਨ ਮੰਤਰੀ ਤੇ ਹੋਰ ਪਾਰਟੀ ਲੀਡਰਾਂ ਨੇ ਘੱਟ ਗਿਣਤੀ ਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਖ਼ਿਲਾਫ਼ ਹੋਈ ਹਿੰਸਾ ਦੀ ਜ਼ੋਰਦਾਰ ਅਲੋਚਨਾ ਕੀਤੀ ਹੈ।
ਹਾਲਾਂਕਿ ਭਾਜਪਾ ਦੇ ਵੇਲੇ ਦੇ ਸਾਂਸਦ ਵਿਨੈ ਕਟਿਆਰ ਨੇ 7 ਫ਼ਰਵਰੀ ਨੂੰ ਕਿਹਾ ਸੀ ਕਿ ਮੁਸਲਮਾਨਾਂ ਦਾ ਭਾਰਤ ਵਿੱਚ ਕੋਈ ਕੰਮ ਨਹੀਂ। ਉਨ੍ਹਾਂ ਨੂੰ ਬੰਗਲਾਦੇਸ਼ ਜਾਂ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਨਵੰਬਰ 2018 ਤੱਕ ਭੀੜਾਂ ਨੇ 18 ਹਮਲੇ ਕੀਤੇ, ਜਿਨ੍ਹਾਂ ਵਿਚ 8 ਲੋਕ ਮਾਰੇ ਗਏ।
ਜੂਨ 2018 ਨੂੰ ਭੀੜ ਨੇ ਯੂ ਪੀ ਦੇ ਹਾਪੁੜ ਵਿਚ ਇੱਕ ਬੰਦੇ ਦੀ ਗਊ ਹੱਤਿਆ ਦੀ ਅਫ਼ਵਾਹ ਦੇ ਚੱਲਦਿਆਂ ਹੱਤਿਆ ਕਰ ਦਿੱਤੀ। ਬੁਲੰਦ ਸ਼ਹਿਰ ਵਿਚ ਕਥਿਤ ਗਊ ਹੱਤਿਆ ਤੋਂ ਭੜਕੀ ਭੀੜ ਨੇ ਪੁਲਸ ਇੰਸਪੈਕਟਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਜਨਵਰੀ 2018 ਵਿੱਚ ਕਠੂਆ ਇਲਾਕੇ ਵਿੱਚ ਘੱਟਗਿਣਤੀ ਬਕਰਵਾਲ ਭਾਈਚਾਰੇ ਦੀ 8 ਸਾਲ ਦੀ ਕੁੜੀ ਨੂੰ ਅਗਵਾ ਕਰਕੇ ਕਈ ਦਿਨ ਹਵਸ ਦਾ ਸ਼ਿਕਾਰ ਬਣਾ ਕੇ ਕਤਲ ਕਰ ਦਿੱਤਾ ਗਿਆ। ਰਿਪੋਰਟ ਮੁਤਾਬਕ ਸੱਤਾ ਨਾਲ ਜੁੜੇ ਲੋਕਾਂ ਨੇ ਅਪਰਾਧੀਆਂ ਵਿਰੁੱਧ ਕਾਰਵਾਈ ਵਿੱਚ ਅੜਿੱਕੇ ਡਾਹੇ। ਭਾਜਪਾ ਆਗੂਆਂ 'ਤੇ ਫਿਰਕੂ ਸਿਆਸਤ ਕਰਨ ਦੇ ਦੋਸ਼ ਵੀ ਲੱਗੇ।
ਅਮਰੀਕੀ ਰਿਪੋਰਟ ਵਿੱਚ ਭਾਰਤੀ ਗ੍ਰਹਿ ਮੰਤਰਾਲੇ ਵੱਲੋਂ 6 ਫ਼ਰਵਰੀ ਨੂੰ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਦਾ ਵੀ ਹਵਾਲਾ ਦਿੱਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ 2015 ਤੋਂ 2017 ਤੱਕ ਫਿਰਕੂ ਘਟਨਾਵਾਂ ਵਿੱਚ 9 ਫ਼ੀਸਦੀ ਦਾ ਵਾਧਾ ਹੋਇਆ ਹੈ। 2017 ਵਿੱਚ ਫਿਰਕੂ ਹਿੰਸਾ ਦੇ 822 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚ 111 ਲੋਕ ਮਾਰੇ ਗਏ ਤੇ 2384 ਜ਼ਖ਼ਮੀ ਹੋ ਗਏ।
ਰਾਮ ਸੈਨਾ ਅਸਾਮ ਦਾ ਖੁਦ ਨੂੰ ਬਾਨੀ ਕਹਿਣ ਵਾਲੇ ਦੇਬੋਜੀਤ ਡੇਕਾ ਨੇ ਬੀਤੇ ਮੰਗਲਵਾਰ ਰਾਤ ਇਸ ਟਿੱਪਣੀ ਨਾਲ ਇੱਕ ਵੀਡੀਓ ਪੋਸਟ ਕੀਤੀ ਕਿ ਬਰਪੇਟਾ ਜ਼ਿਲ੍ਹੇ ਦੇ ਰਾਮ ਸੈਨਕਾਂ ਨੇ 'ਪਾਕਿਸਤਾਨ ਜ਼ਿੰਦਾਬਾਦ' ਕਹਿਣ ਵਾਲਿਆਂ ਨੂੰ ਸਬਕ ਸਿਖਾ ਦਿੱਤਾ ਹੈ। ਕੁੱਟ ਦਾ ਸ਼ਿਕਾਰ ਹੋਣ ਵਾਲੇ 8 ਮੁਸਲਮ ਨੌਜਵਾਨਾਂ ਵਿੱਚੋਂ 19 ਸਾਲ ਦੇ ਅਸ਼ਰਫੁਲ ਇਸਲਾਮ ਨੇ ਦੱਸਿਆ ਕਿ ਉਹ ਮੰਗਲਵਾਰ ਰਾਤ ਕਰੀਬ 9 ਵਜੇ ਆਟੋ ਵਿਚ ਜਨੀਆ ਤੋਂ ਬਰਪੇਟਾ ਰੇਲਵੇ ਸਟੇਸ਼ਨ ਜਾ ਰਹੇ ਸੀ, ਜਿੱਥੋਂ ਉਨ੍ਹਾਂ ਵੈਲਡਰ ਦਾ ਕੰਮ ਕਰਨ ਨੇਪਾਲ ਜਾਣਾ ਸੀ। ਰਾਹ ਵਿੱਚ 15-20 ਬੰਦਿਆਂ ਨੇ ਉਨ੍ਹਾਂ ਨੂੰ ਘੇਰ ਕੇ ਨਾਂਅ ਪੁੱਛੇ। ਮੁਸਲਮ ਨਾਂਅ ਹੋਣ 'ਤੇ ਉਨ੍ਹਾ 'ਜੈ ਸ਼੍ਰੀ ਰਾਮ' ਬੋਲਣ ਲਈ ਦਬਕੇ ਮਾਰੇ। ਨਾਂਹ ਕਰਨ 'ਤੇ ਉਨ੍ਹਾਂ 'ਪਾਕਿਸਤਾਨ ਮੁਰਦਾਬਾਦ' ਕਹਿਣ ਲਈ ਜ਼ੋਰ ਪਾਇਆ। ਅਸੀਂ ਇਸ ਤੋਂ ਵੀ ਨਾਂਹ ਕਰ ਦਿੱਤੀ।
ਮੈਂ ਟੋਪੀ ਪਾਈ ਹੋਈ ਸੀ, ਜਿਸ 'ਤੇ 'ਇੰਡੀਆ' ਲਿਖਿਆ ਹੋਇਆ ਸੀ ਤੇ ਮੈਂ ਉਨ੍ਹਾਂ ਨੂੰ ਕਿਹਾ ਵੀ 'ਮੈਂ ਭਾਰਤ ਨੂੰ ਪਿਆਰ ਕਰਦਾ ਹਾਂ'। ਉਨ੍ਹਾਂ ਫਿਰ ਕਿਹਾ ਕਿ 'ਪਾਕਿਸਤਾਨ ਮੁਰਦਾਬਾਦ' ਕਹੋ ਅਤੇ ਉਸ 'ਤੇ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੀ ਖੱਬੀ ਅੱਖ ਫੱਟੜ ਹੋ ਗਈ। ਇਸ ਤੋਂ ਬਾਅਦ ਧਮਕਾਇਆ 'ਪਾਕਿਸਤਾਨ ਮੁਰਦਾਬਾਦ' ਕਹੋ। ਯਾਦ ਰਹੇ ਕਿ ਅਮਰੀਕਾ ਨੇ ਗੁਜਰਾਤ ਵਿੱਚ ਮੁਸਲਮਾਨਾਂ ਖ਼ਿਲਾਫ਼ ਹਿੰਸਾ ਕਾਰਨ 2005 ਵਿੱਚ ਉਸ ਵੇਲੇ ਸੂਬੇ ਦੇ ਮੁੱਖ ਮੰਤਰੀ ਹੁੰਦੇ ਨਰਿੰਦਰ ਮੋਦੀ ਦਾ ਧਾਰਮਿਕ ਅਜ਼ਾਦੀ ਕਾਨੂੰਨ ਤਹਿਤ ਵੀਜ਼ਾ ਰੱਦ ਕਰ ਦਿੱਤਾ ਸੀ।

**ਮੁਸਲਮਾਨ ਦਾ ਕਤਲ-**
"ਉਹ 17 ਜੂਨ ਦੀ ਰਾਤ ਸੀ। ਮੇਰੇ ਸ਼ੌਹਰ ਜਮਸ਼ੇਦਪੁਰ ਪਿੰਡ ਤੋਂ ਵਾਪਸ ਆ ਰਹੇ ਸਨ, ਤੇ ਉਸੇ ਵੇਲੇ ਧਾਤਕੀਡੀਹ ਪਿੰਡ ਵਿਚ ਕੁਝ ਲੋਕਾਂ ਨੇ ਉਨ੍ਹਾਂ ਨੂੰ ਘੇਰ ਲਿਆ। ਚੋਰੀ ਦਾ ਇਲਜ਼ਾਮ ਲਗਾ ਕੇ ਸਾਰੀ ਰਾਤ ਬਿਜਲੀ ਦੇ ਖੰਭੇ ਨਾਲ ਬੰਨੀ ਰੱਖਿਆ। ਨਾ ਬੋਲਣ 'ਤੇ ਮੇਰੇ ਸ਼ੌਹਰ ਨੂੰ ਬਹੁਤ ਕੁੱਟਿਆ।"
"ਸਵੇਰ ਹੋਣ 'ਤੇ ਉਨ੍ਹਾਂ ਨੂੰ ਸਰਾਏਕੇਲਾ ਥਾਣੇ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਕੁੱਟਮਾਰ ਕਰਨ ਵਾਲਿਆਂ 'ਤੇ ਕਾਰਵਾਈ ਦੀ ਥਾਂ ਮੇਰੇ ਸ਼ੌਹਰ ਨੂੰ ਹੀ ਚੋਰੀ ਦੇ ਇਲਜ਼ਾਮ





ਤਹਿਤ ਜੇਲ੍ਹ ਵਿਚ ਭੇਜ ਦਿੱਤਾ। ਉਨ੍ਹਾਂ ਨੂੰ ਕਈ ਗੁੱਝੀਆਂ ਸੱਟਾਂ ਲੱਗੀਆਂ ਸਨ, ਜਿਸ ਕਾਰਨ ਉਨ੍ਹਾਂ ਦਾ ਇੰਤਕਾਲ ਹੋ ਗਿਆ।"
ਸ਼ਾਇਸਤਾ ਪਰਵੀਨ ਦਾ ਕੁਝ ਮਹੀਨੇ ਪਹਿਲਾਂ ਨਿਕਾਹ ਕਦਮਡੀਹ ਪਿੰਡ ਦੇ ਤਬਰੇਜ਼ ਅੰਸਾਰੀ ਨਾਲ ਹੋਇਆ ਸੀ। ਇਹ ਪਿੰਡ ਝਾਰਖੰਡ ਦੇ ਸਰਾਏਕੇਲਾ ਜ਼ਿਲ੍ਹੇ ਦੇ ਖਰਸਾਂਵਾ ਥਾਣੇ ਅਧੀਨ ਪੈਂਦਾ ਹੈ। ਸ਼ਾਇਸਤਾ ਨੇ ਅੱਗੇ ਦੱਸਿਆ, "ਮੈਂ ਪੁਲਿਸ ਨੂੰ ਇਸ ਦੀ ਲਿਖਤੀ ਸ਼ਿਕਾਇਤ ਕੀਤੀ ਹੈ। ਤਬਰੇਜ਼ ਸਿਰਫ਼ 24 ਸਾਲ ਦੇ ਸਨ। ਉਨ੍ਹਾਂ ਦਾ ਕਤਲ ਕੀਤਾ ਗਿਆ ਹੈ। ਇਸ ਮਾਮਲੇ ਵਿਚ ਪੁਲਿਸ ਅਤੇ ਜੇਲ੍ਹ ਪ੍ਰਸ਼ਾਸਨ ਨੇ ਲਾਪਰਵਾਹੀ ਵਰਤੀ ਹੈ। ਇਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।"
ਸਰਾਏਕੇਲਾ ਥਾਣੇ ਦੇ ਇੰਚਾਰਜ ਅਵਿਨਾਸ਼ ਕੁਮਾਰ ਨੇ ਮੀਡੀਆ ਨੂੰ ਕਿਹਾ ਹੈ ਕਿ ਧਾਤਕੀਡੀਹ ਪਿੰਡ ਦੇ ਲੋਕਾਂ ਨੇ ਤਬਰੇਜ਼ ਅੰਸਾਰੀ ਨੂੰ ਚੋਰੀ ਦੇ ਇਲਜ਼ਾਮ ਵਿਚ ਫੜਿਆ ਸੀ। ਥਾਣੇ ਦੇ ਇੰਚਾਰਜ ਨੇ ਕਿਹਾ, "ਪਿੰਡ ਵਾਲਿਆਂ ਨੇ ਤਬਰੇਜ਼ ਨੂੰ ਧਾਤਕੀਡੀਹ ਦੇ ਕਮਲ ਮਹਤੋ ਦੀ ਛੱਤ ਤੋਂ ਛਾਲ ਮਾਰਦਿਆਂ ਦੇਖਿਆ ਸੀ। ਉਨ੍ਹਾਂ ਨਾਲ ਦੋ ਹੋਰ ਲੋਕ ਸਨ, ਜੋ ਭੱਜ ਗਏ। ਤਬਰੇਜ਼ ਨੂੰ ਪਿੰਡ ਵਾਲਿਆਂ ਨੇ ਫੜ ਲਿਆ। ਇਸ ਤੋਂ ਬਾਅਦ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਚੋਰ ਦੱਸ ਕੇ ਸਾਡੇ ਹਵਾਲੇ ਕਰ ਦਿੱਤਾ। ਉਨ੍ਹਾਂ ਖ਼ਿਲਾਫ਼ ਚੋਰੀ ਦੀ ਰਿਪੋਰਟ ਦਰਜ ਕਰਵਾਈ ਗਈ ਸੀ। ਅਸੀਂ ਇਲਾਜ ਕਰਵਾਉਣ ਤੋਂ ਬਾਅਦ ਉਸ ਨੂੰ ਅਦਾਲਤ ਲੈ ਗਏ। ਜਿੱਥੋਂ ਉਸ ਨੂੰ ਨਿਆਂਇਕ ਹਿਰਾਸਤ ਵਿਚ ਸਰਾਏਕੇਲਾ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇੱਧਰ, ਤਬਰੇਜ਼ ਦੀ ਮੌਤ ਤੋਂ ਬਾਅਦ ਸਰਾਏਕੇਲਾ ਸਦਰ ਹਸਪਤਾਲ ਵਿਚ ਉਸ ਵੇਲੇ ਹੰਗਾਮਾ ਗਿਆ, ਜਦੋਂ ਜੇਲ੍ਹ ਅਧਿਕਾਰੀ ਪੋਸਟਮਾਰਟਮ ਲਈ ਲਾਸ਼ ਲੈ ਕੇ ਪਹੁੰਚੇ। ਕੁਝ ਦੇਰ ਹੋਏ ਹੰਗਾਮੇ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਗੁੱਸੇ ਨਾਲ ਭਰੇ ਲੋਕਾਂ ਨੂੰ ਸਮਝਾਇਆ ਤਾਂ ਤਬਰੇਜ਼ ਦੀ ਲਾਸ਼ ਨੂੰ ਜਮਸ਼ੇਦਪੁਰ ਭੇਜਿਆ ਗਿਆ।

**ਪੁਲੀਸ ਨੇ ਝੂਠ ਬੋਲਿਆ-**
ਇਸ ਵਿਚਾਲੇ ਤਬਰੇਜ਼ ਅੰਸਾਰੀ ਦੀ ਕੁੱਟਮਾਰ ਦੇ ਦੋ ਵੀਡੀਓ ਵਾਇਰਲ ਹੋ ਰਹੇ ਹਨ। ਇਸ ਵਿੱਚ ਪਿੰਡ ਵਾਸੀ ਜੋ ਭਗਵੇਂਵਾਦੀ ਹਨ, ਉਸ ਨੂੰ ਖੰਭੇ ਨਾਲ ਬੰਨ੍ਹ ਕੇ ਕੁੱਟ ਰਹੇ ਹਨ। ਉਸ ਕੋਲੋਂ ਨਾਮ ਪੁੱਛੇ ਜਾਣ ਤੋਂ ਬਾਅਦ 'ਜੈ ਸ਼੍ਰੀਰਾਮ' ਤੇ 'ਜੈ ਹਨੂਮਾਨ' ਦੇ ਨਾਅਰੇ ਲਗਵਾਏ ਜਾ ਰਹੇ ਹਨ। ਲਿੰਚਿਗ ਦੇ ਇਸ ਵੀਡੀਓ ਵਿਚ ਕੁਝ ਔਰਤਾਂ ਵੀ ਦਿਖ ਰਹੀਆਂ ਹਨ। ਕੁਝ ਜਾਗਰੂਕ ਲੋਕਾਂ ਨੇ ਇਹ ਵੀਡੀਓ ਸਰਾਏਕੇਲਾ ਖਰਸਾਂਵਾ ਦੇ ਐਸਪੀ ਨੂੰ ਵੀ ਮੁਹੱਈਆ ਕਰਵਾਇਆ ਹੈ।

## ਅਧਿਆਪਕ ਨੂੰ 'ਜੈ ਸ਼੍ਰੀ ਰਾਮ' ਨਾ ਬੋਲਣ 'ਤੇ ਚੱਲਦੀ ਟਰੇਨ 'ਚੋਂ ਹੇਠਾਂ ਸੁੱਟਿਆ

**ਕੋਲਕਾਤਾ/ਏਟੀ ਨਿਊਜ਼ :** ਇੱਥੋਂ ਦੇ ਮਦਰੱਸੇ ਵਿੱਚ ਪੜ੍ਹਾਉਣ ਵਾਲੇ ਇੱਕ ਮੁਸਲਮਾਨ ਅਧਿਆਪਕ ਨੇ ਦਾਅਵਾ ਕੀਤਾ ਹੈ ਕਿ ਕੁਝ ਨੌਜਵਾਨਾਂ ਨੇ ਉਸ ਨੂੰ 'ਜੈ ਸ਼੍ਰੀ ਰਾਮ' ਨਾ ਬੋਲਣ 'ਤੇ ਚੱਲਦੀ ਟਰੇਨ ਵਿੱਚੋਂ ਧੱਕਾ ਦੇ ਦਿੱਤਾ। ਇਹ ਘਟਨਾ ਕੋਲਕਾਤਾ ਦੇ ਐਨ ਵਿਚਕਾਰ ਬੀਤੇ ਦਿਨੀਂ ਵਾਪਰੀ। 26 ਸਾਲਾ ਮੁਸਲਿਮ ਨੌਜਵਾਨ ਹਾਫ਼ਿਜ਼ ਮੁਹੰਮਦ ਸਾਹਰੁਖ਼ ਹਲਦਰ ਨੇ ਦੱਸਿਆ ਕਿ ਉਹ ਹੁਗਲੀ ਜਾ ਰਿਹਾ ਸੀ, ਜਿਸ ਦੌਰਾਨ ਇਹ ਘਟਨਾ ਵਾਪਰੀ। ਇਸ ਦੌਰਾਨ ਕੁਝ ਵਿਅਕਤੀਆਂ ਦਾ ਟੋਲਾ 'ਜੈ ਸ਼੍ਰੀ ਰਾਮ' ਦੇ ਨਾਅਰੇ ਲਾਉਂਦਾ ਉਸ ਦੇ ਡੱਬੇ ਵਿੱਚ ਆਉਂਦਾ ਹੈ। ਉਨ੍ਹਾਂ ਉਸ ਨੂੰ ਵੀ ਉਵੇਂ ਹੀ ਕਰਨ ਲਈ ਕਿਹਾ ਪਰ ਹਾਫ਼ਿਜ਼ ਨੇ ਮਨ੍ਹਾਂ ਕਰ ਦਿੱਤਾ। ਹਾਫ਼ਿਜ਼ ਨੇ ਦੱਸਿਆ ਕਿ ਉਸ ਦੇ ਮਨ੍ਹਾਂ ਕਰਨ 'ਤੇ ਉਹ ਉਸ ਨੂੰ ਕੁੱਟਣ ਲੱਗ ਗਏ ਤੇ ਕਿਸੇ ਨੇ ਉਸ ਨੂੰ ਨਹੀਂ ਬਚਾਇਆ। ਇਸ ਦੌਰਾਨ ਟਰੇਨ ਧਕੁਰੀਆ ਤੇ ਪਾਰਕ ਸਰਕਸ ਸਟੇਸ਼ਨ ਦਰਮਿਆਨ ਸੀ। ਨੌਜਵਾਨਾਂ ਨੇ ਹਾਫ਼ਿਜ਼ ਨੂੰ ਪਾਰਕ ਸਰਕਸ ਸਟੇਸ਼ਨ 'ਤੇ ਧੱਕਾ ਮਾਰ ਕੇ ਚੱਲਦੀ ਟਰੇਨ ਵਿੱਚੋਂ ਹੇਠਾਂ ਸੁੱਟ ਦਿੱਤਾ। ਉਸ ਨੂੰ ਕੁਝ ਲੋਕਾਂ ਨੇ ਚੁੱਕਿਆ ਤੇ ਪੁਲਿਸ ਨੇ ਹਸਪਤਾਲ ਦਾਖ਼ਲ ਕਰਵਾਇਆ। ਰੇਲਵੇ ਪੁਲਿਸ ਨੇ ਅਣਪਛਾਤੇ ਭਗਵੇਂਧਾਰੀ ਗੁੰਡਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਪਰ ਹਾਲੇ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ।

## ਪੰਜਾਬੀ ਕਲਾਕਾਰ ਹਾਰਡ ਕੌਰ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ

**ਵਾਰਾਨਸੀ/ਏਟੀ ਨਿਊਜ਼ :** ਯੂਕੇ ਅਧਾਰਿਤ ਰੈਪਰ ਤਰਨ ਕੌਰ ਢਿੱਲੋਂ ਉਰਫ਼ ਹਾਰਡ ਕੌਰ ਵਿਰੁੱਧ ਸੋਸ਼ਲ ਮੀਡੀਆ 'ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਖ਼ਿਲਾਫ਼ ਕਥਿਤ ਇਤਰਾਜ਼ਯੋਗ ਪੋਸਟ ਪਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਵਾਰਾਨਸੀ ਛਾਉਣੀ ਦੇ ਐੱਸਐੱਚਓ ਵਿਜੈ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਕ ਲਿਖਤ ਸ਼ਿਕਾਇਤ ਸਥਾਨਕ ਵਕੀਲ ਸ਼ਸ਼ਾਂਕ ਸ਼ੇਖਰ ਨੇ ਦਰਜ ਕਰਵਾਈ ਹੈ। ਪੁਲੀਸ ਨੇ ਹਾਰਡ ਕੌਰ ਖ਼ਿਲਾਫ਼ ਧਾਰਾ 124ਏ (ਦੇਸ਼ਧ੍ਰੋਹ), 153ਏ (ਧਰਮ ਦੇ ਆਧਾਰ 'ਤੇ ਦੋ ਗੁੱਟਾਂ ਵਿਚਾਲੇ ਦੁਸ਼ਮਣੀ ਪੈਦਾ ਕਰਨਾ), 500 (ਮਾਨਹਾਨੀ) ਤੇ ਭੜਕਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਹੈ।

# ਨਸ਼ੇੜੀ ਹਵਾਲਾਤੀ ਦੀ ਸ਼ੱਕੀ ਹਾਲਤਾਂ ਵਿਚ ਮੌਤ

### *ਪੁਲਿਸ ਨੇ ਬਲਦੇਵ ਸਿੰਘ ਨੂੰ ਰੰਜਿਸ਼ ਦੇ ਚੱਲਦੇ ਡਰੱਗ ਕੇਸ ਵਿਚ ਫਸਾਇਆ : ਪਰਿਵਾਰ*

**ਅੰਮ੍ਰਿਤਸਰ/ਏਟੀ ਨਿਊਜ਼ :**
ਫਤਹਿਪੁਰ ਜੇਲ੍ਹ ਵਿਚ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਹਵਾਲਾਤੀ ਦੀ ਮੌਤ ਦੇ ਤਿੰਨ ਦਿਨ ਬਾਅਦ ਤਕ ਵੀ ਪਰਿਵਾਰ ਨੂੰ ਸੂਚਿਤ ਨਹੀਂ ਕੀਤਾ ਗਿਆ।
ਮ੍ਰਿਤਕ ਦੇ ਪਿਤਾ ਬਲਰਾਮ ਅਤੇ ਭਤੀਜਾ ਬਬਲੂ ਜਦੋਂ ਸਵੇਰੇ ਬਲਦੇਵ ਸਿੰਘ ਨਾਲ ਮੁਲਾਕਾਤ ਕਰਨ ਪੁੱਜੇ ਤਾਂ ਉੱਥੇ ਜਾ ਕੇ ਪਤਾ ਲੱਗਾ ਕਿ ਤਿੰਨ ਦਿਨ ਪਹਿਲਾਂ ਬਲਦੇਵ ਸਿੰਘ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਨੇ ਇਲਜ਼ਾਮ ਲਗਾਇਆ ਕਿ ਜਦੋਂ ਉਨ੍ਹਾਂ ਨੇ ਜੇਲ੍ਹ ਪ੍ਰਬੰਧਨ ਨਾਲ ਬਲਰਾਮ ਦੀ ਮੌਤ ਦੇ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੇਲ੍ਹ ਦੇ ਕਿਸੇ ਅਧਿਕਾਰੀ ਨੇ ਉਨ੍ਹਾਂ ਨੂੰ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ।
ਕੋਟ ਖਾਲਸਾ ਨਿਵਾਸੀ ਬਬਲੂ ਨੇ ਦੱਸਿਆ ਕਿ ਉਸ ਦੇ ਚਾਚਾ ਬਲਦੇਵ ਸਿੰਘ ਪੇਸ਼ੇ ਤੋਂ ਆਟੋ ਰਿਕਸ਼ਾ ਚਲਾ ਕੇ ਘਰ ਦਾ ਗੁਜ਼ਾਰਾ ਚਲਾਉਂਦੇ ਸਨ। 20 ਜੂਨ ਦੀ ਸ਼ਾਮ ਕੋਟ ਖਾਲਸਾ ਥਾਣੇ ਦੀ ਪੁਲਿਸ ਨੇ ਉਨ੍ਹਾਂ ਦੇ ਚਾਚਾ ਬਲਦੇਵ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਨਸ਼ੇ ਦੇ 900 ਕੈਪਸੂਲ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਬਲਦੇਵ ਸਿੰਘ ਨੂੰ ਰੰਜਿਸ਼ ਦੇ ਚੱਲਦੇ ਉਕਤ ਕੇਸ ਵਿਚ ਫਸਾਇਆ ਸੀ। 21 ਜੂਨ ਨੂੰ ਪੁਲਿਸ ਨੇ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਸੀ। ਉਨ੍ਹਾਂ ਨੂੰ ਬਲਦੇਵ ਸਿੰਘ ਨੂੰ ਜੇਲ੍ਹ ਭੇਜਣ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। 24 ਜੂਨ ਦੀ ਸ਼ਾਮ ਨੂੰ ਉਹ ਆਪਣੇ ਚਾਚਾ ਨਾਲ ਮਿਲਣ ਦੁਬਾਰਾ ਥਾਣੇ ਪਹੁੰਚਿਆ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਬਲਰਾਮ ਨੂੰ ਫਤਹਿਪੁਰ ਜੇਲ੍ਹ ਭੇਜ ਦਿੱਤਾ ਗਿਆ ਹੈ।
ਉਨ੍ਹਾਂ ਨੂੰ ਦੱਸਿਆ ਗਿਆ ਕਿ ਜੇਲ੍ਹ ਵਿਚ ਮੁਲਾਕਾਤ ਕਰਨ ਲਈ ਘਰ ਤੋਂ ਪਹਿਲਾਂ ਆਪਣੀ ਪਹਿਚਾਣ ਦੇ ਪੂਰੇ ਦਸਤਾਵੇਜ਼ ਲੈ ਕੇ ਜਾਓ, ਤਾਂ ਹੀ ਉਨ੍ਹਾਂ ਦੀ ਮੁਲਾਕਾਤ ਸੰਭਵ ਹੋ ਸਕੇਗੀ। ਸਵੇਰੇ ਉਹ (ਬਬਲੂ) ਬਲਰਾਮ ਦੇ ਬੇਟੇ ਹਰਜੀਤ ਸਿੰਘ ਨੂੰ ਆਪਣੇ ਨਾਲ ਲੈ ਕੇ ਫਤਹਿਪੁਰ ਜੇਲ੍ਹ ਮੁਲਾਕਾਤ ਕਰਨ ਚਲੇ ਗਏ। ਪਹਿਲਾਂ ਤਾਂ ਜੇਲ੍ਹ ਪ੍ਰਬੰਧਨ ਨੇ ਉਨ੍ਹਾਂ ਨਾਲ ਟਾਲ ਮਟੋਲ ਕੀਤੀ। ਕਾਫ਼ੀ ਕੋਸ਼ਿਸ਼ ਕਰਨ ਤੋਂ ਬਾਅਦ ਉਨ੍ਹਾਂ ਨੂੰ ਦੱਸਿਆ ਕਿ ਬਲਦੇਵ ਸਿੰਘ ਦੀ ਮੌਤ ਹੋ ਚੁੱਕੀ ਹੈ। ਇਹ ਸੁਣ ਕੇ ਉਨ੍ਹਾਂ ਦੇ ਪਰਿਵਾਰ ਵਾਲੇ ਪ੍ਰੇਸ਼ਾਨ ਹੋ ਗਏ। ਇਸ ਤੋਂ ਬਾਅਦ ਬਲਦੇਵ ਸਿੰਘ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤੀ ਗਈ।

### ਇਕ ਦਿਨ ਹੀ ਰਿਹਾ ਬਲਰਾਮ ਜੇਲ੍ਹ 'ਚ : ਜੇਲ੍ਹ ਸੁਪਰਡੈਂਟ

ਜੇਲ੍ਹ ਸੁਪਰਡੈਂਟ ਅਰਸ਼ਦੀਪ ਸਿੰਘ ਨੇ ਦੱਸਿਆ ਕਿ ਬਲਦੇਵ ਸਿੰਘ ਇਕ ਦਿਨ ਹੀ ਜੇਲ੍ਹ ਵਿਚ ਰਿਹਾ ਹੈ। ਉਹ ਨਸ਼ੇ ਦੀ ਭੈੜੀ ਆਦਤ ਦਾ ਸ਼ਿਕਾਰ ਸੀ। ਉਹ ਕਾਫ਼ੀ ਬੀਮਾਰ ਸੀ। ਪਹਿਲੇ ਦਿਨ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਰੱਖਿਆ ਗਿਆ ਸੀ। ਜ਼ਿਆਦਾ ਤਬੀਅਤ ਖ਼ਰਾਬ ਹੋਣ 'ਤੇ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਚ ਸ਼ਿਫਟ ਕਰ ਦਿੱਤਾ ਗਿਆ ਸੀ। ਮੌਤ ਹੋਣ ਤੋਂ ਬਾਅਦ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜੇਲ੍ਹ ਪ੍ਰਬੰਧਕ 'ਤੇ ਲਗਾਏ ਜਾ ਰਹੇ ਲਾਪ੍ਰਵਾਹੀ ਦੇ ਦੋਸ਼ ਬੇਬੁਨਿਆਦ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES
26 ਜੂਨ 2019 ਤੋਂ 02 ਜੁਲਾਈ 2019

*ਮਹਿਮਾਨ ਸੰਪਾਦਕੀ*

# ਅਨਿਆਂ ਦੀ ਹੱਦ

## *ਸਿੱਖ ਨੌਜਵਾਨ ਦੇ ਕਾਤਲ ਪੁਲਸੀਆਂ ਦਾ ਜੁਰਮ ਮਾਫ*

**- ਪਰਮਜੀਤ ਸਿੰਘ**

ਪੰਜਾਬ ਵਿਚ ਹੋਏ 'ਮਨੁੱਖਤਾ ਖਿਲਾਫ ਜੁਰਮਾਂ' ਦੇ ਮਾਮਲੇ ਵਿਚ ਦੋਸ਼ੀ ਭਾਰਤੀ ਸਟੇਟ ਦੇ ਕਰਿੰਦਿਆਂ ਨੂੰ ਦਿੱਤੀ ਗਈ ਛੂਟ ਤੇ ਮਾਫੀ ਦੀ ਨੀਤੀ ਬੇਰੋਕ ਜਾਰੀ ਹੈ। ਇਸ ਦਾ ਸਬੂਤ ਉਸ ਵੇਲੇ ਮੁੜ ਉਜਾਗਰ ਹੋਇਆ ਜਦੋਂ ਪੰਜਾਬ ਦੇ ਗਵਰਨਰ ਵੀ. ਪੀ. ਸਿੰਘ ਬਿਦਨੌਰ ਨੇ ਸੰਨ 1993 ਵਿਚ ਇਕ ਸਿੱਖ ਨੌਜਵਾਨ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦੇ ਦੋਸ਼ੀ ਚਾਰ ਪੁਲਿਸ ਵਾਲਿਆਂ ਦਾ ਜੁਰਮ ਮਾਫ ਕਰਕੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ। ਸਾਬਕਾ ਐਸਪੀ. ਰਾਜੀਵ ਕੁਮਾਰ ਸਿੰਘ, ਸਾਬਕਾ ਇੰਸਪੈਕਟਰ ਬ੍ਰਿਜ ਲਾਲ ਵਰਮਾ, ਸਾਬਕਾ ਹਵਾਲਦਾਰ ਉਂਕਾਰ ਸਿੰਘ (ਤਿੰਨੇ ਯੂਪੀ. ਪੁਲਿਸ) ਅਤੇ ਸਾਬਕਾ ਇੰਸਪੈਕਟਰ ਹਰਿੰਦਰ ਸਿੰਘ (ਪੰਜਾਬ ਪੁਲਿਸ) ਨੂੰ ਸਾਲ 2014 ਵਿਚ ਸੀਬੀਆਈ. ਦੀ ਪਟਿਆਲਾ ਅਦਾਲਤ ਨੇ ਸੰਨ 1993 ਵਿਚ ਸਿੱਖ ਨੌਜਵਾਨ ਹਰਜੀਤ ਸਿੰਘ (ਵਾਸੀ ਸਹਾਰਨ ਮਾਜਰਾ, ਲੁਧਿਆਣਾ) ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦੇ ਦੋਸ਼ 'ਚ ਉਮਰ ਕੈਦ ਦੀ ਸਜਾ ਸੁਣਾਈ ਸੀ। ਮੌਜੂਦ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਪੁਲਿਸ ਵਾਲਿਆਂ ਨੂੰ ਸੀਬੀਆਈ. ਦੀ ਖਾਸ ਅਦਾਲਤ ਨੇ 1 ਦਸੰਬਰ 2014 ਨੂੰ ਕਤਲ ਦੀ ਧਾਰਾ 302, ਕਤਲ ਕਰਨ ਵਾਸਤੇ ਅਗਵਾਹ ਕਰਨ ਦੀ ਧਾਰਾ 364 ਅਤੇ ਸਾਜਿਸ਼ ਦੀ ਧਾਰਾ 120-ਬੀ ਤਹਿਤ ਉਮਰ ਕੈਦ ਸੁਣਾਈ ਸੀ। ਦਸਤਾਵੇਜ਼ ਦਰਸਾਉਂਦੇ ਹਨ ਕਿ ਪੰਜਾਬ ਪੁਲਿਸ ਦੇ ਵਧੀਕ ਡੀਜੀਪੀ. ਜੇਲ੍ਹਾਂ ਅਤੇ ਪੰਜਾਬ ਦੇ ਪੁਲਿਸ ਮੁਖੀ ਵੱਲੋਂ ਕੀਤੀ ਗਈ ਸਿਫਾਰਿਸ਼ ਤੋਂ ਬਾਅਦ ਪੰਜਾਬ ਦੇ ਗਵਰਨਰ ਨੇ ਸੰਵਿਧਾਨ ਦੀ ਧਾਰਾ 161 ਤਹਿਤ ਹੁਕਮ ਸੁਣਾਉਂਦਿਆਂ 19 ਜੂਨ 2019 ਨੂੰ ਇਨ੍ਹਾਂ ਚਾਰਾਂ ਸਾਬਕਾ ਪੁਲਿਸ ਵਾਲਿਆਂ ਦਾ ਜੁਰਮ ਮਾਫ ਕਰ ਦਿੱਤਾ। ਪੰਜਾਬ ਦੇ ਗਰਵਨਰ ਵੱਲੋਂ ਸੰਵਿਧਾਨ ਦੀ ਧਾਰਾ 161 ਤਹਿਤ ਲਏ ਜਾਣ ਵਾਲੇ ਫੈਸਲੇ ਅਸਲ ਵਿਚ ਸਰਕਾਰ ਦੇ ਹੀ ਫੈਸਲੇ ਹੁੰਦੇ ਹਨ, ਜਿਨ੍ਹਾਂ ਉਤੇ ਗਵਰਨਰ ਵੱਲੋਂ ਸਹੀ ਪਾਈ ਜਾਂਦੀ ਹੈ। ਸੋ ਇਸ ਮਾਮਲੇ ਵਿਚ ਸਾਫ ਹੈ ਕਿ ਪੰਜਾਬ ਪੁਲਿਸ ਦੀ ਸਿਫਾਰਿਸ਼ ਉੱਤੇ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਦੋਸ਼ੀ ਪੁਲਿਸ ਵਾਲਿਆਂ ਨੂੰ ਮਾਫੀ ਦੇਣ ਦਾ ਫੈਸਲਾ ਲਿਆ ਹੈ, ਜਿਸ ਦਾ ਐਲਾਨ ਪੰਜਾਬ ਦੇ ਗਵਰਨਰ ਵਲੋਂ ਕੀਤਾ ਗਿਆ ਹੈ। ਦਸਤਾਵੇਜ਼ਾਂ ਤੋਂ ਇੰਝ ਲੱਗਦਾ ਹੈ ਕਿ ਇਨ੍ਹਾਂ ਰਿਹਾਈਆਂ ਦਾ ਅਮਲ ਪੰਜਾਬ ਵਿਚਲੀ ਸ਼੍ਰੋਮਣੀ ਅਕਾਲੀ ਦਲ (ਬਾਦਲ)-ਭਾਰਤੀ ਜਨਤਾ ਪਾਰਟੀ ਗੱਠਜੋੜ ਦੀ ਸਰਕਾਰ ਵੇਲੇ ਦਾ ਚੱਲ ਰਿਹਾ ਸੀ ਕਿਉਂਕਿ ਇਨ੍ਹਾਂ ਦਸਤਾਵੇਜ਼ਾਂ ਵਿਚ ਜੇਲ੍ਹ ਪ੍ਰਸ਼ਾਸਨ ਵਲੋਂ ਇਨ੍ਹਾਂ ਦੋਸ਼ੀ ਪੁਲਿਸ ਵਾਲਿਆਂ ਦੀ ਕੈਦ ਬਾਰੇ ਜੋ ਵੇਰਵੇ ਨਸ਼ਰ ਕੀਤੇ ਗਏ ਹਨ, ਉਨ੍ਹਾਂ ਦੀਆਂ ਤਰੀਕਾਂ ਜਨਵਰੀ 2017 ਦੀਆਂ ਹਨ, ਜਿਸ ਵੇਲੇ ਕਿ ਪੰਜਾਬ ਵਿਚ ਅਕਾਲੀ ਦਲ ਬਾਦਲ-ਭਾਜਪਾ ਦੀ ਸਰਕਾਰ ਸੀ।

ਮਨੁੱਖੀ ਹੱਕਾਂ ਦੀ ਜਥੇਬੰਦੀ 'ਇਨਸਾਫ' ਵੱਲੋਂ ਪੰਜਾਬ ਵਿਚ ਹੋਏ ਮਨੁੱਖਤਾ ਖਿਲਾਫ ਜੁਰਮਾਂ ਦੇ ਜੋ ਵੇਰਵੇ ਇਕੱਠੇ ਕਰਕੇ ਜਨਤਕ ਕੀਤੇ ਗਏ ਹਨ, ਉਨ੍ਹਾਂ ਵਿਚ ਹਰਜੀਤ ਸਿੰਘ ਦਾ ਵੇਰਵਾ ਵੀ ਸ਼ਾਮਲ ਹੈ। 'ਇਨਸਾਫ' ਦੇ ਦਸਤਾਵੇਜ਼ ਦਰਸਾਉਂਦੇ ਹਨ ਕਿ ਹਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਸਹਾਰਨ ਮਾਜਰਾ 26 ਸਾਲਾਂ ਦਾ ਅੰਮ੍ਰਿਤਧਾਰੀ ਸਿੱਖ ਨੌਜਵਾਨ ਸੀ। ਉਸ ਨੇ ਹਾਈ ਸਕੂਲ ਤੱਕ ਪੜ੍ਹਾਈ ਕੀਤੀ ਹੋਈ ਸੀ। ਉਸ ਨੂੰ ਪੁਲਿਸ ਨੇ 6 ਅਕਤੂਬਰ 1993 ਨੂੰ ਉਸ ਦੇ ਘਰੋਂ ਚੁੱਕਿਆ ਸੀ ਤੇ ਜਬਰੀ ਲਾਪਤਾ ਕਰਕੇ ਪੁਲਿਸ ਵੱਲੋਂ ਹਰਜੀਤ ਸਿੰਘ 'ਤੇ ਗੈਰਕਾਨੂੰਨੀ ਹਿਰਾਸਤ ਵਿਚ ਤਸ਼ੱਦਦ ਕੀਤਾ ਗਿਆ। ਅਖੀਰ ਪੁਲਿਸ ਨੇ ਹਰਜੀਤ ਸਿੰਘ ਨੂੰ 12-13 ਅਕਤੂਬਰ 1993 ਦੀ ਦਰਮਿਆਨੀ ਰਾਤ ਨੂੰ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਅੱਧ 1980ਵਿਆਂ ਤੋਂ ਅੱਧ 1990ਵਿਆਂ ਤਕ ਦਾ ਦਹਾਕਾ ਮਨੁੱਖਤਾਂ ਖਿਲਾਫ ਜੁਰਮਾਂ ਦਾ ਵੀ ਦੌਰ ਸੀ, ਜਦੋਂ ਪੰਜਾਬ ਪੁਲਿਸ ਤੇ ਹੋਰਨਾਂ ਭਾਰਤੀ ਦਸਤਿਆਂ ਵੱਲੋਂ ਵੱਡੀ ਪੱਧਰ ਉੱਤੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਗਿਆ। ਇਸ ਦੌਰਾਨ ਹਜ਼ਾਰਾਂ ਸਿੱਖਾਂ, ਜਿਨ੍ਹਾਂ ਵਿਚ ਵੱਡੀ ਗਿਣਤੀ ਨੌਜਵਾਨਾਂ ਦੀ ਸੀ ਪਰ ਜਿਨ੍ਹਾਂ ਵਿਚ ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸ਼ਾਮਲ ਸਨ, ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਲੈ ਕੇ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਗਿਆ। ਬਹੁਤ ਸਾਰਿਆਂ ਨੂੰ ਜਬਰੀ ਲਾਪਤਾ ਕਰਕੇ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ। ਇਨ੍ਹਾਂ ਸਿੱਖ ਦੀਆਂ ਦੇਹਾਂ ਨੂੰ ਲਾਵਾਰਿਸ ਲਾਸ਼ਾਂ ਕਰਾਰ ਦੇ ਕੇ ਪੁਲਿਸ ਵੱਲੋਂ ਹੀ ਗੁਪਤ ਤਰੀਕੇ ਨਾਲ ਸਾੜ ਦਿੱਤਾ ਗਿਆ ਜਾਂ ਦਰਿਆਵਾਂ-ਨਹਿਰਾਂ ਵਿਚ ਰੋੜ੍ਹ ਦਿੱਤਾ ਗਿਆ। ਜਿਸ ਯੋਜਨਾਬੱਧ ਤੇ ਵਿਆਪਕ ਪੱਧਰ ਉੱਤੇ ਇਹ ਕਾਰੇ ਕੀਤੇ ਗਏ ਉਸ ਦੇ ਮੱਦੇਨਜ਼ਰ ਇਹ ਵਰਤਾਰਾ ਕੌਮਾਂਤਰੀ ਕਾਨੂੰਨ ਤਹਿਤ 'ਮਨੁੱਖਤਾ ਖਿਲਾਫ ਜੁਰਮ' ਬਣਦਾ ਹੈ। ਭਾਰਤੀ ਸਟੇਟ ਤੇ ਪੰਜਾਬ ਦੀਆਂ ਕਠਪੁਤਲੀ ਸਰਕਾਰਾਂ ਨੇ ਮਨੁੱਖਤਾ ਖਿਲਾਫ ਜੁਰਮ ਕਰਨ ਵਾਲੇ ਪੁਲਿਸ ਵਾਲਿਆਂ ਨੂੰ ਸਰਪ੍ਰਸਤੀ ਦੇਣ ਦੀ ਨੀਤੀ ਅਪਣਾਈ ਹੋਈ ਹੈ, ਜਿਸ ਦੇ ਚੱਲਦਿਆਂ ਇਨ੍ਹਾਂ ਜੁਰਮਾਂ ਦੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਉਨ੍ਹਾਂ ਨੂੰ ਉੱਚੇ ਅਹੁਦੇ ਬਖਸ਼ੇ ਗਏ।

ਜਦੋਂ ਸ. ਜਸਵੰਤ ਸਿੰਘ ਖਾਲੜਾ ਨੇ ਇਨ੍ਹਾਂ ਮਾਮਲਿਆਂ ਦਾ ਸੱਚ ਉਜਾਗਰ ਕੀਤਾ ਤਾਂ 6 ਸਤੰਬਰ 1995 ਨੂੰ ਉਨ੍ਹਾਂ ਨੂੰ ਵੀ ਪੰਜਾਬ ਪੁਲਿਸ ਵੱਲੋਂ ਜਬਰੀ ਲਾਪਤਾ ਕਰਕੇ ਸ਼ਹੀਦ ਕਰ ਦਿੱਤਾ ਗਿਆ। ਸ. ਜਸਵੰਤ ਸਿੰਘ ਖਾਲੜਾ ਦੇ ਮਾਮਲੇ ਨਾਲ ਜੁੜ ਕੇ ਮਨੁੱਖਤਾ ਖਿਲਾਫ ਜੁਰਮਾਂ ਦੇ ਕੁਝ ਮਾਮਲੇ ਜਾਂਚ ਲਈ ਸੀਬੀਆਈ. ਕੋਲ ਗਏ ਅਤੇ ਢਾਈ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਉੱਤੇ ਵੀ ਇਨ੍ਹਾਂ ਵਿਚੋਂ ਵੀ ਕੁਝ ਗਿਣਵੇਂ ਮਾਮਲੇ ਹੀ ਸਿੱਟੇ ਉੱਤੇ ਪੁੱਜੇ ਹਨ ਤੇ ਦੋਸ਼ੀ ਪੁਲਿਸ ਵਾਲਿਆਂ ਨੂੰ ਸਜ਼ਾ ਹੋਈ ਹੈ।

ਹੁਣ ਸਰਕਾਰਾਂ ਵਲੋਂ ਇਨ੍ਹਾਂ ਦੋਸ਼ੀ ਸਿੱਧ ਹੋ ਚੁੱਕੇ ਪੁਲਿਸ ਵਾਲਿਆਂ ਦੀ ਵੀ ਸਰਪ੍ਰਸਤੀ ਕੀਤੀ ਜਾ ਰਹੀ ਹੈ, ਜਿਸ ਦੀ ਪ੍ਰਤੱਖ ਮਿਸਾਲ ਹਰਜੀਤ ਸਿੰਘ ਦਾ ਮਾਮਲਾ ਹੈ। ਇਸ ਵਿਚ ਪੰਜਾਬ ਦੇ ਗਵਰਨਰ ਵੱਲੋਂ ਅਦਾਲਤ ਵੱਲੋਂ ਦੋਸ਼ੀ ਐਲਾਨੇ ਗਏ 4 ਪੁਲਿਸ ਵਾਲਿਆਂ, ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਦਾ ਜੁਰਮ ਹੀ ਮਾਫ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਦੀ ਇਸ ਕਾਰਵਾਈ ਨੂੰ ਅਨਿਆਂ ਦੀ ਹੱਦ ਹੀ ਕਿਹਾ ਜਾ ਸਕਦਾ ਹੈ।

# 'ਚਿੱਟਾ' ਇਸ ਤਰ੍ਹਾਂ ਕਾਲਾ ਕਰ ਰਿਹਾ ਹੈ ਪੰਜਾਬ ਦਾ ਭਵਿੱਖ





**ਅਰਵਿੰਦ ਛਾਬੜਾ**
(ਬੀਬੀਸੀ ਪੱਤਰਕਾਰ)

ਜੇਕਰ ਅੰਕੜਿਆ 'ਤੇ ਗੌਰ ਕਰੀਏ ਤਾਂ ਪੰਜਾਬ ਵਿੱਚ ਸ਼ੱਕੀ ਡਰੱਗਜ਼ ਨਾਲ ਸਬੰਧਤ ਮੌਤਾਂ ਇਸ ਸਾਲ ਲਗਪਗ ਦੁੱਗਣੀਆਂ ਹੋ ਗਈਆਂ ਹਨ। ਪੰਜਾਬ ਪੁਲਿਸ ਦੇ ਇੱਕ ਅਧਿਕਾਰੀ ਮੁਤਾਬਕ ਇਸ ਸਾਲ 2018 ਦੇ ਜੂਨ ਤੱਕ 60 ਨੌਜਵਾਨਾਂ ਦੀ ਮੌਤ ਡਰੱਗਜ਼ ਕਾਰਨ ਹੋਈ ਹੈ ਜਦਕਿ ਪਿਛਲੇ ਦੋ ਸਾਲਾਂ 'ਚ ਇਹ ਅੰਕੜਾ ਕ੍ਰਮਵਾਰ 30-40 ਸੀ।

ਪੰਜਾਬ ਪੁਲਿਸ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ ਪਿਛਲੇ ਸਾਲ ਕੁੱਲ 38 ਲੋਕਾਂ ਦੀ ਮੌਤ ਹੋਈ ਸੀ ਜਦਕਿ ਸਾਲ 2018 ਵਿੱਚ ਅਪ੍ਰੈਲ ਤੋਂ ਜੂਨ ਦੌਰਾਨ ਹੀ 37 ਲੋਕ ਨਸ਼ੇ ਕਾਰਨ ਆਪਣੀ ਜਾਨ ਗੁਆ ਚੁੱਕੇ ਹਨ। ਬਾਰਡਰ ਜ਼ੋਨ ਦੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਦੇ ਇਲਾਕਿਆਂ ਵਿੱਚ ਸਭ ਤੋਂ ਵੱਧ 14 ਮੌਤਾਂ ਹੋਈਆਂ ਜਦਕਿ ਜਲੰਧਰ ਵਿੱਚ 11 ਤੇ ਬਠਿੰਡਾ ਵਿੱਚ 10 ਮੌਤਾਂ ਹੋਈਆਂ ਹਨ। ਪਿਛਲੇ ਸਾਲ 2017 ਵਿੱਚ ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਕੁੱਲ 16 ਮੌਤਾਂ ਹੋਈਆਂ ਸਨ।

ਇਸ ਸਾਲ (2018) ਜੂਨ ਮਹੀਨੇ ਵਿੱਚ ਸੂਬੇ ਦੇ ਸ਼ਹਿਰ ਕੋਟਕਪੂਰਾ ਵਿੱਚ ਇੱਕ ਨੌਜਵਾਨ ਦੀ ਕਥਿਤ ਤੌਰ 'ਤੇ ਨਸ਼ੇ ਕਾਰਨ ਹੋਈ ਮੌਤ ਤੋਂ ਬਾਅਦ ਉਸ ਦੀ ਮਾਂ ਵੱਲੋਂ ਕੀਤੇ ਵਿਰਲਾਪ ਦੀ ਕਥਿਤ ਵੀਡੀਓ ਨੇ ਪੂਰੇ ਸੂਬੇ ਨੂੰ ਝੰਜੋੜ ਕੇ ਰੱਖ ਦਿੱਤਾ ਸੀ।ਇਸ ਤੋਂ ਪਹਿਲਾਂ ਵੀ ਨਸ਼ੇ ਕਾਰਨ ਕਈ ਮੌਤਾਂ ਹੋਈਆਂ ਅਤੇ ਇਹ ਸਿਲਸਿਲਾ ਜਾਰੀ ਹੈ। ਮੁੱਦਾ ਮੀਡੀਆ ਦੀਆਂ ਸੁਰਖ਼ੀਆਂ ਵੀ ਬਣਿਆ ਜਿਸ ਤੋਂ ਬਾਅਦ ਪੂਰੇ ਦੇਸ਼ ਦਾ ਧਿਆਨ ਪੰਜਾਬ ਦੀ ਇਸ ਸਮੱਸਿਆ ਵੱਲ ਮੁੜ ਤੋਂ ਆਇਆ।

ਸਮੱਸਿਆ ਗੰਭੀਰ ਹੁੰਦੀ ਦੇਖ ਸੂਬੇ ਦੀਆਂ ਸਮਾਜਿਕ ਸੰਸਥਾਵਾਂ ਵੀ ਜਾਗੀਆਂ ਅਤੇ ਉਨ੍ਹਾਂ ਵੱਲੋਂ "ਚਿੱਟੇ ਦੇ ਵਿਰੋਧ ਵਿਚ ਕਾਲਾ ਹਫ਼ਤਾ" ਮਨਾਉਣ ਦਾ ਸੱਦਾ ਦਿੱਤਾ ਗਿਆ।

ਇਸ ਦਾ ਸੇਕ ਸੂਬਾ ਸਰਕਾਰ ਤੱਕ ਵੀ ਪਹੁੰਚਿਆਂ ਅਤੇ ਉਨ੍ਹਾਂ ਤੁਰੰਤ ਕਥਿਤ ਤੌਰ 'ਤੇ ਨਸ਼ੇ ਕਾਰਨ ਹੋ ਰਹੀ ਹਰ ਇੱਕ ਮੌਤ ਦੀ ਜਾਂਚ ਦੇ ਆਦੇਸ਼ ਦਿੱਤੇ।

ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਪੁਲਿਸ ਦੀ ਸਖ਼ਤੀ ਕਾਰਨ ਨਸ਼ਾ ਤਸਕਰਾਂ ਲਈ ਹੈਰੋਇਨ ਦੀ ਸਪਲਾਈ ਕਰਨੀ ਔਖੀ ਹੋ ਗਈ ਹੈ। ਇਸ ਕਾਰਨ ਉਹ ਨਸ਼ੇ ਦੀ ਪੂਰਤੀ ਲਈ ਉਸ ਵਿਚ ਮਿਲਾਵਟ ਕਰਨ ਲੱਗੇ ਹਨ, ਜਿਸ ਕਾਰਨ ਇਸ ਨੂੰ ਲੈਣ ਵਾਲਿਆਂ ਦੀਆਂ ਮੌਤਾਂ ਹੋ ਰਹੀਆਂ ਹਨ। ਦੂਜੇ ਪਾਸੇ ਮੁੱਖ ਮੰਤਰੀ ਦੀ ਇਸ ਦਲੀਲ ਨਾਲ ਵਿਰੋਧੀ ਧਿਰ ਸਹਿਮਤ ਨਹੀਂ ਹੋਈ। ਉਨ੍ਹਾਂ ਦਾ ਦਾਅਵਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸੂਬੇ ਵਿੱਚੋਂ ਨਸ਼ੇ ਨੂੰ ਖ਼ਤਮ ਕਰਨ ਵਿੱਚ ਅਸਫਲ ਹੋਏ ਹਨ।

ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿੱਚ ਚਾਰ ਹਫ਼ਤਿਆਂ ਵਿੱਚ ਨਸ਼ੇ ਨੂੰ ਠੱਲ੍ਹ ਪਾਉਣ ਦਾ ਵਾਅਦਾ ਕੀਤਾ ਸੀ ਜਿਸ ਉੱਤੇ ਖ਼ਰਾ ਉੱਤਰਨ ਦਾ ਉਹ ਦਾਅਵਾ ਵੀ ਕਰ ਰਹੇ ਹਨ।

ਵਿਰੋਧੀ ਧਿਰਾਂ ਮੁਤਾਬਕ ਪੰਜਾਬ ਵਿੱਚ ਨਸ਼ਾ ਖ਼ਾਸ ਤੌਰ 'ਤੇ ਚਿੱਟੇ ਕਾਰਨ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਪਰ ਵੱਡਾ ਸਵਾਲ ਇਹ ਹੈ ਕਿ ਇਹ ਨਸ਼ਾ ਕਿੱਥੋਂ ਆ ਰਿਹਾ ਹੈ ਅਤੇ ਇਸ ਦੇ ਪਿੱਛੇ ਕਿਸ ਦਾ ਹੱਥ ਹੈ ?

### ਨਸ਼ਾ ਅਤੇ ਪੰਜਾਬ-

ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਿਭਾਗ ਦੇ 2015 ਦੇ ਸਰਵੇ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ ਵਿੱਚੋਂ 2.32 ਲੱਖ ਲੋਕ ਨਸ਼ੇ ਦੇ ਸੇਵਨ ਦੇ ਆਦਿ ਹਨ।

ਸਰਵੇ 'ਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਸੀ ਕਿ ਪੰਜਾਬ ਵਿੱਚ ਨਸ਼ੇ ਦੀ ਪੂਰਤੀ ਬਾਹਰੀ ਰਾਜਾਂ ਤੋਂ ਪੂਰੀ ਹੁੰਦੀ ਹੈ, ਕਿਉਂਕਿ ਸ਼ਰਾਬ ਅਤੇ ਤੰਬਾਕੂ ਨੂੰ ਛੱਡ ਕੇ ਰਵਾਇਤੀ ਨਸ਼ੇ ਜਿਵੇਂ ਅਫ਼ੀਮ, ਭੁੱਕੀ, ਡੋਡੇ ਅਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ ਪੂਰੀ ਤਰ੍ਹਾਂ ਪਾਬੰਦੀਸ਼ੁਦਾ ਹਨ। ਦੂਜੇ ਪਾਸੇ ਪੰਜਾਬ ਦੀ ਭੂਗੋਲਿਕ ਸਥਿਤੀ ਉੱਤੇ ਜੇਕਰ ਨਜ਼ਰ ਮਾਰੀਏ ਤਾਂ ਇਹ ਸਰਹੱਦੀ ਸੂਬਾ ਹੈ। ਨਸ਼ੇ ਦੀ ਤਸਕਰੀ ਲਈ ਗੋਲਡਨ ਰੂਟ ਮੰਨੇ ਜਾਣ ਵਾਲੇ ਈਰਾਨ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨਾਲ ਇਸ ਦੀ ਸਰਹੱਦ ਲੱਗਦੀ ਹੈ।

ਇਸ ਤੋਂ ਇਲਾਵਾ ਦੂਜੇ ਰਾਜਾਂ ਤੱਕ ਨਸ਼ਾ ਪਹੁੰਚਾਉਣ ਲਈ ਪੰਜਾਬ ਨੂੰ ਟਰਾਂਜ਼ਿਟ ਰੂਟ ਵੀ ਮੰਨਿਆ ਜਾਂਦਾ ਹੈ। ਇਸ ਕਾਰਨ ਸਪਲਾਈ ਦੇ ਨਾਲ-ਨਾਲ ਸੂਬੇ 'ਚ ਨਸ਼ੇ ਦੀ ਖ਼ਪਤ ਵੀ ਦਿਨ ਪ੍ਰਤੀ ਦਿਨ ਵਧਣ ਲੱਗੀ ਅਤੇ ਜੋ ਹੁਣ ਤੱਕ ਜਾਰੀ ਹੈ।

### ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ-

ਪੰਜਾਬ ਦੇ ਹਾਲਾਤ ਬਾਰੇ ਜਾਣਕਾਰਾਂ ਦਾ ਦਾਅਵਾ ਹੈ ਕਿ ਸੂਬੇ ਵਿਚ ਸ਼ਰਾਬ ਆਮ ਹੈ ਅਤੇ ਜੇਕਰ ਪੇਂਡੂ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਕਿਸਾਨ ਅਤੇ ਮਜ਼ਦੂਰ ਵੱਧ ਕੰਮ ਕਰਨ ਲਈ ਭੁੱਕੀ, ਡੋਡੇ ਅਤੇ ਅਫ਼ੀਮ ਦਾ ਨਸ਼ਾ ਕਰਦੇ ਸਨ ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਇਨ੍ਹਾਂ ਰਵਾਇਤੀ ਨਸ਼ਿਆਂ ਤੋਂ ਅੱਗੇ ਵਧ ਗਿਆ ਅਤੇ ਇੱਥੇ ਸਿੰਥੈਟਿਕ ਨਸ਼ੇ ਦੀ ਖਪਤ ਵਧਣ ਲੱਗੀ, ਖ਼ਾਸ ਤੌਰ 'ਤੇ ਚਿੱਟੇ ਦੀ।

ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਮੁਤਾਬਕ ਪੰਜਾਬ ਵਿਚ ਨਸ਼ੇ ਦਾ ਸਾਲਾਨਾ ਕਾਰੋਬਾਰ 7,500 ਕਰੋੜ ਰੁਪਏ ਦਾ ਹੈ।

### ਕਿਹੜੇ ਨਸ਼ੇ ਹਨ ਪੰਜਾਬ 'ਚ-

ਨਸ਼ੇ ਦੀ ਰੋਕਥਾਮ ਲਈ ਪੰਜਾਬ ਵਿਚ ਗਠਿਤ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਅਨੁਸਾਰ ਸੂਬੇ ਵਿਚ ਮੁੱਖ ਤੌਰ 'ਤੇ ਭੁੱਕੀ, ਅਫ਼ੀਮ, ਹੈਰੋਇਨ, ਮੈਡੀਕਲ ਨਸ਼ਾ ਅਤੇ ਸਿੰਥੈਟਿਕ ਨਸ਼ੇ ਚੱਲਦੇ ਹਨ ਪਰ ਇਨ੍ਹਾਂ ਵਿਚੋਂ ਚਿੱਟਾ ਜ਼ਿਆਦਾ ਪ੍ਰਚਲਿਤ ਤੇ ਖ਼ਤਰਨਾਕ ਦੱਸਿਆ ਜਾ ਰਿਹਾ ਹੈ।

ਚਿੱਟਾ ਅਸਲ ਵਿਚ ਸਿੰਥੈਟਿਕ ਨਸ਼ਾ ਹੈ ਜੋ ਹੈਰੋਇਨ ਦਾ ਇੱਕ ਰੂਪ ਹੈ। ਇਸ ਦਾ ਰੰਗ ਸਫ਼ੈਦ ਹੋਣ ਕਾਰਨ ਸਥਾਨਕ ਭਾਸ਼ਾ 'ਚ ਇਸ ਨੂੰ ਚਿੱਟਾ ਆਖਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਚਿੱਟਾ ਹੀ ਨਸ਼ੇੜੀਆਂ ਦੀ ਪਸੰਦ ਬਣਦਾ ਜਾ ਰਿਹਾ ਹੈ।

### ਕਿੱਥੋਂ ਆਉਂਦਾ ਹੈ ਪੰਜਾਬ ਵਿਚ ਨਸ਼ਾ ?

ਐਸਟੀਐਫ ਦੇ ਮੁਤਾਬਕ ਹੈਰੋਇਨ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਹੁੰਦੀ ਹੋਈ ਪੰਜਾਬ ਪਹੁੰਚਦੀ ਹੈ। ਸੂਬੇ ਦੀ ਪਾਕਿਸਤਾਨ ਨਾਲ ਲੰਬੀ ਸਰਹੱਦ ਹੈ ਜਦੋਂ ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਸਖ਼ਤੀ ਹੁੰਦੀ ਹੈ ਤਾਂ ਉਹ ਦੂਜਾ ਰੂਟ ਜੋ ਰਾਜਸਥਾਨ ਜਾਂ ਜੰਮੂ- ਕਸ਼ਮੀਰ ਰਾਹੀਂ ਸਰਗਰਮ ਹੋ ਜਾਂਦੇ ਹਨ। ਐਸਟੀਐਫ ਨਾਲ ਜੁੜੇ ਸਰਹੱਦੀ ਖੇਤਰ ਦੇ ਪੰਜਾਬ ਪੁਲਿਸ ਦੇ ਆਈ ਜੀ ਰਾਕੇਸ਼ ਕੁਮਾਰ ਜੈਸਵਾਲ ਦਾ ਕਹਿਣਾ ਹੈ, "ਪਾਕਿਸਤਾਨ ਡਰੱਗਜ਼ ਦਾ ਰੂਟ ਬੇਸ਼ੱਕ ਹੈ ਪਰ ਅਸੀਂ ਦਿੱਲੀ ਰੂਟ ਤੋਂ ਆਉਂਦੀਆਂ ਨਸ਼ੇ ਦੀਆਂ ਖੇਪਾਂ ਫੜੀਆਂ ਹਨ।"

ਉਨ੍ਹਾਂ ਦੱਸਿਆ ਕਿ ਨਸ਼ੇ ਦੇ ਸੌਦਾਗਰ ਇਸ ਦੀ ਸਪਲਾਈ ਦਾ ਰੂਟ ਬਦਲਦੇ ਰਹਿੰਦੇ ਹਨ।

ਇਸ ਦੇ ਨਾਲ ਹੀ ਐਸਟੀਐਫ ਦੇ ਜਲੰਧਰ ਜ਼ੋਨ ਦੇ ਇੰਸਪੈਕਟਰ ਜਨਰਲ ਪ੍ਰਮੋਦ ਬੇਨ ਨੇ ਆਖਿਆ ਕਿ "ਅਸੀਂ ਅੰਮ੍ਰਿਤਸਰ ਵਾਲੇ ਪਾਸੇ ਸਖ਼ਤੀ ਕਰਦੇ ਹਾਂ ਤਾਂ ਤਸਕਰ ਫ਼ਿਰੋਜ਼ਪੁਰ-ਫ਼ਾਜ਼ਿਲਕਾ ਜਾਂ ਰਾਜਸਥਾਨ ਵਾਲੇ ਪਾਸੇ ਸਰਗਰਮ ਹੋ ਜਾਂਦੇ ਹਨ।"

ਉਨ੍ਹਾਂ ਦੱਸਿਆ ਕਿ ਅਫ਼ੀਮ ਅਤੇ ਭੁੱਕੀ ਵੀ ਪੰਜਾਬ 'ਚ ਦੂਜੇ ਜ਼ਿਲ੍ਹਿਆਂ ਤੋਂ ਆਉਂਦੀ ਹੈ। ਪੰਜਾਬ 'ਚ ਅਫ਼ੀਮ ਅਤੇ ਭੁੱਕੀ ਦੀ ਖੇਤੀ ਉੱਤੇ ਪਾਬੰਦੀ ਹੋਣ ਕਾਰਨ ਇਹ ਭਾਰਤ ਦੇ 27 ਸੂਬਿਆਂ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਅਤੇ ਜੰਮੂ - ਕਸ਼ਮੀਰ ਪ੍ਰਮੁੱਖ ਹਨ, ਤੋਂ ਪੰਜਾਬ ਵਿਚੋਂ ਆਉਂਦੀ ਹੈ।

ਐਸਟੀਐਫ ਦੇ ਅਧਿਕਾਰੀਆਂ ਮੁਤਾਬਕ ਮੈਡੀਕਲ ਨਸ਼ਾ ਪੰਜਾਬ ਵਿੱਚ, ਹਰਿਆਣਾ ਜਾਂ ਪੱਛਮੀ ਉੱਤਰ ਪ੍ਰਦੇਸ਼ ਤੋਂ ਆਉਂਦਾ ਹੈ ਜਦੋਂਕਿ ਭੰਗ ਅਤੇ ਚਰਸ ਹਿਮਾਚਲ ਪ੍ਰਦੇਸ਼ ਵਿਚ ਪੈਦਾ ਹੁੰਦੀ ਹੈ ਅਤੇ ਉੱਥੋਂ ਹੀ ਪੰਜਾਬ ਵਿੱਚ ਸਪਲਾਈ ਹੁੰਦੀ ਹੈ।

### ਪੰਜਾਬ ਵਿਚ ਨਸ਼ੇ ਦਾ ਰੂਟ-

ਪਾਕਿਸਤਾਨ ਤੋਂ ਪੰਜਾਬ 'ਚ ਨਸ਼ਾ ਆਉਣ ਬਾਰੇ ਪੰਜਾਬ ਪੁਲਿਸ ਨੇ ਆਪਣੀਆਂ ਜਾਂਚ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ। ਐਸਟੀਐਫ ਮੁਤਾਬਕ ਪਿਛਲੇ ਸਾਲ ਮਈ ਮਹੀਨੇ ਵਿੱਚ ਲੁਧਿਆਣਾ ਪੁਲਿਸ ਨੇ ਕੁਝ ਵਿਅਕਤੀਆਂ ਕੋਲੋਂ ਪੰਜ ਕਿੱਲੋ ਹੈਰੋਇਨ ਬਰਾਮਦ ਕੀਤੀ।ਜਾਂਚ ਤੋਂ ਪਤਾ ਲੱਗਾ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਸਰਪੰਚ ਅਤੇ ਉਸ ਦੇ ਚਾਰ ਸਾਥੀਆਂ ਨੂੰ ਇਹ ਨਸ਼ਾ ਪਾਕਿਸਤਾਨ ਤੋਂ ਆਇਆ ਸੀ।

ਇਨ੍ਹਾਂ ਕੋਲੋਂ ਪੁਲਿਸ ਨੂੰ ਪਾਕਿਸਤਾਨੀ ਸਿਮ ਵੀ ਬਰਾਮਦ ਹੋਇਆ ਹੈ ਜਿਸ ਰਾਹੀਂ ਇਹ ਪਾਕਿਸਤਾਨ ਬੈਠੇ ਆਪਣੇ ਸਾਥੀਆਂ ਨਾਲ ਗੱਲ ਕਰਦੇ ਸਨ। ਨਸ਼ੇ ਦੀ ਵੱਡੀ ਖੇਪ ਇਹ ਪਾਕਿਸਤਾਨ ਤੋਂ ਲੈਂਦੇ ਸਨ ਅਤੇ ਫਿਰ ਇਹ ਵੱਖ-ਵੱਖ ਸੂਬਿਆਂ ਨੂੰ ਸਪਲਾਈ ਕਰਦੇ ਸਨ।

ਪੁਲਿਸ ਨੂੰ ਜਾਂਚ ਵਿੱਚ ਇਹ ਵੀ ਪਤਾ ਲੱਗਾ ਕਿ ਨਸ਼ੇ ਦੇ ਪੈਸੇ ਇਹ ਦਲਾਲਾਂ ਰਾਹੀਂ ਭੇਜਦੇ ਸਨ। ਇਸ ਮਹੀਨੇ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਸਥਿਤ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ 3.75 ਕਰੋੜ ਦਾ ਨਸ਼ਾ ਜ਼ਬਤ ਕੀਤਾ, ਜਿਸ ਵਿਚ ਅਟਾਰੀ ਰੇਲਵੇ ਸਟੇਸ਼ਨ ਤੋਂ ਬਰਾਮਦ ਕੀਤੇ ਗਏ, ਹੈਰੋਇਨ ਦੇ ਉਹ ਪੈਕੇਟ ਵੀ ਸ਼ਾਮਲ ਸਨ, ਜੋ ਪਾਕਿਸਤਾਨ ਤੋਂ ਰੇਲ ਗੱਡੀ ਦੇ ਡੱਬੇ ਵਿਚ ਲੁਕਾ ਕੇ ਰੱਖੇ ਗਏ ਸਨ।



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed



# ਸਤਿੰਦਰ ਸਰਤਾਜ ਦਾ ਗੀਤ 'ਗੁਰਮੁਖੀ ਦਾ ਬੇਟਾ' ਬਣਿਆਂ ਲੱਖਾਂ ਦਿਲਾਂ ਦੀ ਧੜਕਣ

## ਪੰਜਾਬ ਦੇ ਪਾਣੀਆਂ ਨੂੰ ਸਮਰਪਿਤ ਸੰਗੀਤਕ ਐਲਬਮ ਹੈ ਦਰਿਆਈ ਤਰਜ਼ਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਦੁਨੀਆ ਭਰ 'ਚ ਪ੍ਰਸਿੱਧ ਹੋਏ ਪੰਜਾਬੀ ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਨਵਾਂ ਗੀਤ 'ਗੁਰਮੁਖੀ ਦਾ ਬੇਟਾ' ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂੰਹਦਾ ਹੋਇਆ ਲੱਖਾਂ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਗਿਆ ਹੈ। ਇਸ ਗੀਤ ਦੇ ਬੋਲ ਪੰਜਾਬ ਸਮੇਤ ਦੇਸ਼ਾਂ-ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦੇ ਦਿਲ ਨੂੰ ਸ਼ਰਸ਼ਾਰ ਕਰ ਰਹੇ ਹਨ। ਸਾਂਝੇ ਪੰਜਾਬ ਦੇ ਸੱਤ ਦਰਿਆਵਾਂ ਨੂੰ ਸਮਰਪਿਤ ਸਤਿੰਦਰ ਸਰਤਾਜ ਦੀ ਪੰਜਾਬ ਅਤੇ ਪੰਜਾਬ ਦੇ ਪਾਣੀਆਂ ਨੂੰ ਸਮਰਪਿਤ ਇਸ ਸੰਗੀਤਕ ਐਲਬਮ ਦਾ ਨਾਂ "ਦਰਿਆਈ ਤਰਜ਼ਾਂ" ਰੱਖਿਆ ਗਿਆ ਗਿਆ ਹੈ। ਇਸ ਦਾ ਪਹਿਲਾ ਗੀਤ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ, "ਗੁਰਮੁਖੀ ਦਾ ਬੇਟਾ" ਹੈ ਜੋ ਪੁਰਾਤਨ ਪੰਜਾਬ ਦੀ ਝਲਕ ਦਰਸਾਉਂਦਾ ਹੈ, ਜਿੱਥੇ ਇਤਿਹਾਸ ਦੀਆਂ ਕਈ ਬੇਸ਼ਕੀਮਤੀ ਤੇ ਰੂਹਾਨੀ ਰਚਨਾਵਾਂ ਇਸ ਦੇ ਦਰਿਆਵਾਂ ਦੇ ਕਿਨਾਰਿਆਂ 'ਤੇ ਬੈਠ ਕੇ ਰਚੀਆਂ ਗਈਆਂ।

'ਗੁਰਮੁਖੀ ਦਾ ਬੇਟਾ' ਗੀਤ ਦੇ ਸਿਰਜਣਹਾਰ ਸਤਿੰਦਰ ਸਰਤਾਜ ਨੇ ਇਕ ਵਿਸ਼ੇਸ਼ ਇੰਟਰਵਿਊ ਦੌਰਾਨ ਇਸ ਗੀਤ ਦੇ ਪਿੱਛੇ ਲੁਕੇ ਕੁਝ ਰੌਚਕ ਅਤੇ ਅਹਿਮ ਤੱਥਾਂ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ।

ਜਦੋਂ ਸਤਿੰਦਰ ਨੂੰ 'ਗੁਰਮੁਖੀ ਦਾ ਬੇਟਾ' ਗੀਤ ਦਾ ਨਿਚੋੜ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਗੀਤ ਦਰਿਆਈ ਤਰਜ਼ਾਂ (Seven Rivers) ਐਲਬਮ ਦਾ ਸਭ ਤੋਂ ਪਹਿਲਾ ਗੀਤ ਹੈ। ਸਰਤਾਜ ਨੇ ਕਿਹਾ ਕਿ ਮੈਂ ਇਸ ਮੁਆਮਲੇ ਨਾਲ਼ ਤਅਲੁਕ ਰੱਖਣ ਵਾਲ਼ੇ ਕੁਛ ਖ਼ਾਸ ਪਹਿਲੂ ਸਭ ਨਾਲ਼ ਸਾਂਝੇ ਕਰਨਾ ਚਾਹੁੰਦਾ ਹਾਂ।

ਉਨ੍ਹਾਂ ਦੱਸਿਆ ਕਿ "ਗੁਰਮੁਖੀ ਦਰਅਸਲ ਪੰਜਾਬੀ ਜ਼ੁਬਾਨ ਨੂੰ ਲਿਖਣ ਲਈ ਇਸਤੇਮਾਲ ਹੋਣ ਵਾਲ਼ੀ ਲਿੱਪੀ (Script -ਤਹਿਰੀਰ) ਦਾ ਨਾਮ ਹੈ। ਅੱਜ ਦੀ ਤਵਾਰੀਖ਼ ਵਿਚ ਜ਼ੁਬਾਨ, ਭਾਸ਼ਾ ਤੇ ਬੋਲੀ 'ਤੇ ਬਹੁਤ ਸਾਰੇ ਅਫ਼ਸਾਨੇ ਗਾਏ ਗਏ ਹਨ, ਲੋਕਾਂ ਨੇ ਪਸੰਦ ਵੀ ਕੀਤੇ ਹਨ ਪਰ ਮੈਨੂੰ ਲੱਗਦੈ ਕਿ ਪੰਜਾਬੀ ਸੰਗੀਤ ਦੇ ਇਤਿਹਾਸ 'ਚ ਇਹ ਪਹਿਲਾ ਅਫ਼ਸਾਨਾ ਹੈ, ਜਿਹੜਾ ਪੰਜਾਬੀ ਬੋਲੀ ਦੀ ਲਿੱਪੀ 'ਤੇ ਹੈ। ਮੈਂ ਇਹ ਸਮਝਦਾ ਹਾਂ ਕਿ ਭਾਸ਼ਾ ਨੂੰ ਪ੍ਰੀਜ਼ਰਵ ਕਰਨ ਵਾਲਾ ਐਲੀਮੈਂਟ ਲਿੱਪੀ (ਸਕਰਿਪਟ) ਹੁੰਦੀ ਹੈ ਤੇ ਇਹੀ ਐਲੀਮੈਂਟ ਹੈ ਜਿਹੜਾ ਭਾਸ਼ਾ ਵਿਚ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਲਈ ਇਸ ਚੀਜ਼ ਨੂੰ ਮਹੱਤਤਾ ਦੇਣੀ ਬਹੁਤ ਜ਼ਰੂਰੀ ਸਮਝੀ। ਸਾਨੂੰ ਲਿੱਪੀ ਦੀ ਮਹਤੱਤਾ ਦੀ ਸਮਝ ਹੋਣੀ ਜ਼ਰੂਰੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਬੋਲੀ ਮਰ ਰਹੀ ਹੈ ਪਰ ਦਰਅਸਲ ਲਿੱਪੀ ਹੀ ਬੋਲੀ ਨੂੰ ਸਾਂਭ ਕੇ ਰੱਖਦੀ ਹੈ। ਪੰਜਾਬੀ ਹੋਣ ਕਰਕੇ ਮੈਨੂੰ ਮਾਣ ਹੈ ਕਿ ਅਸੀਂ ਉਸ ਕੌਮ ਵਿੱਚੋਂ ਹਾਂ ਜ਼ਿਹਨਾਂ ਕੋਲ ਉਹਨਾਂ ਦੇ ਆਪਣੇ ਅੱਖਰ ਹਨ ਇਸ ਲਈ ਆਉ ਇਸ ਖ਼ਜ਼ਾਨੇ ਨੂੰ ਨਿਵਾਜੀਏ ਤੇ ਵਡਿਆਈਏ।"

"ਇਹ ਸ਼ਾਇਦ ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਬੋਲੀ ਦੀ ਲਿੱਪੀ (Script -ਤਹਿਰੀਰ) ਦੀ ਖ਼ੂਬੀ ਬਾਰੇ ਕੋਈ ਗੀਤ ਲਿਖਿਆ ਗਿਆ ਹੋਵੇ।"

"ਮੈਂ ਇਹ ਗੀਤ ਦਰਿਆ ਸਤਲੁਜ ਨੂੰ ਸਮਰਪਿਤ ਕਰਦਾ ਹਾਂ ਕਿਉਂਕਿ ਇਹ ਅਹਿਮ ਗੁਰਮੁਖੀ ਲਿਖਤਾਂ ਦਾ ਸ਼ਾਹਿਦ/ਗਵਾਹ ਹੈ।"

"ਇਹ ਅਦਬੀ ਤਰਜ਼ ਸਾਡੇ ਵਿਰਸੇ ਦੇ ਬਹੁਤ ਅਣਛੂਹੇ ਪਹਿਲੂਆਂ ਨੂੰ ਵੀ ਤਰਜੀਹ ਦਿੰਦੀ ਏ। 'ਗੁਰਮੁਖੀ ਦਾ ਬੇਟਾ' ਅਫ਼ਸਾਨਾ ਇਸ ਜ਼ਮੀਨ ਦੇ ਕਿਸਾਨਾਂ ਤੋਂ ਲੈ ਕੇ ਨੂੰ ਮੁਹੱਬਤ ਕਰਨ ਵਾਲ਼ਿਆਂ ਤਕ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।"

"੧੨ਵੀਂ ਸਦੀ ਤੋਂ ਸ਼ੇਖ ਫਰੀਦ ਜੀ ਨੂੰ ਪੰਜਾਬੀ ਬੋਲੀ ਦਾ ਪਹਿਲਾ ਕਵੀ ਸਮਝਿਆ ਜਾਂਦਾ ਹੈ। ਸ਼ੇਖ ਫਰੀਦ ਜੀ ਦੇ ਸਮੇਂ, ਮੰਨਿਆ ਗਿਆ ਹੈ ਕਿ 'ਪੰਜਾਬ' ਲਫ਼ਜ਼ ਪਹਿਲੀ ਵਾਰ ਲਿਖਤਾਂ ਵਿਚ ਆਇਆ, ਨਹੀਂ ਤਾਂ ਇਹ ਧਰਤੀ ਰਿਗਵੇਦ ਦੀ ਰਚਨਾ ਤੋਂ ਹੀ 'ਸਪਤ ਸਿੰਧੂ' ਦੇ ਨਾਮ ਨਾਲ ਜਾਣੀ ਜਾਂਦੀ ਸੀ।"

"ਇਹ ਕਦੀਮੀ ਤਹਿਜ਼ੀਬ ਤੇ ਪੁਰਾਤਨ ਸਭਿਅਤਾ ਦੇ ਜ਼ਮੀਨੀ ਹਾਸ਼ੀਏ ਤਹਿਤ ਦੋ ਅਹਿਮ ਦਰਿਆਵਾਂ ; ਸਿੰਧ ਤੇ ਘੱਗਰ ਨੂੰ ਪੰਜਾਬ ਦੇ ਪੰਜ ਦਰਿਆਵਾਂ ; ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਹੈ।"

"ਮੈਨੂੰ ਉਮੀਦ ਹੈ ਕਿ ਇਹ ਪਹਿਲੂ ਇਸ ਗੀਤ ਦੇ ਸਾਰ ਨੂੰ ਸਮਝਣ ਵਿਚ ਮਦਦ ਕਰਨਗੇ। ਇਹ ਵੀ ਲਗਦਾ ਹੈ ਕਿ ਇਹ ਕੋਸ਼ਿਸ਼ ਸਾਡੇ ਵਿਰਸੇ ਦੀਆਂ ਖ਼ੂਬਸੂਰਤ ਪਰਤਾਂ ਨੂੰ ਖੋਲ੍ਹ ਕੇ ਦੁਬਾਰਾ ਉਸਾਰੀ ਦੀਆਂ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਵੇਗੀ ਅਤੇ ਜੋ ਲੋਕ ਸਾਡੀ ਵਿਰਾਸਤ ਤੋਂ ਨਾਵਾਕਿਫ਼ ਹਨ, ਉਹ ਵੀ ਇਸ ਨੂੰ ਸਮਝ ਸਕਣਗੇ।"

ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬਹੁਤੇ ਲੋਕ ਪੰਜਾਬ ਦੇ ਦਰਿਆਵਾਂ ਦੇ ਇਤਿਹਾਸ ਤੋਂ ਅਣਜਾਣ ਹਨ। ਇਹ ਗੱਲ ਬਹੁਤ ਬਦਕਿਸਮਤੀ ਵਾਲੀ ਹੈ। ਇਸ ਗੱਲ ਦਾ ਮੈਨੂੰ ਦੁੱਖ ਵੀ ਹੈ ਕਿਉਂਕਿ ਇਹ ਇਕ ਮਹੱਤਵਪੂਰਨ ਖੇਤਰ ਹੈ, ਜਿੱਥੇ ਵੇਦ ਰਚੇ ਗਏ। ਇਸ ਲਈ ਜਿਹੜੀ ਇੰਨੀ ਮਹੱਤਵਪੂਰਨ ਜਗ੍ਹਾ ਸਾਡੀ ਧਰਤੀ ਦਾ ਹਿੱਸਾ ਹੈ, ਮੇਰਾ ਜੀਅ ਕਰਦਾ ਹੈ ਕਿ ਕਿਉਂ ਨਾ ਹੋਵੇ ਇਨ੍ਹਾਂ ਚੀਜ਼ਾਂ ਨੂੰ, ਇਨ੍ਹਾਂ ਸਾਂਝਾਂ ਨੂੰ ਸੁਰਜੀਤ ਕਰੀਏ ਤੇ ਉਸੇ ਦ੍ਰਿਸ਼ਟੀਕੋਣ ਨਾਲ ਵੇਖੀਏ ਜਿੱਥੇ ਕਦੇ ਸੱਤ ਦਰਿਆ ਵਗਦੇ ਸੀ।

ਇਹ ਗੀਤ ਸਤਲੁਜ ਦਰਿਆ ਨੂੰ ਸਮਰਪਿਤ ਕੀਤਾ ਗਿਆ ਹੈ, ਇਸ ਦੀ ਵਜ੍ਹਾ ਇਹ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਸੀ ਤੇ ਜਦੋਂ ਬ੍ਰਿਟਿਸ਼ ਰਾਜ ਦੀ ਸੰਧੀ ਹੋਈ ਤਾਂ ਇਹ ਸਤਲੁਜ ਦਰਿਆ 'ਤੇ ਹੋਈ ਸੀ। ਇਸ ਦਾ ਮਤਲਬ ਇਹ ਉਦੋਂ ਹੀ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਮੇਰਾ ਇਹ ਨਿੱਜੀ ਤੌਰ 'ਤੇ ਮੰਨਣਾ ਹੈ ਕਿ ਉਸ ਵੇਲੇ ਦੀਆਂ ਸਾਰੀਆਂ ਪੰਜਾਬੀ ਰਚਨਾਵਾਂ ਇਸ ਦੇ ਕਿਨਾਰੇ 'ਤੇ ਹੋਈਆਂ ਹੋਣੀਆਂ ਹਨ ਕਿਉਂਕਿ ਇਹ ਸੀਮਾ (Boundary) ਸੀ। ਜਿਹੜੀ ਵੱਡੀ ਮਹੱਤਵਪੂਰਨ ਉਦਾਹਰਨ ਮੇਰੇ ਕੋਲ ਹੈ, ਉਹ ਹੈ 'ਚੌਪਈ ਸਾਹਿਬ', ਜਿਹੜਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਭੋਰ ਸਾਹਿਬ ਬੈਠ ਕੇ ਲਿਖਿਆ ਸੀ। ਇਹ ਸਤਲੁਜ ਦਰਿਆ ਉਸ ਚੀਜ਼ ਦਾ ਗਵਾਹ ਹੈ, ਇਹ ਪਾਣੀ ਆਲਮ ਤੋਂ ਵਗਦੇ ਨੇ, ਪ੍ਰਾਚੀਨ ਸਮੇਂ ਤੋਂ ਚਲਦੇ ਆ ਰਹੇ ਹਨ। ਇਨ੍ਹਾਂ ਦਰਿਆਵਾਂ ਦੇ ਨਾਂਅ ਬਦਲੇ ਗਏ ਤੇ ਹੁਣ ਸਾਡੇ ਲਈ ਇਹ ਸੱਤ ਦਰਿਆ ਹਨ ਤੇ ਮੈਂ ਸੱਤਾਂ ਦਰਿਆਵਾਂ ਨੂੰ ਇਹ ਗੀਤ ਸਮਰਪਿਤ ਕਰਦਾ ਹਾਂ।

ਸਿਰਤਾਜ ਦੇ ਗੀਤਾਂ ਦੇ ਬੋਲ ਗਹਿਰੇ ਹੁੰਦੇ ਹਨ, ਜੋ ਅੱਜ ਦੇ ਨੌਜਵਾਨਾਂ ਲਈ ਕਈ ਵਾਰ ਸਮਝਣੇ ਔਖੇ ਹੋ ਜਾਂਦੇ ਹਨ। ਇਸ ਬਾਰੇ ਸਿਰਤਾਜ ਨੇ ਦੱਸਿਆ ਕਿ ਸਿਰਜਣਹਾਰ ਦਾ ਮਤਲਬ ਇਹੀ ਹੈ ਕਿ ਤੁਹਾਨੂੰ ਜੇਕਰ ਕੋਈ ਅਸਲੀਅਤ ਵਿਚ ਖ਼ਿਆਲ ਆ ਰਿਹਾ ਹੈ ਤਾਂ ਉਸ ਨੂੰ ਉਤਾਰੋ। ਉਸ ਵਿਚ ਜੇਕਰ ਬਨਾਵਟ ਪਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਸੋਹਣਾ ਤਾਂ ਹੋ ਸਕਦਾ ਹੈ, ਪਰ ਅਸਰਦਾਰ ਨਹੀਂ ਹੋਣਾ। ਮੈਂ ਯੂਐਸ ਵਿਚ ਇਹੋ ਜਿਹੇ ਲੋਕ ਸੁਣੇ ਨੇ, ਜਿਹੜੇ ਕਹਿੰਦੇ ਨੇ ਕਿ ਸਾਨ ਫਰਾਂਸਿਸਕੋ ਤੋਂ ਲਾਸ ਏਂਜਲਸ ਤਕ 6 ਘੰਟੇ ਦਾ ਸਫ਼ਰ ਹੁੰਦਾ ਹੈ ਤੇ ਸਾਰੇ ਰਸਤੇ ਇਕੋ ਹੀ ਗੀਤ ਚੱਲਦਾ ਹੈ। ਇਹ ਕਿਵੇਂ ਹੋ ਸਕਦਾ ਹੈ ਜੇ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ? ਇਸ ਦਾ ਮਤਲਬ ਹੈ ਕਿ ਉਸ ਵਿਚ ਕੋਈ ਵਿਸਮਾਦੀ, ਇਲਾਹੀ ਰੰਗਤ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਲਫ਼ਜ਼ ਸਿੱਧੇ ਤੁਹਾਡੇ ਜ਼ਿਹਨ ਵਿਚ ਸਮਝ ਆ ਜਾਣ। ਇਹ ਸਕੂਨ ਦੇਣ ਵਾਲਾ ਜ਼ਰੂਰ ਹੋਣਾ ਚਾਹੀਦਾ ਹੈ। ਇਸ ਲਈ ਇਹੋ ਜਿਹੇ ਅਫ਼ਸਾਨੇ, ਤਸ਼ਬੀਹਾਂ, ਲਿਟਰੇਚਰ, ਰੰਗਤ, ਲਫ਼ਜ਼ ਜਾਂ ਵੰਨਗੀ ਕੁਝ ਵੀ ਕਹਿ ਲਓ, ਚਾਹੇ ਅਜੋਕਾ ਹੋਵੇ, ਚਾਹੇ ਪੁਰਾਤਨ ਹੋਵੇ ਪਰ ਉਹਦਾ ਅਸਰ ਸਕੂਨ ਦੇ ਪੱਧਰ 'ਤੇ ਤੁਹਾਡੇ ਜ਼ਿਹਨ 'ਤੇ ਹੋਣਾ ਬਹੁਤ ਜ਼ਰੂਰੀ ਹੈ। 'ਗੁਰਮੁਖੀ ਦਾ ਬੇਟਾ' ਜਦੋਂ ਅਸੀਂ ਅਪਣੇ ਘਰ ਵਿਚ ਹੀ ਪਲੇਅ ਕੀਤਾ ਤਾਂ ਉਸ ਨੂੰ ਸੁਣ ਕੇ ਕਈਆਂ ਨੇ ਕਿਹਾ ਕਿ ਸਮਝ ਤਾਂ ਨਹੀਂ ਆਈ ਪਰ ਚੰਗਾ ਬਹੁਤ ਲੱਗਿਆ। ਮੇਰੇ ਖਿਆਲ 'ਚ ਇਹ ਕਿਸੇ ਵੀ ਸਾਹਿਤ ਦੇ ਸਿਰਜਣਹਾਰ ਲਈ ਬਹੁਤ ਵੱਡੀ ਉਪਲਬਧੀ ਹੁੰਦੀ ਹੈ ਕਿ ਉਸ ਦੀ ਚੀਜ਼ ਸਮਝ ਨਾ ਆਵੇ ਪਰ ਅਸਰ ਪੂਰਾ ਵਿਖਾਵੇ। ਇਹ ਲਫ਼ਜ਼ ਜਿਹੜੇ ਨੇ, ਮੈਂ ਕੋਈ ਆਪਣੇ ਕੋਲੋਂ ਨਹੀਂ ਲੈ ਕੇ ਆਇਆ। ਇਹ ਮੈਂ ਵੀ ਇੱਥੋਂ ਹੀ ਸਿੱਖੇ ਨੇ, ਪੜ੍ਹੇ ਨੇ। ਮੇਰੀ ਪੈਦਾਇਸ਼, ਪਾਲਣ-ਪੋਸ਼ਣ ਪੰਜਾਬ ਦਾ ਹੀ ਹੈ ਪਰ ਮੇਰੀ ਮੁਹੱਬਤ ਉਰਦੂ, ਅਰਬੀਅਨ ਤੇ ਹੋਰ ਕਈ ਭਾਸ਼ਾਵਾਂ ਨਾਲ ਵੀ ਹੈ।

ਇਸ ਤਰ੍ਹਾਂ ਪੰਜਾਬੀ ਸੰਗੀਤ ਵਿਚ ਆਪਣੀ ਵਿਲੱਖਣ ਗਾਇਕੀ, ਗੀਤਕਾਰੀ ਅਤੇ ਅਦਾਕਾਰੀ ਨਾਲ ਸੁਚੱਜੀ ਥਾਂ ਬਣਾਉਣ ਵਾਲੇ ਸਤਿੰਦਰ ਸਰਤਾਜ ਵੱਲੋਂ ਆਪਣੀ ਇੱਕ ਨਵੀਂ ਤੇ ਵਿਲੱਖਣ ਪੇਸ਼ਕਾਰੀ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕੀਤੀ ਗਈ ਹੈ।

## GURMUKHI DA BETA (Translation)

ਜਿਹਨੂੰ ਖ਼ੁਦ ਬਣਾ ਕੇ ਸ਼ਾਇਰ ਕਰਤੇ ਨੇ ਬਖ਼ਸ਼ੀ ਕਵਿਤਾ ;
'ਸਰਤਾਜ' ਨਾਮ ਦੇ ਕੇ ਓਹਨੂੰ ਖੋਰਦੇ ਨੇ ਅੱਖਰ!
ਉਤਰੇ ਨਾ ਜੋ ਖ਼ੁਮਾਰੀ ਉਸ ਲੋਰ ਦੇ ਨੇ ਅੱਖਰ!
The Creator Himself made
whom the poet classified,
The letters dissolve him by naming him 'Sartaaj',
the name verified.
Letters of ecstasy...
ਮੈਂ ਗੁਰਮੁਖੀ ਦਾ ਬੇਟਾ ਮੈਨੂੰ ਤੋਰਦੇ ਨੇ ਅੱਖਰ!
ਮਾਂ ਖੇਲਣੇ ਨੂੰ ਦਿੱਤੇ ਬੜੀ ਲੋਰ ਦੇ ਨੇ ਅੱਖਰ!
I son of the script of my mother tongue,
In its symbols I stride,
My Mother tongue has given me to play
the Letters of ecstasy
intoxicated in its pride,
1. ਫੁੱਲਾਂ ਨੂੰ ਕੌਣ ਦੱਸੇ (ਕਿ) ਥੋਨੂੰ ਦਾਨ 'ਚ ਮਿਲ਼ੇ ਨੇ,
ਜਿਹੜੀ ਟਿੱਬਿਆਂ 'ਚ ਟਹਿਕੇ ਉਸ ਥ੍ਹੋਰ ਦੇ ਨੇ ਅੱਖਰ!
ਥੋਨੂੰ ਖੇਲਣੇ ਨੂੰ ਮਿਲ਼ ਗਏ ਕਿਸੇ ਹੋਰ ਦੇ ਨੇ ਅੱਖਰ!
They got in charity whom
the flowers should vide,
The letters are of the thorn,
In uneven lands which abides.
YouÒve got Letters of another to play
be gratified.
2. ਕੋਇਲਾਂ ਨੂੰ ਮਿਲ਼ ਗਈ ਏ ਸਭਨਾਂ ਦੀ ਸਹਿਮਤੀ ਪਰ;
ਜੋ ਰੋਂਦਿਆਂ ਵੀ ਨੱਚਦਾ ਉਸ ਮੋਰ ਦੇ ਨੇ ਅੱਖਰ!
ਥੋਨੂੰ ਖੇਲਣੇ ਨੂੰ ਮਿਲ਼ ਗਏ ਕਿਸੇ ਹੋਰ ਦੇ ਨੇ ਅੱਖਰ!
Nightingale sings and is accepted worldwide,
Letters of the peacock
who dances mystified but cried.
YouÒve got Letters of another to play
be gratified.
3. ਜਿਹੜੀ ਹਜ਼ਾਰਿਆਂ ਤੋਂ ਝੰਗ ਤੀਕ ਲੈ ਕੇ ਆਉਂਦੀ
ਜਿਹੜੀ ਆਸ਼ਕਾਂ ਨੂੰ ਖਿੱਚਦੀ ਉਸ ਡੋਰ ਦੇ ਨੇ ਅੱਖਰ!
ਉਤਰੇ ਨਾ ਜੋ ਖ਼ੁਮਾਰੀ ਉਸ ਲੋਰ ਦੇ ਨੇ ਅੱਖਰ!
From your origin to the land of lover,
it took you to reside,
Letters are of the chord of lovers
with which they are tied.
Letters of ecstasy....
4. ਚੰਨ ਚਮਕ-ਚਮਕ ਹੱਸਦਾ ਰਿਸ਼ਮਾਂ ਨੂੰ ਮਾਣ ਹੋਵੇ,
ਜਿਹਦੇ ਸਦਕੇ ਇਸ਼ਕ ਜਿਉਂਦਾ ਜੀ ਚਕੋਰ ਦੇ ਨੇ ਅੱਖਰ!
ਥੋਨੂੰ ਖੇਲਣੇ ਨੂੰ ਮਿਲ਼ ਗਏ ਕਿਸੇ ਹੋਰ ਦੇ ਨੇ ਅੱਖਰ!
" Moon laughs in its shine,
the beams take pride ...
The letters are of the Chukar,
for the love immortalised... "
YouÒve got Letters of another to play
be gratified.
5. ਜਿੱਥੇ ਮਹਿਕਦੀ ਕਿਸਾਨੀ ਹੱਥਾਂ ਦੇ ਰੱਟਣਾਂ ਚੋਂ,
ਜਿਸ ਨਾਲ਼ ਆਉਂਦਾ ਮੁੜਕਾ ਉਸ ਜ਼ੋਰ ਦੇ ਨੇ ਅੱਖਰ!
ਉਤਰੇ ਨਾ ਜੋ ਖ਼ੁਮਾਰੀ ਉਸ ਲੋਰ ਦੇ ਨੇ ਅੱਖਰ!
For fragrance that fumes of calluses
in hands, is implied,
Letters are of those
and the hardwork amplified.
Letters of ecstasy...
6. ਪੰਜਾਬ ਦੀ ਵਿਰਾਸਤ ਜਦੋਂ ਮੜਕ ਨਾਲ਼ ਤੁਰਦੀ
ਝਾਂਜਰ 'ਚ ਜਿਹੜਾ ਛਣਕੇ ਉਸ ਬੋਰ ਦੇ ਨੇ ਅੱਖਰ!
ਉਤਰੇ ਨਾ ਜੋ ਖ਼ੁਮਾਰੀ ਉਸ ਲੋਰ ਦੇ ਨੇ ਅੱਖਰ!
When the legacy of my motherland
moves glorified,
Letters are of the anklets tinkling when collide.
Letters of ecstasy intoxicated in its pride,
7. ਸਿੰਧ ਬਿਆਸ ਰਾਵੀ ਘੱਗਰ, ਸਤਲੁਜ ਚਨਾਬ ਜਿਹਲਮ,
ਕਲ-ਕਲ ਜੋ ਗੀਤ ਗਾਉਂਦੇ ਉਸ ਸ਼ੋਰ ਦੇ ਨੇ ਅੱਖਰ!
ਉਤਰੇ ਨਾ ਜੋ ਖ਼ੁਮਾਰੀ ਉਸ ਲੋਰ ਦੇ ਨੇ ਅੱਖਰ!
Sindh, Beas, Raavi, Ghaggar
Satluj, Chenab, Jhelum rivers provide,
Letters from their rustling waters and the tides.
Letters of ecstasy intoxicated in its pride.

**Dr. Satinder Sartaaj**
Aug 6th 2018, Chandigarh



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲੱਬਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

We are located in your neighborhood & provide the following services:

# JK BROKERS

CA DRE # 00908122 & NMLS. # 234426

EQUAL HOUSING LENDER

**Real Estate**
Residential
Commercial
Multiple Units
Vacant Land
Businesses

**Mortgage Loans**
Purchase, Refinance,
No Closing Cost
Refinance Loans
(Subject to certain restrictions),
SBA - Commercial



Jagrup Singh Judge
Broker/Notary Public
Cell : (510) 512-6099
jagrupjudge@yahoo.com

## Jagrup Insurance Services

CA DOI LIC # OG63077

COVERED CALIFORNIA

Health, Life, Auto, Home, Commercial

**24000 Watkins St Hayward CA 94544 PH:(510) 733-6093**



Kulmit K. Judge
Notary Public
Cell : (510) 589-8430

## JK Notary Services

Mobile Services available, certain restrictions apply

*We are not attorneys & cannot provide legal services*

## JK Docprep Services

Immigration Consultant (insured & Bonded)

- VISA, OCI (OVERSEES CITIZEN OF INDIA)
- RENUNCIATION, PASSPORT & MISC. SERVICES,
- AFFIDAVITS
- POWER OF ATTORNEYS (INDIA)
- TRANSLATIONS- PUNJABI TO ENGLISH
- NAME CHANGE, PAN CARD 8. MUCH MORE

# TOTAL TRANSPORTATION SOLUTIONS

DMV Services / IFTA / IRP / Permits / DOT / Compliance

STILL WAITING IN LINE AT THE DMV ??

ਹੁਣ ਤੁਹਾਨੂੰ ਟਰੱਕਾਂ ਅਤੇ ਕਾਰਾਂ ਦੀਆਂ DMV ਸੇਵਾਵਾਂ ਲਈ ਲਾਈਨਾਂ ਵਿੱਚ ਖੜ੍ਹਨ ਦੀ ਲੋੜ ਨਹੀਂ।

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment
- Highway Use Tax (2290)
- ARB Registration

ਬੇ ਏਰੀਏ ਵਿੱਚ DMV ਸੇਵਾਵਾਂ

- Registration Renewal
- Replacement Sticker
- Title Transfer
- Duplicate Title
- Moving Permits
- VIN Verification
- VIN Inquiry
- Out of State Transfer



DMV Lic # 73533

**Ph. 510 400 7300**

Fax 510 601 6200

Email : TMSinc123@gmail.com

24010 Watkins St. Hayward CA 94544

# Royal Castle Banquet Hall

## FOR ALL TYPES OF FUNCTIONS & EVENTS



**Facilities**

- Wedding Reception
- Birthday Parties
- Naming Ceremony
- Business Meetings
- Graduation Parties
- And More







**5560 Palm Ave Sacramento CA 95841**

**Phone : 209-918-9700 , www.royalcastlebanquethall.com**

follow us on Facebook and Instagram #royalcastlebanquethall




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।






COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇੰਸਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**PARADISE BALLROOMS**
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

**SERVICES INCLUDE**
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# ATAMRAS KATHA KIRTAN SAMAGAM

## July 10th, 2019 - July 21st, 2019

**Celebrating the 550th Parkash Utsav of Dhan Dhan Guru Nanak Dev Jee & the Parkash Utsav of Dhan Dhan Guru Harkrishan Sahib Jee**

Wed. July 10th - Buena Park
Time: 6:00 PM - 9:00PM
7122 Orangethrope Ave.
Buena Park, CA 90621
Phone: (714) 670 - 8843

Thur. July 11th - Buena Park
Time: 6:00 PM - 9:00PM
6911 Stanton Ave.
Buena Park, CA 90621
Phone: (714) 752 - 0506

Fri. July 12th - Riverside
Time: 6:00 PM - 9:00PM
7940 Mission Blvd. # A
Jurupa Valley, CA 92509
Phone: (951) 685 - 9701

Sat. July 13th (Morning) - Palmdale
Time: 10:00 AM - 1:00 PM
42207 30th St. West
Lancaster, CA 93536
Phone: (818) 626 - 0581

Sat. July 13th (Evening) - Riverside
Time: 6:00 PM - 9:00PM
7940 Mission Blvd. # A
Jurupa Valley, CA 92509
Phone: (951) 685 - 9701

Sun. July 14th - Hollywood Sikh Temple
Time: 10:00 AM - 1:00 PM
1966 N. Vermont Ave.
Los Angeles, CA 90027
Phone: (323) 665 - 7707

Mon. July 15th - Lankershim
Time: 6:00 PM - 9:00PM
7640 Lankershim Blvd.
North Hollywood, CA 91605
Phone: (323) 954 - 0412

Tues. July 16th - Valley Sikh Temple
Time: 6:00 PM - 9:00PM
7400 Jordan Ave.
Canoga Park, CA 91303
Phone: (818) 884 - 2007

**July 17th, 18th, 19th, 20th, & 21st at Khalsa Care Foundation 9989 Laurel Canyon Blvd. Pacoima, CA 91331**

**Every Evening Wednesday July 17th - Saturday July 20th Time: 6:00 PM - 9:00PM**

**Sunday July 21st Time: 10:00 AM - 1:00 PM**



Bhai Sahib Bhai Pinderpal Singh Jee — Bhai Sahib Bhai Harjinder Singh Jee — Sant Anoop Singh Jee (Una Sahib) — Bhai Tejinder Singh Jee (Khanna) — Bhai Gurpreet Singh Jee (Bollarwal) — Bhai Varinder Singh Jee (Delhi)



For More Information Please Contact Bhai Kanhaiya Jee Langar Seva Dal:

Baldev Singh: (818) 468-9595
Balvinder Singh: (818) 404-0811
Makhan Singh: (661) 225-7157
Paramjit Singh: (626) 354-6653




## Dedicated to Sri Guru Nanak Dev ji's 550th Parkash Purb

# UNITED SPORTS CLUB CALIFORNIA, AMERICA

# 15TH WORLD KABADDI CUP

15 SEPTEIMBER 2019, SUNDAY (Timing 09:00am - 06pm)

(James Logan High School 1800 H Street, Union City, California 94587)

ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ

United Sports Club, California, America — ਯੂਨਾਇਟਡ ਸਪੋਰਟਸ ਕਲੱਬ, ਕੈਲੀਫੋਰਨੀਆ ਅਮਰੀਕਾ



**Amolak Singh Gakhal**
Chief Patron, United Sports Club

ਮੁੱਖ ਮਹਿਮਾਨ



ਮੈਨੀ ਗਰੇਵਾਲ

## ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ






Makhan Singh Bains Chairman — Iqbal Singh Gakhal Vice Chairman — Jugraj Singh Sahota President — Palwinder Singh Gakhal Director — S. Ashok Bhaura Gen. Sec & Media Incharge — Narinder Singh Sahota Treasurer — Pinki Atwal Director — Sadhu Singh Khlaur Advisor — Balvir Singh Bhatia Director — Dalwinder Padda Director — Natha Singh Gakhal Advisor



Debi Sohal Sidhwan Dona Director — Inderjit Singh Thind Director — Bakhtawar Singh Gakhal Director — Gurpreet Singh Gakhal Director — Giani Ravinder Singh Director — Baljinder Singh Gakhal Director — Gulwiner Singh Gakhal Director — Harjinder Ladhar Director — Arundeep Singh Advisor — Baljinder Singh Advisor

### ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ

1. Bay Are Sports Club
2. Shaheed Baba Deep Singh Sports Acedmy Secramento
3. Metro Sports Club New York
4. Canada Club

## All Kabaddi Lovers openlyInivited

Media In charge World Kabaddi Cup
**S. Ashok Bhaura**
Phone: 510 415 3315, Email: ashokbhaura@gmail.com

# ਨਾਭਾ ਜੇਲ੍ਹ 'ਚ ਡੇਰਾ ਪ੍ਰੇਮੀ ਬਿੱਟੂ ਦੀ ਹੱਤਿਆ ਤੋਂ ਸਰਕਾਰ ਕੰਬੀ

**ਨਾਭਾ/ਵਿਸ਼ੇਸ਼ ਰਿਪੋਰਟ :** ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਪ੍ਰਮੁੱਖ ਮੈਂਬਰ ਤੇ ਬੇਅਦਬੀ ਮਾਮਲਿਆਂ ਦੇ ਮੁੱਖ ਸਾਜਿਸ਼ਕਾਰੀਆਂ ਵਿਚੋਂ ਇਕ ਮਹਿੰਦਰਪਾਲ ਬਿੱਟੂ ਦੀ ਦੋ ਸਿੱਖ ਕੈਦੀਆਂ ਮਨਿੰਦਰ ਸਿੰਘ ਤੇ ਗੁਰਸੇਵਕ ਸਿੰਘ ਵਲੋਂ ਜੇਲ੍ਹ ਦੇ ਅੰਦਰ ਹੀ ਹੱਤਿਆ ਕਰ ਦਿੱਤੀ ਗਈ। ਉਕਤ ਦੋਵੇਂ ਵਿਅਕਤੀ ਇਕ ਕਤਲ ਦੇ ਮਾਮਲੇ ਵਿਚ ਨਾਭਾ ਜੇਲ੍ਹ ਵਿਚ ਬੰਦ ਸਨ ਅਤੇ ਜੇਲ੍ਹ ਦੇ ਅੰਦਰ ਚੱਲ ਰਹੀ ਉਸਾਰੀ ਦੇ ਕੰਮ ਵੇਲੇ ਹੀ ਉਨ੍ਹਾਂ ਸਰੀਆ ਲੈ ਕੇ ਬਿੱਟੂ 'ਤੇ ਹਮਲਾ ਕਰ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਇਸ ਸਬੰਧੀ ਇਹ ਵੀ ਪਤਾ ਲੱਗਾ ਹੈ ਕਿ ਬਿੱਟੂ ਦੇ ਵਕੀਲ ਨੇ ਕੁਝ ਦਿਨ ਪਹਿਲਾਂ ਹੀ ਉਸ ਦੀ ਜਾਨ ਨੂੰ ਖ਼ਤਰਾ ਦੱਸਦਿਆਂ ਸੁਰੱਖਿਆ ਦੀ ਮੰਗ ਕੀਤੀ ਸੀ।

**ਕੈਪਟਨ ਵਲੋਂ ਜਾਂਚ ਦੇ ਹੁਕਮ-**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਨਾਭਾ ਜੇਲ੍ਹ ਵਿਚ ਬਰਗਾੜੀ ਬੇਅਦਬੀ ਮਾਮਲੇ ਦੇ ਸਾਜ਼ਿਸ਼ਕਾਰੀ ਦੀ ਹੱਤਿਆ ਸਬੰਧੀ ਜਾਂਚ ਦੇ ਹੁਕਮ ਜਾਰੀ ਕੀਤੇ ਹਨ ਤੇ ਹਮਲਾਵਰਾਂ ਲਈ ਸਖ਼ਤ ਸਜ਼ਾ ਦੀ ਚਿਤਾਵਨੀ ਦਿੱਤੀ ਗਈ ਹੈ। ਇਕ ਸਰਕਾਰੀ ਬੁਲਾਰੇ ਅਨੁਸਾਰ ਏ.ਡੀ.ਜੀ.ਪੀ. ਜੇਲ੍ਹਾਂ ਰੋਹਿਤ ਚੌਧਰੀ ਤੱਥਾਂ ਦੀ ਪੜਤਾਲ ਕਰਨ ਵਾਲੀ ਕਮੇਟੀ ਦੇ ਮੁਖੀ ਹੋਣਗੇ ਅਤੇ ਕਮੇਟੀ ਤਿੰਨ ਦਿਨਾਂ ਵਿਚ ਆਪਣੀ ਰਿਪੋਰਟ ਪੇਸ਼ ਕਰੇਗੀ। ਮਹਿੰਦਰਪਾਲ ਬਿੱਟੂ ਦੀ ਹੱਤਿਆ ਵਿਚ ਲਾਜ਼ਮੀ ਜੁਡੀਸ਼ੀਅਲ ਪੜਤਾਲ ਤੋਂ ਇਲਾਵਾ ਇਹ ਜਾਂਚ ਹੋਵੇਗੀ।

**ਸਹਾਇਕ ਜੇਲ੍ਹ ਸੁਪਰਡੈਂਟ ਤੇ ਦੋ ਵਾਰਡਰ ਮੁਅੱਤਲ-**

ਜੇਲ੍ਹ ਵਿਭਾਗ ਵਲੋਂ ਨਾਭਾ ਜੇਲ੍ਹ ਵਿਚ ਮਹਿੰਦਰਪਾਲ ਬਿੱਟੂ ਦੀ ਹੱਤਿਆ ਮਾਮਲੇ ਵਿਚ ਵਿਸ਼ੇਸ਼ ਸੁਰੱਖਿਆ ਸੈੱਲ ਦੇ ਇੰਚਾਰਜ ਸਹਾਇਕ ਸੁਪਰਡੈਂਟ ਅਜਮੇਰ ਸਿੰਘ, ਵਾਰਡਰ ਮੇਜਰ ਸਿੰਘ ਤੇ ਅਮਨ ਗਿਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਿੱਤੀ।

**ਪੁਲਿਸ ਨੇ ਹਿਮਾਚਲ ਪ੍ਰਦੇਸ਼ ਤੋਂ ਕੀਤਾ ਸੀ ਗ੍ਰਿਫ਼ਤਾਰ -**

ਬਿੱਟੂ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦਾ ਪ੍ਰਮੁੱਖ ਮੈਂਬਰ ਸੀ, ਜੋ ਲੰਮਾ ਸਮਾਂ ਡੇਰਾ ਸਿਰਸਾ ਵਿਖੇ ਹੀ ਰਿਹਾ ਹੋਣ ਕਰਕੇ ਡੇਰੇ ਦੀ ਹਰ ਗਤੀਵਿਧੀ ਵਿਚ ਮੋਹਰੀ ਭੂਮਿਕਾ ਰੱਖਦਾ ਸੀ ਤੇ ਬਰਗਾੜੀ ਵਿਖੇ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲੇ ਵਿਚ ਵੀ ਉਹ ਮੁਲਜ਼ਮ ਵਜੋਂ ਨਾਮਜ਼ਦ ਸੀ। ਡੇਰਾ ਪ੍ਰੇਮੀ ਬਿੱਟੂ ਨੇ ਮਈ 2015 ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੇ ਸਤੰਬਰ 2015 ਵਿਚ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਸੀ। ਇਸ ਮਾਮਲੇ ਵਿਚ ਮਹਿੰਦਰਪਾਲ ਬਿੱਟੂ ਸਮੇਤ ਚਾਰ ਡੇਰਾ ਪ੍ਰੇਮੀਆਂ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਮਾਮਲੇ ਵਿਚ ਬਿੱਟੂ ਨੂੰ ਪੁਲਿਸ ਨੇ ਹਿਮਾਚਲ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ, ਜਿਥੇ ਇਸ ਨੇ ਪੰਜਾਬ ਤੋਂ ਪਲਾਇਨ ਕਰਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਹੋਇਆ ਸੀ। ਉਹ ਕਰੀਬ ਇਕ ਸਾਲ ਤੋਂ ਅਤਿ ਸੁਰੱਖਿਅਤ ਨਾਭਾ ਜੇਲ੍ਹ ਵਿਚ ਹਵਾਲਾਤੀ ਵਜੋਂ ਬੰਦ ਸੀ।

ਸਥਾਨਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਏਕਤਾ ਉੱਪਲ ਵਲੋਂ ਇਨ੍ਹਾਂ ਦੀ ਪਿਛਲੇ ਦਿਨੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਸਿੱਟ ਵਲੋਂ ਬੇਅਦਬੀ ਮਾਮਲਿਆਂ ਦੀ ਜਾਂਚ ਦੌਰਾਨ ਬਿੱਟੂ ਦੇ ਘਰ ਦੀ ਪੜਤਾਲ ਦੌਰਾਨ ਇਤਰਾਜ਼ਯੋਗ ਹਾਲਤ ਵਿਚ ਗੁਰੂ ਨਾਨਕ ਦੀ ਸਾਖੀ ਤੇ ਚੱਲੇ ਕਾਰਤੂਸ ਬਰਾਮਦ ਕੀਤੇ ਸਨ, ਜਿਸ ਸਬੰਧੀ ਕੋਟਕਪੂਰਾ ਪੁਲਿਸ ਵਲੋਂ 13 ਜੂਨ, 2018 ਨੂੰ ਬਿੱਟੂ, ਮਹਿੰਦਰ ਕੁਮਾਰ, ਸ਼ਕਤੀ ਤੇ ਸੁਖਜਿੰਦਰ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਮਹਿੰਦਰਪਾਲ ਬਿੱਟੂ ਦੇ ਨਾਲ ਡੇਰਾ ਪ੍ਰੇਮੀ ਮਹਿੰਦਰ ਕੁਮਾਰ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਕਿ ਫੜੇ ਗਏ ਡੇਰਾ ਪ੍ਰੇਮੀਆਂ ਨੇ ਕਥਿਤ ਤੌਰ 'ਤੇ ਬੈਂਕ ਖਾਤਿਆਂ ਰਾਹੀਂ 6 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਹੈ। ਇਨ੍ਹਾਂ ਡੇਰਾ ਪ੍ਰੇਮੀਆਂ ਵਿਰੁੱਧ ਅਜੇ ਤੱਕ ਪੁਲਿਸ ਵਲੋਂ ਅਦਾਲਤ ਵਿਚ ਦੋਸ਼ ਪੱਤਰ ਦਾਇਰ ਨਹੀਂ ਕੀਤੇ ਗਏ। ਪੁਲਿਸ ਵਲੋਂ ਅਦਾਲਤ ਨੂੰ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਗਿਆ ਹੈ ਕਿ ਚਲਾਨ ਪੇਸ਼ ਕਰਨ ਲਈ ਗ੍ਰਹਿ ਵਿਭਾਗ ਦੀ ਲਿਖਤੀ ਮਨਜ਼ੂਰੀ ਲੋੜੀਂਦੀ ਹੈ, ਜੋ ਅਜੇ ਤੱਕ ਜ਼ਿਲ੍ਹਾ ਪੁਲਿਸ ਨੂੰ ਨਹੀਂ ਮਿਲੀ, ਜਿਸ 'ਤੇ 24 ਦਸੰਬਰ ਤੋਂ ਅਦਾਲਤ ਨੇ ਗ੍ਰਹਿ ਵਿਭਾਗ ਤੋਂ ਮਨਜ਼ੂਰੀ ਲੈਣ ਲਈ ਪੁਲਿਸ ਨੂੰ 90 ਦਿਨ ਦਾ ਹੋਰ ਸਮਾਂ ਦੇ ਦਿੱਤਾ, ਪਰ ਅਜੇ ਤੱਕ ਮਨਜ਼ੂਰੀ ਨਹੀਂ ਮਿਲੀ।

**'ਆਪ' ਵਲੋਂ ਹਾਈਕੋਰਟ ਦੇ ਜੱਜ ਤੋਂ ਮੰਗੀ ਜਾਂਚ-**

ਆਪ ਪੰਜਾਬ ਪਾਰਟੀ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਵਿਧਾਇਕ ਅਮਨ ਅਰੋੜਾ ਤੇ ਹਰਚੰਦ ਸਿੰਘ ਬਰਸਟ ਨੇ ਇਸ ਵਾਰਦਾਤ ਦੀ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਸਮਾਂਬੱਧ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਇਹ ਬੇਅਦਬੀ ਦੀਆਂ ਘਟਨਾਵਾਂ ਨਾਲ ਜੁੜੇ ਸਬੂਤਾਂ ਨੂੰ ਖਤਮ ਕਰਨ ਦੀ ਕੜੀ ਦਾ ਹਿੱਸਾ ਹੈ।

**ਬਿੱਟੂ ਦੇ ਕਤਲ ਨਾਲ ਜਾਂਚ ਨੂੰ ਲੱਗੀ ਵੱਡੀ ਢਾਹ : ਰੰਧਾਵਾ**

ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਲ 2015 ਦੇ ਬਰਗਾੜੀ ਬੇਅਦਬੀ ਕਾਂਡ ਦੇ ਮੁੱਖ ਮੁਲਜ਼ਮ ਬਿੱਟੂ ਦੇ ਕਤਲ ਪਿੱਛੇ ਕੋਈ ਸਾਜ਼ਿਸ਼ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਹੈ। ਰੰਧਾਵਾ ਨੇ ਕਿਹਾ ਕਿ ਹੁਣ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਕਿ ਕੀ ਬਿੱਟੂ ਦੇ ਕਤਲ ਦੀ ਸਾਜ਼ਿਸ਼ ਜੇਲ੍ਹ ਤੋਂ ਬਾਹਰ ਘੜੀ ਗਈ ਸੀ। ਰੰਧਾਵਾ ਨੇ ਕਿਹਾ ਕਿ ਸਿੱਟ ਨੇ ਛੇਤੀ ਹੀ ਬਿੱਟੂ ਤੋਂ ਪੁੱਛਗਿੱਛ ਕਰਨੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬੇਨਤੀ ਕੀਤੀ ਹੈ ਕਿ ਇਸ ਮਾਮਲੇ ਦੀ ਤਹਿ ਤੱਕ ਜਾਇਆ ਜਾਵੇ। ਜੇਲ੍ਹ ਮੰਤਰੀ ਨੇ ਕਿਹਾ ਕਿ ਜੇ ਦੋਵੇਂ ਦੋਸ਼ੀਆਂ ਮਨਿੰਦਰ ਸਿੰਘ ਤੇ ਗੁਰਸੇਵਕ ਸਿੰਘ ਨੇ ਬਿੱਟੂ ਦਾ ਕਤਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਕੀਤਾ ਹੈ, 'ਤਾਂ ਮੈਂ ਇਹੋ ਆਖਾਂਗਾ ਕਿ ਉਨ੍ਹਾਂ ਨੇ ਕੁਝ ਵੀ ਸ਼ਲਾਘਾਯੋਗ ਨਹੀਂ ਕੀਤਾ। ਉਨ੍ਹਾਂ ਨਾ ਸਿਰਫ਼ ਬਿੱਟੂ ਦਾ ਕਤਲ ਕਰ ਦਿੱਤਾ ਹੈ, ਸਗੋਂ ਉਨ੍ਹਾਂ ਉਹ ਮੁੱਖ ਸੁਰਾਗ ਹੀ ਖ਼ਤਮ ਕਰ ਕੇ ਰੱਖ ਦਿੱਤਾ ਹੈ।

**ਦੋਸ਼ੀਆਂ ਦਾ ਚਾਰ ਰੋਜ਼ਾ ਪੁਲਿਸ ਰਿਮਾਂਡ-**

ਨਾਭਾ ਜੇਲ੍ਹ ਵਿੱਚ ਬੇਅਦਬੀ ਮਾਮਲੇ ਦੇ ਮੁੱਖ ਮੁਲਜ਼ਮ ਡੇਰਾ ਸਿਰਸਾ ਦੇ ਪੈਰੋਕਾਰ ਬਿੱਟੂ ਦਾ ਕਤਲ ਕਰਨ ਵਾਲੇ ਦੋਵੇਂ ਮੁਲਜ਼ਮਾਂ ਨੂੰ ਚਾਰ ਦਿਨ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਨੇ ਪਹਿਲਾਂ ਮੁਲਜ਼ਮਾਂ ਦਾ ਡਾਕਟਰੀ ਮੁਆਇਨਾ ਕਰਵਾਇਆ। ਪੁਲਿਸ ਮੁਲਜ਼ਮਾਂ ਗੁਰਸੇਵਕ ਤੇ ਮਨਿੰਦਰ ਨੂੰ ਪਟਿਆਲਾ ਦੇ ਹਸਪਤਾਲ ਲੈ ਕੇ ਗਈ ਤੇ ਉਨ੍ਹਾਂ ਦਾ ਮੈਡੀਕਲ ਕਰਵਾਇਆ।

**ਡੇਰਾ ਪ੍ਰੇਮੀਆਂ ਦੀ ਸੁਰੱਖਿਆ ਬਾਰੇ ਸਰਕਾਰ ਚਿੰਤਤ-**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਦੋਸ਼ੀਆਂ ਵਜੋਂ ਨਾਮਜ਼ਦ ਕੀਤੇ ਗਏ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਬਾਰੇ ਪੰਜਾਬ ਸਰਕਾਰ ਦੀਆਂ ਚਿੰਤਾਵਾਂ ਵੱਧ ਗਈਆਂ ਹਨ।

ਬਿੱਟੂ ਵਾਸੀ ਕੋਟਕਪੂਰਾ ਦੇ ਕਤਲ ਤੋਂ ਬਾਅਦ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਮਹਿੰਦਰਪਾਲ ਸਿੰਘ ਵਾਸੀ ਬਰਨਾਲਾ ਦੀ ਸੁਰੱਖਿਆ ਵਧਾ ਦਿੱਤੀ ਹੈ।

ਇਸ ਤੋਂ ਇਲਾਵਾ ਜ਼ਮਾਨਤ 'ਤੇ ਰਿਹਾਅ ਹੋ ਕੇ ਜੇਲ੍ਹ ਤੋਂ ਬਾਹਰ ਆਏ ਡੇਰਾ ਪ੍ਰੇਮੀ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਨੂੰ ਸੁਰੱਖਿਆ ਦੇਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਬਿੱਟੂ ਦੇ ਜੇਲ੍ਹ ਵਿੱਚ ਹੋਏ ਕਤਲ ਤੋਂ ਬਾਅਦ ਕੁਝ ਗਰਮ ਖਿਆਲੀ ਸਿੱਖ ਆਗੂਆਂ ਨੇ ਬਿੱਟੂ ਦੇ ਕਤਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਬਦਲਾ ਦੱਸਦਿਆਂ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ।



## ਗੈਂਗਸਟਰ ਬੰਬੀਹਾ ਗਰੁੱਪ ਨੇ ਲਈ ਜ਼ਿੰਮੇਵਾਰੀ

ਫਰੀਦਕੋਟ : ਬਰਗਾੜੀ ਵਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਮੁੱਖ ਮੁਲਜ਼ਮ ਮਹਿੰਦਰਪਾਲ ਸਿੰਘ ਬਿੱਟੂ ਦੇ ਇੱਥੋਂ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ 2 ਕੈਦੀਆਂ ਵੱਲੋਂ ਕੁੱਟ-ਕੁੱਟ ਕੇ ਹੱਤਿਆ ਕਰ ਦੇਣ ਦੇ ਮਾਮਲੇ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਇਸ ਕਤਲ ਦੀ ਜਿਮੇਵਾਰੀ ਗੈਂਗਸਟਰ ਦਵਿੰਦਰ ਸਿੰਘ ਬੰਬੀਹਾ ਗਰੁੱਪ ਨੇ ਆਪਣੇ ਸਿਰ ਲਈ ਹੈ। ਇਸ ਸਬੰਧ ਵਿੱਚ ਸੁਖਪ੍ਰੀਤ ਬੁੱਢਾ, ਦਵਿੰਦਰ ਬੰਬੀਹਾ ਅਤੇ ਪ੍ਰਿਸ ਬੰਬੀਹਾ ਦੇ ਨਾਂ 'ਤੇ ਫੇਸਬੁੱਕ 'ਤੇ ਪਾਈ ਗਈ ਪੋਸਟ ਵਿੱਚ ਪ੍ਰਿਸ ਬੰਬੀਹਾ ਨੇ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਨੂੰ ਵੀ ਧਮਕੀ ਦਿੱਤੀ ਹੈ ਕਿ ਇਹ ਕਤਲ ਉਨ੍ਹਾਂ ਨੇ ਆਪਣੇ ਇਸ਼ਟ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਤੋਂ ਬਦਲਾ ਲੈਣ ਲਈ ਗੁਰਸੇਵਕ ਸਿੰਘ ਭੂਤ ਅਤੇ ਮਹਿੰਦਰ ਸਿੰਘ ਰਾਹੀਂ ਕਰਵਾਇਆ ਹੈ, ਤੇ ਹੁਣ ਪੁਲਿਸ ਪ੍ਰਸ਼ਾਸਨ ਅਤੇ ਜੇਲ੍ਹ ਅਧਿਕਾਰੀ ਗੁਰਸੇਵਕ ਅਤੇ ਮਹਿੰਦਰ ਸਿੰਘ ਨਾਲ ਧੱਕਾ ਤੇ ਜ਼ਿਆਦਤੀ ਨਾ ਕਰਨ ਨਹੀਂ ਤਾਂ ਧੱਕਾ ਕਰਨ ਵਾਲੇ ਅਧਿਕਾਰੀ ਆਪਣੇ ਘਰ ਪਰਿਵਾਰ ਬਾਰੇ ਚੰਗੀ ਤਰ੍ਹਾਂ ਸੋਚ ਲੈਣ, ਕਿਉਂਕਿ ਇਹ ਮਾਮਲਾ ਉਨ੍ਹਾਂ ਦੇ ਇਸ਼ਟ ਨਾਲ ਜੁੜਿਆ ਹੋਇਆ।

## 63 ਫ਼ੀਸਦੀ ਕੈਨੇਡੀਅਨ ਚਾਹੁੰਦੇ ਹਨ ਪਰਵਾਸੀਆਂ ਦੀ ਗਿਣਤੀ ਸੀਮਤ ਹੋਵੇ

**ਕੈਲਗਰੀ/ਏਟੀ ਨਿਊਜ਼ :** ਮਾਈਗ੍ਰੇਸ਼ਨ ਨੂੰ ਲੈ ਕੇ ਕਰਵਾਏ ਇਕ ਸਰਵੇਖਣ ਅਨੁਸਾਰ ਕੈਨੇਡਾ ਵਾਸੀ ਚਾਹੁੰਦੇ ਹਨ ਕਿ ਵਿਦੇਸ਼ਾਂ ਤੋਂ ਕੈਨੇਡਾ ਵਿਚ ਸੱਦੇ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ ਸੀਮਤ ਕੀਤੀ ਜਾਣੀ ਚਾਹੀਦੀ ਹੈ।

ਇਮੀਗ੍ਰੇਸ਼ਨ ਦੇ ਫੈਡਰਲ ਮੰਤਰੀ ਅਹਿਮਦ ਹੁਸੈਨ ਨੇ ਕਿਹਾ ਹੈ ਕਿ ਲੋਕਾਂ ਦੀ ਇਹ ਸੋਚ ਗੰਭੀਰ ਵਿਚਾਰ ਦਾ ਮਾਮਲਾ ਹੈ। ਲੈਜਰ ਪੋਲ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 63 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਨੂੰ ਚਾਹੀਦਾ ਹੈ ਕਿ ਇਮੀਗ੍ਰੇਸ਼ਨ ਪੱਧਰ ਸੀਮਤ ਕੀਤੇ ਜਾਣ ਨੂੰ ਪਹਿਲ ਦੇਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਸਾਰਿਆਂ ਨੂੰ ਇੰਟੀਗ੍ਰੇਟ ਕਰਨ ਦੀ ਯੋਗਤਾ ਵੀ ਸੀਮਤ ਹੁੰਦੀ ਹੈ। ਸਿਰਫ਼ 37 ਫ਼ੀਸਦੀ ਲੋਕਾਂ ਨੇ ਕਿਹਾ ਹੈ ਕਿ ਦੇਸ਼ ਵਿਚ ਇਮੀਗ੍ਰੇਸ਼ਨ ਸੀਮਤ ਨਹੀਂ ਹੋਣੀ ਚਾਹੀਦੀ। ਅਹਿਮਦ ਹੁਸੈਨ ਦਾ ਇਸ ਸਬੰਧ ਵਿਚ ਕਹਿਣਾ ਹੈ ਕਿ ਇਸ ਸਰਵੇਖਣ ਨਾਲ ਐਂਪਲਾਇਰਜ਼ ਨੂੰ ਸਭ ਤੋਂ ਵੱਧ ਚਿੰਤਾ ਹੋ ਰਹੀ ਹੈ ਜਿਨ੍ਹਾਂ ਨੂੰ ਹਮੇਸ਼ਾ ਕਾਮਿਆਂ ਦੀ ਲੋੜ ਰਹਿੰਦੀ ਹੈ। ਲੋਕਾਂ ਨੇ ਸਰਵੇਖਣ ਵਿਚ ਇਹ ਵੀ ਕਿਹਾ ਹੈ ਕਿ ਬਹੁਤੇ ਲੋਕਾਂ ਦੇ ਕੈਨੇਡਾ ਵਿਚ ਆਉਣ ਕਾਰਨ ਹਾਉਸਿੰਗ ਦੀ ਸਮੱਸਿਆ ਤੇ ਇਨਫ੍ਰਾਸਟਰੱਕਚਰ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਹ ਸਮੱਸਿਆ ਹਰ ਰੋਜ਼ ਵੱਧਦੀ ਜਾ ਰਹੀ ਹੈ।

## ਸਭ ਤੋਂ ਵਧ ਪੜ੍ਹੇ ਲਿਖੇ ਹਨ ਸਾਬਕਾ ਕਰਨਲ ਹਰਦਿਆਲ ਸਿੰਘ ਸੈਂਭੀ

**ਜਗਰਾਉਂ/ਏਟੀ ਨਿਊਜ਼ :**

ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੋਂ 22 ਪੋਸਟ ਗਰੈਜੂਏਟ ਤੇ 13 ਗਰੈਜੂਏਟ ਦੀਆਂ ਡਿਗਰੀਆਂ ਪ੍ਰਾਪਤ ਅਤੇ ਭਾਰਤੀ ਫ਼ੌਜ ਵਿਚੋਂ ਸੇਵਾ ਮੁਕਤ ਕਰਨਲ ਹਰਦਿਆਲ ਸਿੰਘ ਸੈਂਭੀ ਆਪਣਾ ਰੋਲ ਮਾਡਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਪੜ੍ਹਨ ਦੀ ਲਗਨ ਵੀ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਤੋਂ ਹੀ 3 ਸਾਲ ਦੀ ਉਮਰ ਵਿਚ ਲੱਗੀ ਸੀ।



ਨੇੜਲੇ ਪਿੰਡ ਅਖਾੜਾ ਨਾਲ ਸਬੰਧਿਤ ਤੇ ਅੱਜ-ਕੱਲ੍ਹ ਜਗਰਾਉਂ ਵਿਖੇ ਰਹਿ ਰਹੇ ਕਰਨਲ ਸੈਂਭੀ ਦਾ ਕਹਿਣਾ ਹੈ ਕਿ ਉਹ ਪਰਿਵਾਰਕ ਰੁਝੇਵਿਆਂ ਤੇ ਨੌਕਰੀ ਦੌਰਾਨ ਵੀ ਹਮੇਸ਼ਾ ਪੜ੍ਹਦੇ ਹੀ ਰਹਿੰਦੇ ਸਨ ਤੇ ਜਦੋਂ ਉਨ੍ਹਾਂ ਦੇ ਬੱਚੇ ਵੀ ਸਕੂਲੀ ਪੜ੍ਹਾਈ ਤੋਂ ਬਾਅਦ ਉਚੇਰੀ ਸਿੱਖਿਆ ਲੈ ਰਹੇ ਸਨ।

ਕਰਨਲ ਹਰਦਿਆਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪੜ੍ਹਾਈ ਨੌਕਰੀ ਜਾਂ ਰੁਜ਼ਗਾਰ ਲਈ ਨਹੀਂ ਸਗੋਂ ਸ਼ੌਕ ਨਾਲ ਕੀਤੀ ਹੈ ਤੇ ਅਜੇ ਵੀ ਉਨ੍ਹਾਂ ਦਾ ਮਨ ਕਰਦਾ ਕਿ ਮੈਂ ਹੋਰ ਪੜ੍ਹਾਂ। ਬਹੁਤ ਹੀ ਸਾਦੇ ਜੀਵਨ ਵਾਲੇ ਕਰਨਲ ਸੈਂਭੀ ਭਾਵੇਂ ਦੁਨੀਆ ਦੇ ਵੱਧ ਪੜ੍ਹੇ ਲਿਖੇ ਲੋਕਾਂ ਵਿਚ ਮੋਹਰੀ ਤੌਰ 'ਤੇ ਗਿਣੇ ਜਾਂਦੇ ਹਨ, ਪਰ ਉਹ ਹਮੇਸ਼ਾ ਸਾਈਕਲ 'ਤੇ ਵਿਚਰਨ ਨੂੰ ਤਰਜੀਹ ਦਿੰਦੇ ਹਨ। ਕਰਨਲ ਸੈਂਭੀ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੇ ਬਹੁਤ ਸਾਰੇ ਵਿਸ਼ੇ ਪੜ੍ਹੇ ਹਨ, ਪਰ ਉਨ੍ਹਾਂ ਦਾ ਮਨਭਾਉਂਦਾ ਵਿਸ਼ਾ ਫ਼ਿਲਾਸਫ਼ੀ ਹੈ। ਕਰਨਲ ਸੈਂਭੀ ਨੇ ਦੱਸਿਆ ਕਿ ਉਨ੍ਹਾਂ ਦਾ ਇਕ ਸਪੁੱਤਰ ਪੀ.ਸੀ.ਐਸ.ਅਫ਼ਸਰ, ਇਕ ਬੇਟਾ ਡਾਕਟਰ ਤੇ ਧੀ ਪੀ.ਐਚ.ਡੀ. ਤੇ ਤੀਸਰਾ ਸਪੁੱਤਰ ਵੀ ਉਚੇਰੀ ਸਿੱਖਿਆ ਪ੍ਰਾਪਤ ਹੈ, ਜਿਨ੍ਹਾਂ ਨੂੰ ਪੜ੍ਹਾਉਣ ਲਈ ਵੀ ਉਹ ਖ਼ੁਦ ਪੜ੍ਹਦੇ ਰਹੇ। ਉਨ੍ਹਾਂ ਸਿੱਖ ਕੌਮ ਨੂੰ ਸੰਦੇਸ਼ ਦਿੱਤਾ ਕਿ ਯਹੂਦੀਆਂ ਵਾਂਗ ਉਹ ਆਪਣੇ ਬੱਚੇ ਵੱਧ ਤੋਂ ਵੱਧ ਪੜ੍ਹਾਉਣ।

## ਨਸ਼ਿਆਂ ਕਾਰਨ ਤਿੰਨ ਨੌਜਵਾਨ ਚਲ ਵਸੇ

**ਜ਼ੀਰਾ/ਏਟੀ ਨਿਊਜ਼ :**

ਜ਼ੀਰਾ ਦੇ ਪਿੰਡ ਮੇਹਰ ਸਿੰਘ ਵਾਲਾ ਦੇ 20 ਸਾਲਾ ਨੌਜਵਾਨ ਰਮਨ ਸਿੰਘ, ਭਾਈ ਰੂਪਾ ਦੇ ਜਗਦੀਪ ਸਿੰਘ (30 ਸਾਲ) ਤੇ ਮੋਗਾ ਦੇ ਅਮਰਜੀਤ ਦੀ ਤਿੰਨ ਥਾਵਾਂ 'ਤੇ ਨਸ਼ਿਆਂ ਦੀ ਓਵਰਡੋਜ਼ ਨਾਲ ਮੌਤ ਹੋ ਗਈ। ਮ੍ਰਿਤਕ ਰਮਨ ਸਿੰਘ ਦੇ ਪਿਤਾ ਮੱਲ ਸਿੰਘ ਨੇ ਦੱਸਿਆ ਕਿ ਪੁਲੀਸ ਦੀ ਸ਼ਹਿ 'ਤੇ ਪਿੰਡਾਂ ਵਿੱਚ ਨਸ਼ਾ ਧੜੱਲੇ ਨਾਲ ਵਿਕ ਰਿਹਾ ਹੈ। ਜੇਕਰ ਨਸ਼ਾ ਵੇਚਣ ਵਾਲਿਆਂ ਨੂੰ ਜਲਦ ਕਾਬੂ ਨਾ ਕੀਤਾ ਗਿਆ ਤਾਂ ਇਸੇ ਤਰ੍ਹਾਂ ਘਰਾਂ ਦੇ ਚਿਰਾਗ ਬੁਝਦੇ ਰਹਿਣਗੇ। ਦੂਸਰਾ ਨੌਜਵਾਨ ਜਗਦੀਪ ਸਿੰਘ ਫਲਾਂ ਦੀ ਰੇਹੜੀ ਲਗਾਉਂਦਾ ਸੀ ਤੇ ਬੀਤੀ ਰਾਤ ਉਸ ਦੇ ਕੁਝ ਦੋਸਤ ਉਸ ਨੂੰ ਨਸ਼ੇ ਦੀ ਹਾਲਤ ਵਿੱਚ ਘਰ ਛੱਡ ਗਏ। ਸਵੇਰ ਵੇਲੇ ਜਦੋਂ ਪਰਿਵਾਰ ਨੇ ਦੇਖਿਆ ਤਾਂ ਜਗਦੀਪ ਸਿੰਘ ਦੀ ਮੌਤ ਹੋ ਚੁੱਕੀ ਸੀ। ਇਥੇ ਅਜੀਤਵਾਲ ਖੇਤਰ ਦੇ ਪਿੰਡ ਡਾਲਾ ਵਿਚ 31 ਸਾਲਾ ਅਮਰਜੀਤ ਸਿੰਘ ਦੀ ਕਥਿਤ ਨਸ਼ੇ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਲਾਸ਼ ਪਿੰਡ ਕੋਲੋਂ ਲੰਘਦੇ ਸੇਮ ਨਾਲੇ ਕੋਲੋਂ ਮਿਲੀ ਹੈ।

# ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਬਾਰੇ ਸੀਬੀਆਈ ਹੋਈ ਫੇਲ੍ਹ

**ਫਰੀਦਕੋਟ/ਏਟੀ ਨਿਊਜ਼ :** ਪੰਜਾਬ ਸਰਕਾਰ ਵੱਲੋਂ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਵਾਪਰੀਆਂ ਤਿੰਨ ਘਟਨਾਵਾਂ ਦੇ ਮਾਮਲਿਆਂ ਦੀ ਜਾਂਚ ਸੀਬੀਆਈ ਨੂੰ ਸੌਂਪਣ ਤੋਂ ਚਾਰ ਸਾਲ ਬਾਅਦ ਵੀ ਸੀਬੀਆਈ ਨੇ ਇਸ ਮਾਮਲੇ ਵਿਚ ਅਜੇ ਤੱਕ ਕੋਈ ਪ੍ਰਗਤੀ ਨਹੀਂ ਦਿਖਾਈ। ਪਿਛਲੇ ਛੇ ਮਹੀਨਿਆਂ ਤੋਂ ਸੀਬੀਆਈ ਦਾ ਕੋਈ ਵੀ ਅਧਿਕਾਰੀ ਕੈਂਪ ਦਫ਼ਤਰ ਵਿੱਚ ਨਹੀਂ ਆਇਆ। ਜ਼ਿਲ੍ਹਾ ਪੁਲੀਸ ਹਰ ਮਹੀਨੇ ਸੀਬੀਆਈ ਦੇ ਕੈਂਪ ਦਫ਼ਤਰ ਉੱਪਰ ਇੱਕ ਲੱਖ ਰੁਪਏ ਖਰਚ ਕਰ ਰਹੀ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2 ਨਵੰਬਰ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਗੁਰੂ ਗ੍ਰੰਥ ਸਾਹਿਬ ਚੋਰੀ ਹੋਣ ਸਬੰਧੀ ਅਤੇ 25 ਸਤੰਬਰ 2015 ਨੂੰ ਪਿੰਡ ਬਰਗਾੜੀ ਵਿੱਚ ਲਾਏ ਇਤਰਾਜ਼ਯੋਗ ਪੋਸਟਰ ਸਬੰਧੀ ਅਤੇ 12 ਅਕਤੂਬਰ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਬਾਰੇ ਦਰਜ ਕੀਤੇ ਗਏ ਮੁਕੱਦਮਿਆਂ ਦੀ ਪੜਤਾਲ ਸੀਬੀਆਈ ਨੂੰ ਸੌਂਪ ਦਿੱਤੀ ਸੀ। ਸੀਬੀਆਈ ਦੀ ਚਾਰ ਮੈਂਬਰੀ ਟੀਮ ਨੇ ਇਨ੍ਹਾਂ ਤਿੰਨਾਂ ਮੁਕੱਦਮਿਆਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਸੀ ਅਤੇ 400 ਤੋਂ ਵੱਧ ਵਿਅਕਤੀਆਂ ਦੀਆਂ ਹੱਥ ਲਿਖਤਾਂ ਨਮੂਨੇ ਅਤੇ ਫਿੰਗਰ ਪ੍ਰਿੰਟ ਹਾਸਲ ਕੀਤੇ ਸਨ। ਸੀਬੀਆਈ ਨੇ ਫਰੀਦਕੋਟ ਦੇ ਨਹਿਰੀ ਵਿਭਾਗ ਦੇ ਰੈਸਟ ਹਾਊਸ ਵਿਚ ਕੈਂਪ ਦਫ਼ਤਰ ਵੀ ਸਥਾਪਿਤ ਕਰ ਲਿਆ ਸੀ ਪਰੰਤੂ ਪਿਛਲੇ ਛੇ ਮਹੀਨਿਆਂ ਤੋਂ ਸੀਬੀਆਈ ਦੀ ਟੀਮ ਇੱਕ ਵਾਰ ਵੀ ਦਫ਼ਤਰ ਨਹੀਂ ਆਈ। 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ ਨੂੰ ਕੋਟਕਪੂਰਾ ਪੁਲੀਸ ਨੇ ਬੇਅਦਬੀ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਬਿੱਟੂ ਸੀਬੀਆਈ ਨੂੰ ਪਿੰਡ ਬਰਗਾੜੀ ਵਿਖੇ 25 ਸਤੰਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਸਬੰਧੀ ਦਰਜ ਹੋਏ ਮਾਮਲੇ ਵਿਚ ਲੋੜੀਂਦਾ ਸੀ ਪਰੰਤੂ ਸੀਬੀਆਈ ਨੇ ਮਹਿੰਦਰਪਾਲ ਬਿੱਟੂ ਨੂੰ ਗ੍ਰਿਫ਼ਤਾਰ ਹੀ ਨਹੀਂ ਕੀਤਾ। ਬਿੱਟੂ ਦੀ ਅਜੇ ਇਸ ਮਾਮਲੇ ਵਿਚ ਪੁੱਛਗਿੱਛ ਤੇ ਗ੍ਰਿਫ਼ਤਾਰੀ ਬਾਕੀ ਸੀ ਅਤੇ ਇਸ ਤੋਂ ਪਹਿਲਾਂ ਹੀ ਉਸ ਦਾ ਕਤਲ ਹੋ ਗਿਆ। ਮਹਿੰਦਰਪਾਲ ਬਿੱਟੂ ਦੀ ਮੌਤ ਨਾਲ ਸੀਬੀਆਈ ਦੀ ਜਾਂਚ ਨੂੰ ਵੱਡਾ ਝਟਕਾ ਲੱਗਿਆ ਹੈ।

# ਕੋਟਕਪੂਰਾ ਗੋਲ਼ੀਕਾਂਡ ਦੇ ਮੁਲਜ਼ਮ ਅਤੇ ਪੰਜਾਬ ਦੀ ਸਿਆਸਤ

**ਰਜਿੰਦਰ ਸਿੰਘ**

ਕੋਟਕਪੂਰਾ ਗੋਲ਼ੀਕਾਂਡ ਵਿੱਚ ਸਬੂਤਾਂ ਨਾਲ ਛੇੜਛਾੜ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਤਤਕਾਲੀ ਡੀਐਸਪੀ ਬਲਜੀਤ ਸਿੰਘ ਸਿੱਧੂ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਡੀਐਸਪੀ ਸਿੱਧੂ 'ਤੇ ਘਟਨਾ ਵਾਲੇ ਦਿਨ ਪੁਲਿਸ ਦੀ ਗੋਲ਼ੀ ਲੱਗਣ ਨਾਲ ਜਖ਼ਮੀ ਹੋਏ ਅਜੀਤ ਸਿੰਘ ਦੀ ਕੁੱਟਮਾਰ ਕਰਨ ਅਤੇ ਸਬੂਤ ਨਸ਼ਟ ਕਰਨ ਦੇ ਇਲਜ਼ਾਮ ਹਨ। ਵਿਸ਼ੇਸ਼ ਜਾਂਚ ਟੀਮ ਵੱਲੋਂ ਫ਼ਰੀਦਕੋਟ ਅਦਾਲਤ ਵਿੱਚ ਬੀਤੇ ਦਿਨੀਂ ਇਸ ਸੰਬੰਧੀ ਚਾਰਜਸ਼ੀਟ ਦਾਇਰ ਕਰ ਦਿੱਤੀ ਗਈ ਸੀ। ਇਸ ਵਿੱਚ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਤੋਂ ਇਲਾਵਾ ਪੰਜ ਪੁਲਿਸ ਅਧਿਕਾਰੀਆਂ ਖ਼ਿਲਾਫ਼ ਵੀ ਚਲਾਨ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ



ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਵਾਂ ਦੀ ਇਸ ਕੇਸ ਵਿੱਚ ਜ਼ਮਾਨਤ ਹੋ ਚੁੱਕੀ ਹੈ, ਜਦ ਕਿ ਸਾਬਕਾ ਵਿਧਾਇਕ ਮਨਤਾਰ ਬਰਾੜ ਨੂੰ ਹਾਈਕੋਰਟ ਵੱਲੋਂ ਜ਼ਮਾਨਤ ਮਿਲੀ ਹੋਈ ਹੈ। ਅਦਾਲਤ ਵਿੱਚ ਦਾਖਲ ਚਾਰਜਸ਼ੀਟ ਵਿੱਚ ਐੱਸਆਈਟੀ ਨੇ ਇਨ੍ਹਾਂ ਤਿੰਨਾਂ ਤੋਂ ਇਲਾਵਾ ਤਤਕਾਲੀਨ ਏਡੀਸੀਪੀ ਲੁਧਿਆਣਾ ਪਰਮਜੀਤ ਸਿੰਘ, ਤਤਕਾਲੀਨ ਡੀਐੱਸਪੀ ਕੋਟਕਪੂਰਾ ਬਲਜੀਤ ਸਿੰਘ ਅਤੇ ਥਾਣਾ ਸਿਟੀ ਮੁਖੀ ਗੁਰਦੀਪ ਸਿੰਘ ਪੰਧੇਰ ਨੂੰ ਵੀ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ। ਇਸ ਮਗਰੋਂ ਇਹ ਤਿੰਨੇ ਅਧਿਕਾਰੀ ਗ੍ਰਿਫ਼ਤਾਰੀ ਤੋਂ ਬਚਣ ਲਈ ਜ਼ਿਲ੍ਹਾ ਅਦਾਲਤ ਵਿੱਚ ਅਗਾਊਂ ਜ਼ਮਾਨਤ ਲੈ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੁਮੇਧ ਸੈਣੀ 'ਤੇ ਵੀ ਸੰਕਟ ਬਰਕਰਾਰ ਹੈ। ਸੰਮਨ ਜਾਰੀ ਹੁੰਦੇ ਉਹਨਾਂ ਨੂੰ ਜ਼ਮਾਨਤਾਂ ਕਰਵਾਉਣੀਆਂ ਪੈਣਗੀਆਂ।

ਇਹ ਸਾਰਾ ਕਾਰਜ ਕੁੰਵਰ ਵਿਜੈ ਪ੍ਰਤਾਪ ਦੀ ਅਗਵਾਈ ਵਿਚ ਸਿੱਟ ਨੇ ਕੀਤਾ ਸੀ। ਭਾਵੇਂ ਕੈਪਟਨ ਸਰਕਾਰ ਉੱਪਰ ਬਾਦਲ ਅਕਾਲੀ ਦਲ ਵਲੋਂ ਇਸ ਮਾਮਲੇ ਵਿਚ ਸਿਆਸਤ ਕਰਨ ਦੇ ਦੋਸ਼ ਲਗਾਏ ਹਨ। ਪਰ ਕੈਪਟਨ ਸਰਕਾਰ ਪੂਰੀ ਤਰ੍ਹਾਂ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਪਿੱਠ 'ਤੇ ਖੜੀ ਹੈ ਤੇ ਚੋਣ ਕਮਿਸ਼ਨ ਦੀ ਕਾਰਵਾਈ ਤੋਂ ਬਚਾਉਣ ਦੀਆਂ ਕੋਸ਼ਿਸਾਂ ਵਿਚ ਹੈ। ਬਾਦਲ ਅਕਾਲੀ ਦਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਤੇ ਚੋਣਾਂ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਵਿਰੁੱਧ ਸ਼ਿਕਾਇਤ ਕਰ ਚੁੱਕਾ ਹੈ ਕਿ ਉਸ ਨੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਚੋਣ ਕਮਿਸ਼ਨ ਨੇ ਅਕਾਲੀ ਦਲ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਦੋਨੋਂ ਵਾਰ ਸਖ਼ਤ ਸਟੈਂਡ ਲਿਆ ਹੈ। ਚੋਣਾਂ ਦੌਰਾਨ ਉਸ ਨੂੰ ਸਿੱਟ ਤੋਂ ਪਾਸੇ ਕਰ ਦਿੱਤਾ ਸੀ ਤੇ ਹੁਣ ਜੁਆਬ ਤਲਬੀ ਕੀਤੀ ਹੈ। ਕੈਪਟਨ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਮਾਮਲੇ 'ਤੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦਾ ਦਾਅਵਾ ਕੀਤਾ ਹੈ ਤੇ ਇਸ ਸੰਬੰਧੀ ਸਪੱਸ਼ਟੀਕਰਨ ਤੇ ਰਿਪੋਰਟ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਵੱਲੋਂ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ। ਇਸ ਰਿਪੋਰਟ ਵਿੱਚ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਕਮਿਸ਼ਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ 'ਤੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਆਈਜੀ ਨੂੰ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਤਾਇਨਾਤ ਕਰ ਦਿੱਤਾ ਸੀ। ਸਰਕਾਰ ਦਾ ਕਹਿਣਾ ਹੈ ਕਿ ਕਮਿਸ਼ਨ ਨੇ ਇਸ ਅਧਿਕਾਰੀ ਨੂੰ ਐਸਆਈਟੀ ਦੇ ਮੈਂਬਰ ਵਜੋਂ ਹਟਾਉਣ ਲਈ ਨਹੀਂ ਕਿਹਾ ਸੀ, ਸਗੋਂ ਮੀਡੀਆ ਨਾਲ ਕਿਸੇ ਵੀ ਤਰ੍ਹਾਂ ਦੀ ਗੱਲ ਕਰਨ ਤੋਂ ਵਰਜਿਆ ਸੀ। ਸਰਕਾਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤੋਂ ਬਾਅਦ ਸੰਸਦੀ ਚੋਣਾਂ ਦੇ ਸਮੁੱਚੇ ਅਮਲ ਦੌਰਾਨ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਗਈ ਤੇ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ। ਸਰਕਾਰ ਨੇ ਕਿਹਾ ਕਿ 23 ਮਈ ਨੂੰ ਐੱਸਆਈਟੀ ਦੇ ਮੈਂਬਰ ਵਜੋਂ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਦੋਸ਼ ਪੱਤਰ 'ਤੇ ਸਿਰਫ਼ ਦਸਤਖ਼ਤ ਕੀਤੇ ਗਏ ਸਨ ਪਰ ਦੋਸ਼ ਪੱਤਰ ਚੋਣ ਜ਼ਾਬਤਾ ਖ਼ਤਮ ਹੋਣ ਤੋਂ ਬਾਅਦ 27 ਮਈ ਨੂੰ ਅਦਾਲਤ ਵਿਚ ਦਾਖ਼ਲ ਕੀਤਾ ਗਿਆ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਐੱਸਆਈਟੀ ਦੇ ਗਠਨ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਈ ਭੂਮਿਕਾ ਨਹੀਂ ਹੈ ਤੇ ਇਸ ਦਾ ਗਠਨ ਤਤਕਾਲੀ ਡੀਜੀਪੀ ਨੇ ਕੀਤਾ ਸੀ। ਇਸ ਤਰ੍ਹਾਂ ਸੂਬਾ ਸਰਕਾਰ ਨੇ ਇਸ ਮਾਮਲੇ 'ਤੇ ਦੋਸ਼ਾਂ ਤੋਂ ਪੱਲਾ ਝਾੜ ਲਿਆ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਿੱਥੇ ਬਾਦਲ ਸਰਕਾਰ ਵੇਲੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦਾ ਮੱਸਲਾ ਲਟਕਾਇਆ ਗਿਆ, ਉੱਥੇ ਕੈਪਟਨ ਸਰਕਾਰ ਦੇ ਦੌਰਾਨ ਵੀ ਇਹ ਮੱਸਲਾ ਲਟਕਾਇਆ ਜਾ ਰਿਹਾ ਹੈ। ਦੋਸ਼ੀ ਕੌਣ ਹੈ, ਹਾਲੇ ਤੱਕ ਪਤਾ ਨਹੀਂ ਲੱਗ ਸਕਿਆ। ਜੇਕਰ ਸਰਕਾਰਾਂ ਹੀ ਸਿਆਸਤ ਕਰਨ ਲੱਗ ਜਾਣ ਤਾਂ ਇਨਸਾਫ਼ ਦੀ ਆਸ ਕਰਨਾ ਫਜ਼ੂਲ ਹੁੰਦਾ ਹੈ। ਹੁਣ ਤੱਕ ਕੈਪਟਨ ਸਰਕਾਰ ਵੱਲੋਂ ਬਾਦਲ ਅਕਾਲੀ ਦਲ ਨੂੰ ਠਿੱਬੀ ਲਾਉਣ ਦੀ ਸਿਆਸਤ ਖੇਡੀ ਜਾ ਰਹੀ ਹੈ, ਪਰ ਇਨਸਾਫ਼ ਵਾਲੀ ਕੋਈ ਗੱਲ ਨਹੀਂ ਕੀਤੀ ਜਾ ਰਹੀ। ਜੇਕਰ ਸਿੱਟ ਦੇ ਰਾਹੀਂ ਇਹ ਕਾਰਵਾਈ ਕਰਨੀ ਸੀ ਤਾਂ ਕਮਿਸ਼ਨ ਬਣਾਉਣ ਦੀ ਲੋੜ ਨਹੀਂ ਸੀ। ਜਾਪਦਾ ਇਹ ਹੈ ਕਿ ਇਸ ਮੱਸਲੇ 'ਤੇ ਇਨਸਾਫ਼ ਨਹੀਂ ਹੋਵੇਗਾ, ਸਿਰਫ ਸਿਆਸਤ ਹੋਵੇਗੀ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਅਸਲ ਦੋਸ਼ੀ ਕੌਣ ਹਨ, ਉਹ ਹਾਲੇ ਤੱਕ ਲੁਕੇ ਹੋਏ ਹਨ। ਭਾਵੇਂ ਦੋਸ਼ ਸਿਰਸਾ ਸਾਧ ਤੇ ਡੇਰੇ 'ਤੇ ਲੱਗੇ ਹਨ, ਪਰ ਉਹਨਾਂ ਪਿੱਛੇ ਕੌਣ ਹੈ, ਉਹ ਅਜੇ ਤੱਕ ਗੱਲ ਸਾਹਮਣੇ ਨਹੀਂ ਆ ਸਕੀ। ਚਾਹੇ ਸਿੱਟ ਹੋਵੇ, ਚਾਹੇ ਸੀਬੀਆਈ ਹੋਵੇ ਪਰ ਉਹ ਓਨਾ ਚਿਰ ਤੱਕ ਇਮਾਨਦਾਰੀ ਨਾਲ ਕੰਮ ਨਹੀਂ ਕਰ ਸਕਦੀ, ਜਿੰਨਾ ਚਿਰ ਤੱਕ ਸੱਤਾਧਾਰੀ ਧਿਰ ਇਮਾਨਦਾਰ ਨਾ ਹੋਵੇ। ਜੇ ਸੱਤਾਧਾਰੀ ਧਿਰਾਂ ਇਨਸਾਫ਼ ਨਹੀਂ ਕਰਨਗੀਆਂ ਤਾਂ ਉਹਨਾਂ ਦੀ ਸੱਤਾ ਵੀ ਬਹੁਤਾ ਚਿਰ ਨਹੀਂ ਰਹਿ ਸਕਦੀ। ਲੋਕ ਇਨਸਾਫ਼ ਚਾਹੁੰਦੇ ਨੇ, ਸ਼ਾਂਤੀ ਚਾਹੁੰਦੇ ਨੇ ਤੇ ਇਹ ਵੀ ਆਸ ਰੱਖਦੇ ਹਨ ਕਿ ਹਕੂਮਤ ਵੀ ਇਨਸਾਫ਼ ਪਸੰਦ ਹੋਵੇ। ਇਸ ਗੱਲ ਨੂੰ ਪੰਜਾਬ ਦੀਆਂ ਵੱਡੀਆਂ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੂੰ ਵੀ ਪੜ੍ਹ ਲੈਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਕਾਰਨ ਆਪਣਾ ਬਹੁਤ ਵੱਡਾ ਨੁਕਸਾਨ ਕਰ ਚੁੱਕਾ ਹੈ ਤੇ ਹੁਣ ਬਾਰੀ ਕੈਪਟਨ ਸਰਕਾਰ ਦੀ ਹੈ। ਭਾਰਤ ਵਿਚ ਕਾਂਗਰਸ ਦਾ ਆਧਾਰ ਬੁਰੀ ਤਰ੍ਹਾਂ ਖੁਰ ਚੁੱਕਾ ਹੈ। ਜੇਕਰ ਕੈਪਟਨ ਸਰਕਾਰ ਦਾ ਇਹੀ ਵਰਤਾਰਾ ਰਿਹਾ ਤਾਂ ਪੰਜਾਬ ਵਿਚ ਵੀ ਕਾਂਗਰਸ ਦਾ ਬਚਣਾ ਮੁਸ਼ਕਲ ਹੋਵੇਗਾ। ਕਾਂਗਰਸ ਕੋਲ ਹਾਲੇ ਤੱਕ ਪੰਜਾਬ ਵਿਚ ਕੈਪਟਨ ਦੇ ਕੱਦ ਦਾ ਲੀਡਰ ਨਹੀਂ ਹੈ। ਭਾਵੇਂ ਨਵਜੋਤ ਸਿੰਘ ਸਿੱਧੂ ਸਿਆਸਤ ਵਿਚ ਬਹੁਤ ਉਡਾਰੀਆਂ ਮਾਰ ਰਹੇ ਹਨ, ਪਰ ਉਹ ਅਖ਼ਬਾਰਾਂ ਤੱਕ ਸੀਮਤ ਹਨ, ਪਰ ਬਹੁਤਾ ਆਧਾਰ ਪੰਜਾਬ ਕਾਂਗਰਸ ਵਿਚ ਕੈਪਟਨ ਦਾ ਹੈ, ਪਰ ਜੇਕਰ ਕੈਪਟਨ ਪੰਜਾਬੀਆਂ ਦੀਆਂ ਭਾਵਨਾਵਾਂ 'ਤੇ ਪੂਰੇ ਨਾ ਉਤਰੇ ਤਾਂ ਪੰਜਾਬ ਕਾਂਗਰਸ ਦਾ ਹਸ਼ਰ ਬਾਦਲ ਦਲ ਤੋਂ ਵੱਖਰਾ ਨਹੀਂ ਹੋਵੇਗਾ।

# "ਦਿੱਲੀ 'ਚ ਸਿੱਖ ਡਰਾਈਵਰ ਤੇ ਉਸ ਦੇ ਪੁੱਤਰ ਦੀ ਮਾਰਕੁੱਟ ਪੁਲੀਸ ਦੀ ਦਰਿੰਦਗੀ ਦਾ ਸਬੂਤ"

- **ਹਾਈ ਕੋਰਟ ਨੇ ਵੀਡੀਓ ਦੇਖ ਕੇ ਦਿੱਲੀ ਪੁਲੀਸ ਨੂੰ ਪਾਈਆਂ ਝਾੜਾਂ**
- **15 ਸਾਲਾਂ ਦੇ ਲੜਕੇ ਦੀ ਕੁੱਟਮਾਰ ਜਾਇਜ਼ ਨਹੀਂ ਠਹਿਰਾਈ ਜਾ ਸਕਦੀ**
- **ਦਿੱਲੀ 'ਚ ਮਾਹੌਲ ਖਰਾਬ ਕਰਨ ਲਈ ਸ਼ਿਵ ਸੈਨਾ ਪੱਬਾਂ ਭਾਰ**



**ਨਵੀਂ ਦਿੱਲੀ/ਏਟੀ ਨਿਊਜ਼ :**
ਇਥੋਂ ਦੇ ਮੁਖਰਜੀ ਨਗਰ ਵਿਚ ਗ੍ਰਾਮੀਣ ਸੇਵਾ ਵਾਲੇ ਆਟੋ ਚਾਲਕ ਸਰਬਜੀਤ ਸਿੰਘ ਅਤੇ ਉਸ ਦੇ ਨਾਬਾਲਗ ਪੁੱਤਰ ਦੀ ਕੁੱਟਮਾਰ ਦੇ ਮਾਮਲੇ ਵਿਚ ਹਾਈ ਕੋਰਟ ਨੇ ਬੀਤੇ ਦਿਨੀਂ ਦਿੱਲੀ ਪੁਲੀਸ ਦੀ ਲਾਹ-ਪਾਹ ਕਰਦਿਆਂ ਕਿਹਾ ਕਿ 'ਵੀਡੀਓ ਪੁਲੀਸ ਦੀ ਦਰਿੰਦਗੀ ਦਾ ਸਬੂਤ ਹੈ ਕਿ ਵਰਦੀਧਾਰੀ ਬਲ ਨੂੰ ਅਜਿਹਾ ਕਾਰਾ ਨਹੀਂ ਕਰਨਾ ਚਾਹੀਦਾ ਸੀ।' ਜਸਟਿਸ ਜਯੰਤ ਨਾਥ ਅਤੇ ਜਸਟਿਸ ਨਜਮੀ ਵਜ਼ੀਰੀ ਦੇ ਬੈਂਚ ਨੇ ਸਰਬਜੀਤ ਸਿੰਘ ਅਤੇ ਉਸ ਦੇ ਪੁੱਤਰ ਨਾਲ ਕੁੱਟਮਾਰ ਦਾ ਵੀਡੀਓ ਦੇਖਣ ਮਗਰੋਂ ਕਿਹਾ,"ਤੁਸੀਂ 15 ਸਾਲਾਂ ਦੇ ਲੜਕੇ ਨੂੰ ਕੁੱਟਣ ਦੇ ਮਾਮਲੇ ਨੂੰ ਕਿਵੇਂ ਜਾਇਜ਼ ਠਹਿਰਾ ਸਕਦੇ ਹੋ ? ਜੇਕਰ ਇਹ ਪੁਲੀਸ ਦੀ ਦਰਿੰਦਗੀ ਦਾ ਸਬੂਤ ਨਹੀਂ ਹੈ ਤਾਂ ਫਿਰ ਤੁਹਾਨੂੰ ਹੋਰ ਕੀ ਚਾਹੀਦਾ ਹੈ।"

ਬੈਂਚ ਨੇ ਕਿਹਾ ਕਿ ਜੇਕਰ ਵਰਦੀਧਾਰੀ ਬਲ ਅਜਿਹੇ ਢੰਗ ਨਾਲ ਕੰਮ ਕਰਨਗੇ ਤਾਂ ਇਸ ਨਾਲ ਨਾਗਰਿਕਾਂ ਵਿਚ ਖ਼ੌਫ਼ ਪੈਦਾ ਹੋਵੇਗਾ ਜਦਕਿ ਉਨ੍ਹਾਂ ਨੂੰ ਇਹ ਮਹਿਸੂਸ ਕਰਾਉਣ ਦੀ ਲੋੜ ਹੈ ਕਿ ਪੁਲੀਸ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੈ। 'ਪੁਲੀਸ ਨੂੰ ਦਰਸਾਉਣਾ ਪਵੇਗਾ ਕਿ ਉਹ ਨਾਗਰਿਕਾਂ ਨਾਲ ਹੈ। ਬੱਚਿਆਂ ਸਮੇਤ ਸਾਰੇ ਨਾਗਰਿਕ ਇਹੋ ਚਾਹੁੰਦੇ ਹਨ।'

ਘਟਨਾ ਦੀ ਸੀਬੀਆਈ ਤੋਂ ਜਾਂਚ ਕਰਾਉਣ ਬਾਰੇ ਦਾਖ਼ਲ ਜਨਹਿੱਤ ਪਟੀਸ਼ਨ 'ਤੇ ਕੇਂਦਰ, 'ਆਪ' ਸਰਕਾਰ ਅਤੇ ਦਿੱਲੀ ਪੁਲੀਸ ਨੂੰ ਨੋਟਿਸ ਜਾਰੀ ਕਰਦਿਆਂ ਹਾਈ ਕੋਰਟ ਨੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਬੈਂਚ ਨੇ ਜਾਇੰਟ ਕਮਿਸ਼ਨਰ ਪੁਲੀਸ ਰੈਂਕ ਦੇ ਅਧਿਕਾਰੀ ਤੋਂ ਘਟਨਾ ਬਾਬਤ ਨਿਰਪੱਖ ਰਿਪੋਰਟ ਹਫ਼ਤੇ ਅੰਦਰ ਮੰਗਦਿਆਂ ਕੇਸ ਦੀ ਸੁਣਵਾਈ 2 ਜੁਲਾਈ ਲਈ ਨਿਰਧਾਰਤ ਕਰ ਦਿੱਤੀ। ਪੁਲੀਸ ਵੱਲੋਂ ਪੇਸ਼ ਹੋਏ ਦਿੱਲੀ ਸਰਕਾਰ ਦੇ ਵਧੀਕ ਸਟੈਂਡਿੰਗ ਵਕੀਲ ਸਤਿਆਕਾਮ ਨੇ ਕਿਹਾ ਕਿ ਉਹ ਅਧਿਕਾਰੀਆਂ ਦੇ ਕਾਰੇ ਦਾ ਬਚਾਅ ਨਹੀਂ ਕਰ ਰਿਹਾ ਹੈ। ਉਸ ਨੇ ਕਿਹਾ ਕਿ ਦੋਵੇਂ ਧਿਰਾਂ ਵੱਲੋਂ ਇਕ-ਦੂਜੇ ਖ਼ਿਲਾਫ਼ ਸ਼ਿਕਾਇਤਾਂ ਦੇ ਆਧਾਰ 'ਤੇ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਜਾਂਚ ਲਈ ਕ੍ਰਾਈਮ ਬਰਾਂਚ ਕੋਲ ਭੇਜਿਆ ਗਿਆ ਹੈ। ਉਸ ਨੇ ਅਦਾਲਤ ਨੂੰ ਦੱਸਿਆ ਕਿ ਵੀਡੀਓ ਤੋਂ ਪਛਾਣੇ ਗਏ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਜਾਇੰਟ ਕਮਿਸ਼ਨਰ ਪੁਲੀਸ ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਬੀਤੇ ਹਫ਼ਤੇ ਦਿੱਲੀ ਵਿਚ ਇਕ ਆਟੋ ਰਿਕਸ਼ਾ ਚਾਲਕ ਅਤੇ ਉਸ ਦੇ ਨਾਬਾਲਗ ਬੇਟੇ ਨਾਲ ਦਿੱਲੀ ਪੁਲਿਸ ਵਲੋਂ ਕੀਤੀ ਕੁੱਟਮਾਰ, ਉੱਤਰ ਭਾਰਤ ਵਿਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਹਿਲਾਂ ਆਈ ਵੀਡੀਓ ਦੇ ਇਕ ਹਿੱਸੇ ਵਿਚ ਦਿਖਾਈ ਦੇ ਰਿਹਾ ਸੀ ਕਿ ਇਕ ਸਿੱਖ ਤੇ ਉਸ ਦੇ ਨਾਬਾਲਗ ਬੇਟੇ ਨੂੰ ਪੁਲਿਸ ਦੇ ਕਿੰਨੇ ਸਾਰੇ ਗ਼ੈਰ-ਸਿੱਖ ਕਰਮਚਾਰੀ ਕਾਬੂ ਕਰ ਲੈਣ ਤੋਂ ਬਾਅਦ ਵੀ ਕੁੱਟ ਮਾਰ ਕਰਕੇ ਲਾਸ਼ਾਂ ਪਾ ਰਹੇ ਸਨ ਤੇ ਘਸੀਟ ਰਹੇ ਸਨ। ਇਸ ਮਾਮਲੇ ਵਿਚ ਦਿੱਲੀ ਹਾਈ ਕੋਰਟ ਵਿਚ ਰਿੱਟ ਕਰਨ ਵਾਲੀ ਡਾ: ਸੀਮਾ ਸਿੰਘਲ ਨੇ ਕਿਹਾ ਕਿ 'ਇਹ ਮੰਨਦੇ ਹੋਏ ਕਿ ਸਰਬਜੀਤ ਸਿੰਘ (ਟੈਂਪੂ ਚਾਲਕ) ਨੇ ਪੁਲਿਸ ਕਰਮਚਾਰੀਆਂ 'ਤੇ ਹਮਲਾ ਕਰਨ ਲਈ ਆਪਣੀ ਕ੍ਰਿਪਾਨ ਕੱਢ ਲਈ ਸੀ। ਪੁਲਿਸ ਨੂੰ ਉਸ ਨੂੰ ਅਤੇ ਉਸ ਦੇ ਨਾਬਾਲਗ ਬੇਟੇ ਨੂੰ ਬੇਰਹਿਮੀ ਨਾਲ ਮਾਰਨ ਦੀ ਥਾਂ ਉਸ ਨੂੰ ਉਚਿਤ ਢੰਗ ਨਾਲ ਕਾਬੂ ਕਰਨਾ ਚਾਹੀਦਾ ਸੀ।

ਦਿੱਲੀ ਹਾਈ ਕੋਰਟ ਦੇ ਸੁਯੋਗ ਜੱਜਾਂ ਜਸਟਿਸ ਜੈਅੰਤ ਨਾਥ ਅਤੇ ਜਸਟਿਸ ਨਜ਼ਮੀ ਵਾਜਰੀ ਨੇ ਇਸ ਕੁੱਟਮਾਰ ਦੀ ਵੀਡੀਓ ਦੇਖਣ ਤੋਂ ਬਾਅਦ ਕੇਂਦਰ ਸਰਕਾਰ, ਐਨ.ਸੀ.ਟੀ. (ਦਿੱਲੀ) ਸਰਕਾਰ ਅਤੇ ਦਿੱਲੀ ਪੁਲਿਸ ਨੂੰ ਇਸ ਜਨਹਿਤ ਪਟੀਸ਼ਨ 'ਤੇ ਆਪਣਾ ਪੱਖ ਰੱਖਣ ਲਈ ਕਿਹਾ ਹੈ ਅਤੇ ਮਾਮਲੇ ਦੀ ਜਾਂਚ ਇਕ ਹਫਤੇ ਦੇ ਵਿਚ ਪੁਲਿਸ ਦੇ ਜੁਆਇੰਟ ਕਮਿਸ਼ਨਰ ਰੈਂਕ ਦੇ ਅਫ਼ਸਰ ਵਲੋਂ ਕਰਕੇ ਰਿਪੋਰਟ ਦੇਣ ਲਈ ਵੀ ਕਿਹਾ ਹੈ।

**ਸ਼ਿਵ ਸੈਨਾ ਚਾਂਭਲੀ-**
ਇੱਥੋਂ ਦੇ ਮੁਖਰਜੀ ਨਗਰ ਇਲਾਕੇ ਵਿਚ ਇੱਕ ਸਿੱਖ ਵਿਅਕਤੀ ਨਾਲ ਪੁਲਿਸ ਵੱਲੋਂ ਕੀਤੀ ਗਈ ਕੁੱਟਮਾਰ ਦਾ ਮਾਮਲਾ ਇਸ ਹੱਦ ਤੱਕ ਗਰਮਾ ਗਿਆ ਹੈ ਕਿ ਫਿਰਕੂ ਜਥੇਬੰਦੀ ਸ਼ਿਵ ਸੈਨਾ ਵੀ ਇਸ ਮਾਮਲੇ ਵਿਚ ਕੁੱਦ ਪਈ ਹੈ। ਸ਼ਿਵ ਸੈਨਾ ਦੇ ਆਗੂਆਂ ਦਾ ਕਹਿਣਾ ਹੈ ਕਿ ਇਹ ਇੱਕ ਮਾਮੂਲੀ ਸੜਕ ਟਕਰਾਅ ਸੀ ਜਿਹੜਾ ਕਿ ਲੜਾਈ ਦਾ ਰੂਪ ਲੈ ਗਿਆ ਤੇ ਇਸ ਨੂੰ ਕੁਝ ਸ਼ਰਾਰਤੀ ਅਨਸਰਾਂ ਨੇ ਧਾਰਮਿਕ ਰੰਗਤ ਦੇ ਕੇ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਹੜੇ ਲੋਕ ਵਿਦੇਸ਼ਾਂ ਵਿਚ ਬੈਠ ਕੇ ਦੇਸ਼ ਨੂੰ ਤੋੜਨ ਦੀਆਂ ਸਾਜਿਸ਼ਾਂ ਰਚਦੇ ਹਨ ਜਿਨ੍ਹਾਂ ਵਿੱਚ ਖਾਲਿਸਤਾਨ ਦੇ ਹਿਮਾਇਤੀ ਵੀ ਸ਼ਾਮਲ ਹਨ ਉਨ੍ਹਾਂ ਵੱਲੋਂ ਜਾਣ ਬੁੱਝ ਕੇ ਇਸ ਮਾਮਲੇ ਵਿਚ ਦਖਲ ਦੇ ਕੇ ਬਲਦੀ 'ਤੇ ਅੱਗ ਪਾਉਣ ਦਾ ਕੰਮ ਕੀਤਾ ਗਿਆ। ਵੀਡੀਓ ਵਿਚ ਸ਼ਿਵ ਸੈਨਾ ਆਗੂ ਨੇ ਕਿਹਾ ਕਿ ਅਸੀਂ ਇਸੇ ਸਬੰਧ ਵਿੱਚ ਡੀਸੀਪੀ ਨੂੰ ਮੰਗ ਪੱਤਰ ਸੌਂਪ ਕਿ ਸਰਕਾਰ ਤੋਂ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ ਤਾਂ ਜੋ ਜਿਹੜਾ ਅਸਲ ਦੋਸੀ ਹੈ ਉਸ ਨੂੰ ਇਸ ਦੀ ਸਜ਼ਾ ਮਿਲੇ ਤੇ ਕਿਸੇ ਵੀ ਬੇਕਸੂਰ ਨੂੰ ਸਜ਼ਾ ਨਾ ਮਿਲੇ।

**ਲੋਕ ਸਭਾ 'ਚ ਬਿੱਟੂ ਬੋਲੇ -**
ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਬੀਤੇ ਦਿਨੀਂ ਲੋਕ ਸਭਾ ਵਿਚ ਸਿਫ਼ਰਕਾਲ ਵਿਚ ਇਹ ਮਾਮਲਾ ਉਠਾਉਂਦੇ ਹੋਏ ਇਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੁੱਪੀ 'ਤੇ ਸਵਾਲ ਉਠਾਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਕੁੱਟਮਾਰ ਦੇ ਵੀਡੀਓ ਦਾ ਹਵਾਲਾ ਦਿੰਦਿਆਂ ਬਿੱਟੂ ਨੇ ਕਿਹਾ ਕਿ ਕੇਸ ਅਤੇ ਦਸਤਾਰ ਸਰਦਾਰਾਂ ਦਾ ਮਾਣ ਹੁੰਦੀ ਹੈ, ਪਰ ਵੀਡੀਓ ਵਿਚ ਨਾ ਸਿਰਫ਼ ਡਰਾਈਵਰ ਦੀ ਦਸਤਾਰ ਉਤਾਰੀ ਗਈ, ਸਗੋਂ ਕੇਸਾਂ ਤੋਂ ਧੂਹ ਕੇ ਉਸ ਨਾਲ ਗ਼ੈਰ-ਮਨੁੱਖੀ ਢੰਗ ਨਾਲ ਵਰਤਾਓ ਵੀ ਕੀਤਾ ਗਿਆ। ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਦਿੱਲੀ ਪੁਲਿਸ ਦੇ ਇਸ ਰਵੱਈਏ ਦੀ ਤਿੱਖੀ ਨਿਖੇਧੀ ਕਰਦਿਆਂ ਬਿੱਟੂ ਨੇ ਕਿਹਾ ਕਿ ਹਰ ਚੋਣ ਭਾਸ਼ਨ ਵਿਚ '84 ਦਾ ਹਵਾਲਾ ਦੇਣ ਵਾਲੇ ਗ੍ਰਹਿ ਮੰਤਰੀ ਅਮਿਤ ਸ਼ਾਹ ਪੁਲਿਸ ਦੀ ਇਸ ਦਰਿੰਦਗੀ 'ਤੇ ਚੁੱਪ ਕਿਉਂ ਹਨ ? ਉਕਤ ਮਾਮਲੇ ਵਿਚ ਅਜੇ ਤੱਕ ਧਾਰਾ 295 (ਏ) ਵੀ ਨਹੀਂ ਲਗਾਈ ਗਈ। ਬਿੱਟੂ ਨੇ ਗ੍ਰਹਿ ਮੰਤਰੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਲੋਂ ਧਾਰੀ ਚੁੱਪੀ 'ਤੇ ਵੀ ਸਵਾਲ ਉਠਾਏ।

**ਸਿੱਖਾਂ ਦਾ ਮੋਰਚਾ ਜਾਰੀ -**
ਬੇਸ਼ੱਕ ਪੁਲਿਸ ਦੇ ਵੱਡੇ ਅਧਿਕਾਰੀਆਂ ਨੇ ਇਨ੍ਹਾਂ ਕੁੱਟਮਾਰ ਕਰਨ ਵਾਲੇ ਪੁਲਿਸ ਮੁਲਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ, ਪਰ ਫਿਰ ਵੀ ਸਿੱਖ ਜਥੇਬੰਦੀਆਂ ਦਾ ਗੁੱਸਾ ਸ਼ਾਂਤ ਨਹੀਂ ਹੋ ਰਿਹਾ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਹੁਣ ਦਮਦਮੀ ਟਕਸਾਲ ਦੇ ਰਾਜਪੁਰਾ ਜੱਥੇ ਵਲੋਂ ਦਿੱਲੀ ਦੇ ਥਾਣਾ ਮੁਖਰਜੀ ਨਗਰ ਨੂੰ ਘੇਰ ਲਿਆ ਹੈ ਤੇ ਸਿੰਘਾਂ ਵੱਲੋਂ ਥਾਣੇ ਦੇ ਬਾਹਰ ਹੀ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ। ਧਰਨਾ ਲਾਈ ਬੈਠੀ ਇਸ ਜਥੇਬੰਦੀ ਦਾ ਕਹਿਣਾ ਕਿ ਜਦੋਂ ਤੱਕ ਮੁਲਜ਼ਮ ਪੁਲਿਸ ਵਾਲਿਆਂ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਂਦਾ ਉਦੋਂ ਤੱਕ ਉਨ੍ਹਾਂ ਦਾ ਇਹ ਸ਼ਾਂਤਮਈ ਧਰਨਾ ਜਾਰੀ ਰਹੇਗਾ।

## ਵਿਦੇਸ਼ਾਂ 'ਚ ਭਾਰਤੀਆਂ ਦਾ 34 ਲੱਖ ਕਰੋੜ ਰੁਪਏ ਕਾਲਾ ਧਨ ਹੋਣ ਦੀ ਸੰਭਾਵਨਾ

ਨਵੀਂ ਦਿੱਲੀ/ਏਟੀ ਨਿਊਜ਼ : ਭਾਰਤੀਆਂ ਨੇ ਸਾਲ 1980 ਤੋਂ ਲੈ ਕੇ ਸਾਲ 2010 ਵਿਚਕਾਰ 30 ਸਾਲ ਦੀ ਅਰਸੇ ਵਿਚ ਲਗਪਗ 17,25,300 ਕਰੋੜ ਰੁਪਏ ਤੋਂ ਲੈ ਕੇ 34,30,000 ਕਰੋੜ ਰੁਪਏ ਦੇ ਕਰੀਬ ਕਾਲਾ ਧਨ ਦੇਸ਼ ਦੇ ਬਾਹਰ ਭੇਜਿਆ। ਤਿੰਨ ਵੱਖ-ਵੱਖ ਦਿਗ਼ਜ਼ ਸੰਸਥਾਨਾਂ-ਐਨ.ਆਈ.ਪੀ.ਐਫ.ਪੀ., ਐਨ.ਸੀ.ਏ.ਆਈ.ਆਰ. ਤੇ ਐਨ.ਆਈ.ਐਫ਼.ਐਮ. ਨੇ ਆਪਣੇ ਅਧਿਐਨ ਵਿਚ ਇਹ ਜਾਣਕਾਰੀ ਦਿੱਤੀ ਹੈ। ਲੋਕ ਸਭਾ ਵਿਚ ਪੇਸ਼ ਫਾਈਨਾਂਸ 'ਤੇ ਸਟੈਂਡਿੰਗ ਕਮੇਟੀ ਦੀ ਇਕ ਰਿਪੋਰਟ ਮੁਤਾਬਿਕ ਤਿੰਨਾਂ ਸੰਸਥਾਨਾਂ ਨੇ ਆਪਣੇ ਅਧਿਐਨ ਵਿਚ ਪਾਇਆ ਹੈ ਕਿ ਜਿਸ ਖੇਤਰ ਵਿਚ ਸਭ ਤੋਂ ਜ਼ਿਆਦਾ ਕਾਲਾ ਧਨ ਪਾਇਆ ਗਿਆ ਹੈ ਉਨ੍ਹਾਂ ਵਿਚ ਰੀਅਲ ਅਸਟੇਟ, ਮਾਈਨਿੰਗ, ਫਾਰਮਾਸਯੁਟਿਕਲਸ, ਪਾਨ ਮਸਾਲਾ, ਗੁਟਖਾ, ਤੰਬਾਕੂ, ਬੁਲਿਅਨ, ਕਮਾਡਿਟੀ, ਫ਼ਿਲਮ ਤੇ ਸਿੱਖਿਆ ਹਨ। ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਪਾਲਿਸੀ ਐਂਡ ਫਾਈਨਾਂਸ ਨੇ ਕਿਹਾ ਕਿ 1997-2009 ਦੌਰਾਨ ਦੇਸ਼ ਦੇ ਸਾਰੇ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 0.2 ਫ਼ੀਸਦੀ ਤੋਂ ਲੈ ਕੇ 7.4 ਫ਼ੀਸਦੀ ਤੱਕ ਕਾਲਾ ਧਨ ਵਿਦੇਸ਼ ਭੇਜਿਆ ਗਿਆ।

# ਜਨਮ ਦਿਨ ਮੁਬਾਰਕ ਜਸਵੰਤ ਸਿੰਘ ਕੰਵਲ ਜੀਓ



**ਗੁਰਦੀਪ ਕੌਰ ਸੈਕਰਾਮੈਂਟੋ**
916-695-0035
ਈਮੇਲ :realtorgurdip@gmail.com

ਪੰਜਾਬੀ ਸਾਹਿਤ, ਪੰਜਾਬੀ ਨਾਵਲ ਅਤੇ ਪੰਜਾਬੀਅਤ ਦੇ ਝੰਡਾ ਬਰਦਾਰ, ਅਲੰਬਰਦਾਰ, ਪੰਜਾਬੀ ਸਾਹਿਤ ਦੇ ਧਰੂ ਤਾਰੇ ਤੇ ਸਮੂਹ ਪੰਜਾਬੀਆਂ ਦੇ ਰੂਹੇ ਰਵਾਂ, ਬਾਪੂ ਜਸਵੰਤ ਸਿੰਘ ਕੰਵਲ ਜੀ ਨੂੰ, ਉਨ੍ਹਾਂ ਦਾ ਸੌਵਾਂ ਸਾਲ, 21 ਜੂਨ-2019, ਤਹਿ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕ ਹੋਵੇ। ਜਸਵੰਤ ਸਿੰਘ ਕੰਵਲ ਇਕ ਮੁਬਾਰਕ ਤੇ ਭਰੀ ਪੂਰੀ ਸ਼ਖਸੀਅਤ ਹੈ। ਇਹ ਸੁਭਾਗਾ ਸਮਾਂ ਹੈ, ਜਦ ਉਹ ਆਪਣੀ ਵਰੇਸ ਦਾ ਸੈਂਕੜਾ ਮਾਰ ਗਿਆ। ਸਭ ਤੋਂ ਚੰਗੀ ਗੱਲ ਇਹ ਹੈ ਕਿ ਉਹ ਤੰਦਰੁਸਤ, ਖੁਸ਼ਹਾਲ ਭਰੇ ਪੂਰੇ ਪਰਿਵਾਰ ਵਾਲਾ ਇਨਸਾਨ ਹੈ। ਉਸ ਦੇ ਘਰ-ਦਰ, ਹਰ ਬੂਹੇ-ਬੰਨੇ ਅਤੇ ਪਰਿਵਾਰ ਦੇ ਸਭ ਜੀਆਂ ਦੇ ਚਿਹਰਿਆਂ 'ਤੇ ਸਭਨਾਂ ਲਈ 'ਜੀ ਆਇਆਂ ਨੂੰ' ਲਿਖਿਆ ਹੋਇਆ ਹੈ। ਸਰੂ ਦੇ ਕੱਦ ਵਾਂਗ ਝੂਲਦਾ ਜਸਵੰਤ ਸਿੰਘ ਕੰਵਲ ਅੱਜ ਵੀ ਉਨ੍ਹਾਂ ਹੀ ਨਿੱਘਾ ਅਤੇ ਪਿਆਰਾ ਸ਼ਖਸ ਹੈ, ਜਿੰਨਾ ਉਹ ਆਪਣੇ ਹਾਣੀਆਂ, ਪਰਵਾਣੀਆਂ ਲਈ ਪਹਿਲਿਆਂ ਸਮਿਆਂ ਵਿਚ ਹੋਵੇਗਾ। ਅਚੇਤ ਮਨ ਨਾਲ ਸੋਚ ਕੇ ਵੇਖੀਏ ਤਾਂ ਕਿੰਨਾ ਚੰਗਾ ਲਗਦਾ ਹੈ, ਜਸਵੰਤ ਸਿੰਘ ਕੰਵਲ ਉਮਰ ਦਾ ਸੈਂਕੜਾ ਖੜ੍ਹਾ-ਖੜ੍ਹਾ ਹੀ ਮਾਰ ਗਿਆ। ਇਹ ਸੋਚ ਦੀ ਤੰਦ, ਉਸ ਨੂੰ ਹੋਰ ਨਿੱਘਾ ਤੇ ਪਿਆਰਾ ਬਣਾ ਦਿੰਦੀ ਹੈ, ਭਾਵੇਂ ਇਹ ਗੱਲਾਂ ਉਸ ਦੇ ਚਿੱਤ ਚੇਤੇ ਵੀ ਨਹੀਂ ਹੋਣਗੀਆਂ ਪਰ ਉਸ ਦੇ ਪਾਠਕਾਂ ਲਈ, ਮਿੱਤਰਾਂ-ਸੱਜਣਾਂ ਲਈ ਤੇ ਉਸ ਦੇ ਚਹੇਤਿਆਂ ਲਈ ਬੜੀਆਂ ਖਾਸ ਹੋਣਗੀਆਂ। ਸਭ ਨੂੰ ਉਸ ਨਾਲ ਬੈਠਣਾ, ਗੱਲਾਂ-ਬਾਤਾਂ ਕਰਨੀਆਂ ਤੇ ਮਨ ਦੇ ਵਲਵਲੇ ਤੇ ਪੰਜਾਬ ਦੇ ਫਿਕਰ ਦੀਆਂ ਗੱਲਾਂ ਕਰਨਾ ਚੰਗਾ ਲਗਦਾ ਹੈ।

ਸੰਨ 1993 ਵਿਚ ਮੈਂ ਉਸ ਦਾ ਪਹਿਲਾ ਨਾਵਲ ਪੂਰਨਮਾਸੀ ਪੜ੍ਹਿਆ ਸੀ। ਰੁਮਾਂਸ ਤੇ ਪੀੜਾਂ ਦੇ ਸਿਖਰਾਂ ਵਰਗਾ ਇਹ ਨਾਵਲ ਪੰਜਾਬੀ ਦੇ ਸਾਹਿਤਕ ਪਾਠਕਾਂ ਦੀ ਪਸੰਦ ਵਾਂਗ ਮੇਰਾ ਵੀ ਇਹ ਪਸੰਦੀਦਾ ਨਾਵਲ ਹੈ, ਜਿਸ ਵਿਚ ਪੰਜਾਬੀ ਮਲਵਈ ਪੇਂਡੂ ਸੱਭਿਆਚਾਰ ਦੀ ਝਲਕ ਮਿਲਦੀ ਹੈ। ਅਸਲੀਅਤ ਨਾਲ ਇੰਨ ਬਿੰਨ ਮਿਲਦੇ ਰੂਪ ਤੇ ਚੰਨੋ ਦੇ ਕਿਰਦਾਰ, ਸਾਡੇ ਸਮਾਜ ਦਾ ਸ਼ੀਸ਼ਾ ਹਨ। ਭਾਵੇਂ ਕਿ ਅਜੋਕੇ ਯੁੱਗ ਨੇ ਇਨ੍ਹਾਂ ਦੇ ਚਿਹਰੇ, ਮੋਹਰੇ, ਰੰਗ-ਢੰਗ, ਨੈਣ-ਨਕਸ਼, ਮੁਹਾਂਦਰੇ ਬਦਲ ਦਿੱਤੇ ਹਨ ਪਰ ਪਰਛਾਵੇਂ ਅੱਜ ਵੀ ਉਵੇਂ ਦੇ ਹਨ। ਹੋ ਸਕਦਾ ਹੈ ਕਿਤੇ-ਕਿਤੇ ਸਾਡੀ ਹਉਮੈ ਦੀ ਬੱਤੀ ਉਚੀ ਹੋ ਗਈ ਹੋਵੇ ਪਰ ਚਾਨਣ ਤੇ ਨਿੱਘ ਪਹਿਲਾਂ ਜਿਹਾ ਹੀ ਹੈ। ਮੈਨੂੰ ਯਾਦ ਹੈ ਕਿ ਮੈਂ ਵੀ ਆਪਣੀ ਪੜ੍ਹਾਈ ਕਰਨ ਦੇ ਨਾਲ-ਨਾਲ ਜਸਵੰਤ ਸਿੰਘ ਕੰਵਲ ਦੇ ਸਾਰੇ ਨਾਵਲ, ਸੱਚ ਨੂੰ ਫਾਂਸੀ, ਇਕ ਹੋਰ ਹੈਲਨ, ਪਾਲੀ, ਰਾਤ ਬਾਕੀ ਹੈ, ਸਿਵਲ ਲਾਈਨਜ਼, ਭਵਾਨੀ, ਹਾਣੀ, ਮਿੱਤਰ ਪਿਆਰੇ ਨੂੰ, ਜੇਰਾ, ਮੋੜਾ, ਲਹੂ ਦੀ ਲੋਅ, ਐਨਿਆਂ ਵਿਚੋਂ ਉਠੋ ਸੂਰਮਾ, ਤੌਸਾਲੀ ਦੀ ਹੰਸੋ, ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ, ਬਰਫ਼ ਦੀ ਅੱਗ, ਜੰਗਲ ਦੇ ਸ਼ੇਰ, ਰੂਪਧਾਰਾ, ਤਾਰੀਖ ਵੇਖਦੀ ਹੈ, ਮੁਕਤੀ ਮਾਰਗ, ਚਿੱਕੜ ਦੇ ਕੰਵਲ, ਜੀਵਨ ਕਣੀਆਂ, ਪੰਜਾਬੀਓ ਜੀਣਾ ਹੈ ਕਿ ਮਰਨਾ ਆਦਿ ਕਿਤਾਬਾਂ, ਕਹਾਣੀਆਂ, ਨਾਵਲ ਪੜ੍ਹ ਕੇ ਆਪਣੇ-ਆਪ ਨੂੰ ਕੰਵਲ ਦੇ ਪਾਠਕਾਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਕਰ ਲਿਆ ਸੀ। ਉਸ ਸਮੇਂ ਦੇ ਮੁਤਾਬਕ ਮੇਰਾ ਇਹ ਸ਼ੌਕ ਇਕ ਮਹਿੰਗਾ ਸ਼ੌਕ ਸੀ। ਕਾਲਜ ਦੀ ਪੜ੍ਹਾਈ ਤੇ ਜਸਵੰਤ ਸਿੰਘ ਕੰਵਲ ਦੇ ਨਾਵਲ ਮੁੱਲ ਖਰੀਦਣੇ, ਫਿਰ ਪੜ੍ਹਨੇ, ਮੁੜ ਅੱਜ ਤੱਕ ਸਾਂਭ ਕੇ ਰੱਖਣੇ। ਕੰਵਲ ਦਾ ਨਾਵਲ 'ਜੰਗਲ ਦੇ ਸ਼ੇਰ', ਹੁਣ ਭਾਵੇਂ ਮੈਨੂੰ ਇਸ ਨਾਵਲ ਦੀ ਕਹਾਣੀ ਯਾਦ ਨਹੀਂ ਪਰ ਹਾਂ, ਇੰਨਾ ਜ਼ਰੂਰ ਯਾਦ ਹੈ ਕਿ ਮੇਰਾ ਇਹ ਨਾਵਲ ਪੜ੍ਹਦੀ-ਪੜ੍ਹਦੀ ਦਾ ਸਾਹ ਜ਼ਰੂਰ ਰੁਕ ਗਿਆ ਸੀ। ਸੰਨ 2003 ਵਿਚ ਮੈਂ ਆਪਣਾ ਪਹਿਲਾ ਲੇਖ 'ਜਸਵੰਤ ਸਿੰਘ ਕੰਵਲ' ਬਾਰੇ ਲਿਖਿਆ ਸੀ, ਜਨਮ ਦਿਨ 'ਤੇ ਵਿਸ਼ੇਸ਼ ਜੋ ਕਿ ਉਸ ਸਮੇਂ ਪੰਜਾਬੀ ਟ੍ਰਿਬਿਊਨ ਵਿਚ ਛਪਿਆ ਸੀ। ਟ੍ਰਿਬਿਊਨ ਵਾਲਿਆਂ ਨੇ ਮੈਨੂੰ ਲੇਖ ਦੇ 200 ਰੁਪਏ ਭੇਜੇ ਸਨ। ਇਹ ਹੌਂਸਲਾ ਅਫ਼ਜਾਈ ਦੀ ਰਸਮ ਅਮਰੀਕਾ, ਕੈਨੇਡਾ ਤੇ ਹੋਰ ਯੂਰਪੀ ਦੇਸ਼ਾਂ ਵਿਚ ਛਪਦੀਆਂ ਅਮੀਰ ਅਖ਼ਬਾਰਾਂ ਦੇ ਹਿੱਸੇ ਪਤਾ ਨਹੀਂ, ਅੱਜ ਤੱਕ ਕਿਉਂ ਨਹੀਂ ਆਈ।

ਕੰਵਲ ਦੇ ਨਾਵਲਾਂ 'ਤੇ ਅਨੇਕਾਂ ਵਿਦਿਆਰਥੀਆਂ ਨੇ ਐਮ.ਫ਼ਿਲ ਤੇ ਪੀ.ਐਚ.ਡੀ. ਵਰਗੀਆਂ ਡਿਗਰੀਆਂ ਲਈਆਂ ਹਨ। ਕਦੀ-ਕਦੀ ਮੇਰਾ ਮਨ ਵੀ ਹੁੰਦਾ ਹੈ, ਕਿ ਮੈਂ ਵੀ ਕੰਵਲ ਦੇ ਨਾਵਲਾਂ ਦੀ ਪੜਚੋਲ ਕਰਾਂ ਪਰ ਇਹ ਸੌਖਾ ਕਾਰਜ ਨਹੀਂ ਹੈ ਪਰ ਜੋ ਮੈਂ ਸਿੱਖਿਆ ਹੈ, ਜਾਂ ਮਹਿਸੂਸ ਕੀਤਾ ਤੇ ਜੋ ਅੱਜ ਵੀ ਮੇਰੇ ਮਨ ਮਸਤਕ ਵਿਚ ਹੈ, ਉਹ ਇਵੇਂ ਹੈ, ਕਿ ਮੈਨੂੰ ਪੰਜਾਬੀ ਸ਼ਬਦਾਵਲੀ ਦੀ ਅਮੀਰੀ ਕੰਵਲ ਦੇ ਨਾਵਲ ਪੜ੍ਹ ਕੇ ਹੀ ਮਿਲੀ ਹੈ। ਜ਼ਿੰਦਗੀ ਦੀਆਂ ਹਾਰਾਂ-ਜਿੱਤਾਂ ਹੰਢਾਉਣ ਦਾ ਵੱਲ ਵੀ ਇਥੋਂ ਹੀ ਸਿੱਖਿਆ ਹੈ। ਨੁਕਸਾਨ, ਲਾਭ, ਨਵੇਂ ਘਾਟੇ ਤੇ ਮੁਨਾਫ਼ੇ ਝੱਲਣੇ ਸੌਖੇ ਲੱਗੇ ਹਨ। ਦਿਮਾਗ ਦੇ ਖੁੱਲ੍ਹੇ ਬੂਹੇ, ਕੰਵਲ ਦੇ ਨਾਵਲਾਂ ਦੀ ਦੇਣ ਹੈ। ਕੰਵਲ ਇਕ ਬੇਬਾਕ ਇਨਸਾਨ ਹੈ। ਇਸ ਲੇਖ ਵਿਚ ਮੈਂ ਕੰਵਲ ਦੇ ਇਕ ਖਾਸ ਨਾਵਲ ਦਾ ਖਾਸ ਜ਼ਿਕਰ ਕਰਨਾ ਚਾਹੁੰਦੀ ਹਾਂ। 'ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ', ਕੰਵਲ ਦਾ ਇਹ ਨਾਵਲ ਦੋ ਕਿਸ਼ਤਾਂ ਵਿਚ ਛਪਿਆ ਹੈ, ਭਾਗ ਪਹਿਲਾ-ਭਾਗ ਦੂਜਾ। ਭਾਵੇਂਕਿ ਹੁਣ ਦੋਵੇਂ ਭਾਗ ਇਕ ਪੁਸਤਕ ਵਿਚ ਹੀ ਮਿਲਦੇ ਹਨ। ਮੇਰੇ ਮੁਤਾਬਕ ਜਸਵੰਤ ਸਿੰਘ ਕੰਵਲ ਦੀ ਇਹ ਸਭ ਤੋਂ ਉਤਮ ਕਿਰਤ ਹੈ। ਹਰ ਪੰਜਾਬੀ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ। ਇਸ 'ਤੇ ਆਪਣੇ ਮਨ ਨਾਲ ਆਖਰੀ ਵਿਚਾਰ ਕਰਨਾ ਚਾਹੀਦਾ ਹੈ ਅਤੇ ਅਖ਼ੀਰ ਰੱਬ ਦਾ ਭਾਣਾ ਮੰਨ ਲੈਣਾ ਚਾਹੀਦਾ ਹੈ ਤੇ ਆਪਣੇ ਆਪ ਨੂੰ ਇਹ ਕਹਿ ਲੈਣਾ ਚਾਹੀਦਾ ਹੈ, 'ਅਫ਼ਸੋਸ ਸਾਡਾ ਕੁਝ ਨਹੀਂ ਹੋ ਸਕਦਾ'। ਇਹ ਮੇਰਾ ਹਉਕਾ ਹੈ, ਮੇਰੀ ਪੀੜ ਹੈ। ਇਸ ਨਾਵਲ ਵਿਚ ਕੰਵਲ ਨੇ ਸੰਨ 1940 ਕੁ ਤੋਂ ਲੈ ਕੇ ਸੰਨ 1990 ਕੁ ਤੱਕ ਲਗਭਗ 40 ਤੋਂ ਲੈ ਕੇ 50 ਸਾਲ ਤੱਕ ਦਾ ਆਪਣੀ ਅੱਖੀਂ ਡਿੱਠਾ ਤੇ ਪੈਰੀਂ ਤੁਰਿਆ ਸਫ਼ਰ ਸ਼ਬਦਾਂ ਵਿਚ ਪਰੋ ਕੇ ਪੰਜਾਬੀ ਪਾਠਕਾਂ ਅੱਗੇ ਰੱਖਿਆ ਹੈ। ਸੰਨ 1947 ਤੋਂ ਲੈ ਕੇ '84 ਤੱਕ ਦਾ ਪੰਜਾਬੀਆਂ ਦਾ ਸਫਰ ਤੇ ਦੁਖਾਂਤ, ਇਹ ਇਕ ਵਿਸ਼ਾਲ, ਵਿਸ਼ਾ ਹੈ। ਮੈਂ ਇਸ ਵਿਚ ਜਾਣਾ ਨਹੀਂ ਚਾਹੁੰਦੀ, ਪਾਠਕ ਆਪ ਪੜ੍ਹ ਕੇ ਆਪਣੇ-ਆਪ ਨਾਲ ਨਿਆਂ ਕਰ ਲੈਣ, ਇਹੀ ਬਿਹਤਰ ਰਹੇਗਾ।

ਹੁਣ ਤੱਕ ਪਾਠਕਾਂ ਨੂੰ ਪਤਾ ਲੱਗ ਚੁੱਕਾ ਹੋਵੇਗਾ ਕਿ ਮੈਂ ਕੰਵਲ ਦੇ ਨਾਵਲਾਂ ਨੂੰ ਗਹੁ ਨਾਲ ਪੜ੍ਹਿਆ ਹੈ ਤੇ ਉਸ ਦੇ ਘਰ, ਪਿੰਡ ਢੁੱਡੀਕੇ ਦੀਆਂ ਪਰਿਕਰਮਾ ਵੀ ਕੀਤੀਆਂ ਹੋਈਆਂ ਹਨ। ਇਹ ਉਸ ਦੇ ਮੂੰਹ ਦਾ ਬੋਲ ਹੈ, ਉਸ ਦੀ ਦੁਖਦੀ ਰਗ ਹੈ, ਜਦ ਉਸ ਨੇ ਇਹ ਗੱਲ ਪਹਿਲੀ ਵਾਰ ਕਹੀ ਸੀ ਤੇ ਮੈਂ ਆਪਣੇ ਵਿਦਿਆਰਥੀ ਜੀਵਨ ਵਿਚ ਸੁਣੀ ਸੀ, 'ਕਿ ਪੰਜਾਬ ਬਰਫ਼ ਦੀ ਡਲੀ ਵਾਂਗ ਖੁਰ ਰਿਹਾ ਹੈ। ਕੋਈ ਇਸ ਨੂੰ ਬਚਾਵੋ!' ਉਦੋਂ ਇਸ ਗੱਲ ਦੀ ਸਮਝ ਨਹੀਂ ਸੀ ਆਈ, ਹੁਣ ਪਤਾ ਲਗਦਾ ਹੈ, ਇਸ ਦਾ ਕੀ ਅਰਥ ਸੀ ?

ਇਕ ਵਾਰ ਮਾਹਿਲਪੁਰ ਵਿਚ ਹੋਏ ਇਕ ਖਾਸ ਪ੍ਰੋਗਰਾਮ ਵਿਚ, ਜਿੱਥੇ ਪ੍ਰਸਿੱਧ ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ, ਜਸਟਿਸ ਅਜੀਤ ਸਿੰਘ ਬੈਂਸ, ਗਲਵਿੰਦਰ ਸਿੰਘ ਬੈਂਸ ਅਤੇ ਹੋਰ ਗੁਣੀ ਗਿਆਨੀ ਬੈਠੇ ਸਨ, ਉਥੇ ਜਸਵੰਤ ਸਿੰਘ ਕੰਵਲ ਨੇ ਦੁਹੱਥੜਾ ਮਾਰ ਕੇ ਇਹ ਗੱਲ ਆਖੀ ਸੀ ਕਿ ਇਨ੍ਹਾਂ ਅਕਾਲੀਆਂ ਤੇ ਕਾਂਗਰਸੀਆਂ ਨੂੰ ਕੋਈ ਡੂੰਘੇ ਪਾਣੀ ਵਿਚ ਸੁੱਟ ਆਵੋ, ਇਨ੍ਹਾਂ ਪੰਜਾਬ ਦਾ ਕੱਖ ਨਹੀਂ ਛੱਡਿਆ। ਉੱਚੀ ਸੁਰ ਵਿਚ ਕੰਵਲ ਨੇ ਆਖਿਆ ਸੀ ਕਿ ਮੈਂ ਪ੍ਰਕਾਸ਼ ਵਿਚ ਬਾਦਲ, ਉਦੋਂ ਮੁੱਖ ਮੰਤਰੀ ਪੰਜਾਬ, ਨੂੰ ਕਿੰਨੀ ਵਾਰ ਕਿਹਾ ਹੈ, ਕਿ ਪੰਜਾਬ ਵਿਚ ਤਿੰਨ ਝੀਲਾਂ ਬਣਵਾਦੇ, ਹੋਰ 'ਨੀ ਤਾਂ ਪੰਜਾਬ ਕੋਲ ਪਾਣੀ ਹੀ ਬਚਿਆ ਰਹਿ ਜਾਵੇਗਾ ਪਰ ਇਨ੍ਹਾਂ ਨੇ ਆਪਣੀਆਂ ਗੱਦੀਆਂ, ਵਜ਼ੀਰੀਆਂ ਦੀ ਖਾਤਰ, ਪੰਜਾਬ ਦਾ ਪਾਣੀ ਵੀ ਮੁਕਾ ਦਿੱਤਾ ਹੈ। ਬਾਕੀ ਹੋਰ ਕੀ ਗੱਲ ਕਰਨੀ, ਜਸਵੰਤ ਸਿੰਘ ਦੇ ਲਿਖੇ ਅਨੇਕਾਂ ਖੁੱਲ੍ਹੇ ਖਤ, ਪੰਜਾਬ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕਾ ਸਕੇ। ਅਫ਼ਸੋਸ ਹੈ ਆਪਣੀ ਹੋਣੀ 'ਤੇ। ਸੰਨ 1985 ਤੋਂ ਲੱਗ ਰਿਹਾ ਯੂਐਨਓ ਦੁਆਰਾ ਪਾਣੀ ਬਚਾਉਣ ਦਾ ਨਾਅਰਾ ਤੇ ਫਿਰ ਗਾਹੇ-ਬਗਾਹੇ, 20 ਸਾਲ ਪਹਿਲਾਂ ਸੁਣੀਆਂ ਕੰਵਲ ਦੀਆਂ ਤਕਰੀਰਾਂ, ਸਾਡੀਆਂ ਤਦਬੀਰਾਂ ਹੀ ਬਣ ਕੇ ਰਹਿ ਜਾਣੀਆਂ ਹਨ। ਕੰਵਲ ਨੇ ਆਪਣੀ ਪੁਸਤਕ 'ਪੰਜਾਬੀਓ ਜੀਣਾ ਹੈ ਕਿ ਮਰਨਾ' ਨੇ ਪੰਜਾਬ ਵਿਚ ਸਾਡੀ ਹੋਣੀ ਸਪੱਸ਼ਟ ਕਰਕੇ ਰੱਖ ਦਿੱਤੀ ਹੈ।

ਆਪਣੀ ਸਾਲ 2019 ਦੇ ਮਾਰਚ ਵਿਚ ਪੰਜਾਬ ਫੇਰੀ ਮੌਕੇ ਇਕ ਵਾਰ ਫਿਰ ਢੁੱਡੀਕੇ ਜਾਣ ਦਾ ਸਬੱਬ ਬਣਿਆ। ਕੰਵਲ ਦੀ ਨੂੰਹ ਤੇ ਪ੍ਰੋਤ ਨੂੰਹਾਂ, ਕੰਵਲ ਦੇ ਵਿਹੜੇ ਦੀ ਰੌਣਕ ਹਨ। ਪੜਪੋਤੀ ਅਮਾਨਤ ਕੌਰ ਗਿੱਲ ਖੂਬਸੂਰਤ ਦਿੱਖ ਵਾਲੀ ਭਵਿੱਖਮੁਖੀ ਸਕੂਲੀ ਵਿਦਿਆਰਥਣ ਹੈ। ਭਾਜੀ ਸਰਬਜੀਤ ਸਿੰਘ ਹੈ ਹੀ ਸੰਤ ਸੁਭਾਅ ਵਾਲਾ। ਗੱਲ ਕੀ ਸਾਰਾ ਪਰਿਵਾਰ ਮਿਲਣਸਾਰ ਹੈ। ਮੇਰੇ ਨਜ਼ਦੀਕੀਆਂ ਲਈ, ਮੇਰਾ ਕੰਵਲ ਦੇ ਪਰਿਵਾਰ ਨਾਲ ਮੇਲ-ਜੋਲ ਹੈਰਾਨੀ ਭਰਿਆ ਵਿਵਹਾਰ ਹੈ। "ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ"।

ਕੰਵਲ ਆਪਣੇ ਵਿਹੜੇ ਵਿਚ ਨਿੰਮ ਦੀ ਛਾਵੇਂ ਬੈਠਾ, ਪੂਰਾ ਪੰਜਾਬ ਸਿੰਘ ਲਗਦਾ ਹੈ। ਉਸ ਦੇ ਮੂੰਹੋਂ ਅਸੀਸਾਂ ਦੀ ਫੁਹਾਰ ਹਰ ਪਲ ਸਭਨਾਂ ਲਈ ਹੈ, ਉਹ ਪੰਜਾਬ ਲਈ ਫਿਕਰਮੰਦ ਹੈ। ਸੋਟੀ-ਨਾਲ ਤੁਰਦਾ ਕੰਵਲ ਅੱਜ ਵੀ ਉਡਾਰੀਆਂ ਮਾਰਦਾ ਲਗਦਾ ਹੈ। ਉਮਰ ਦਰਾਜ ਨੇ ਕੰਵਲ ਨੂੰ ਥੋੜਾ ਜਿਹਾ ਢਾਹ ਜ਼ਰੂਰ ਲਿਆ ਹੈ ਪਰ ਉਸ ਦਾ ਜਜ਼ਬਾ ਤੇ ਦਬਦਬਾ ਦੋਵੇਂ ਜਵਾਨ ਹਨ। ਉਹ ਆਪਣੀ ਕਲਮ ਨਾਲ ਅੱਜ ਵੀ ਘੋਲ ਕਰਦਾ ਹੈ। ਪੰਜਾਬ ਨੂੰ ਬਚਾਉਣ ਦੇ ਆਦੇਸ਼ ਲਿਖ ਰਿਹਾ ਹੈ। ਸਕੇ ਸਨੇਹੀਆਂ ਨੂੰ ਖਤਾਂ ਦੇ ਜਵਾਬ ਦੇ ਰਿਹਾ ਹੈ। ਸੱਥਾਂ ਵਿਚ ਜਾ ਕੇ ਬਹਿੰਦਾ ਹੈ। ਜਿੰਨੀ ਕੁ ਹੁਣ ਉਸ ਦੀ ਹਿੰਮਤ ਹੈ, ਉਸ ਮੁਤਾਬਕ ਉਹ ਸਾਹਿਤਕ ਹਲਕਿਆਂ ਵਿਚ ਗੇੜਾ ਵੀ ਦਿੰਦਾ ਹੈ।

ਉਸ ਦੇ ਚਿਹਰੇ 'ਤੇ ਭੋਰਾ ਵੀ ਸ਼ਿਕਨ ਜਾ ਚਿੰਤਾ ਨਹੀਂ ਹੈ। ਉਹ ਪੰਜਾਬ ਦਾ ਨਿਸ਼ਚਿੰਤ ਦਲੇਰ ਸੂਰਮਾ ਮਰਦ ਹੈ ਤੇ ਤਸੱਲੀ ਯਾਫ਼ਤਾ ਇਨਸਾਨ ਹੈ। ਉਸ ਦੇ ਮੂੰਹੋਂ, ਉਹ ਮੌਤ ਨਾਲ ਗੱਲਾਂ ਕਰਦਾ ਹੈ, ਵਰਗੇ ਬੋਲ ਵੀ ਸੁਣੇ ਜਾ ਸਕਦੇ ਹਨ। ਜੀਓ ਖ਼ੂਬ ਜੀਓ, ਤਸੱਲੀ ਭਰਪੂਰ ਜੀਓ, ਮਿਹਨਤ ਕਰੋ ਤੇ ਹੌਂਸਲੇ ਦੇਣ ਵਾਲੇ ਅਤੇ ਅੰਬਰੀ ਉਡਾਰੀ ਲਾਉਣ ਵਾਲੀਆਂ ਅਸੀਸਾਂ, ਉਹ ਸਾਰਾ ਦਿਨ ਵੰਡਦਾ ਹੈ। ਬਹੁਤ ਖੁਸ਼ੀ ਹੈ ਕਿ ਸਮੂਹ ਪੰਜਾਬੀ ਜਗਤ, ਜਸਵੰਤ ਸਿੰਘ ਕੰਵਲ ਦਾ ਸੌਵਾਂ ਸਾਲ ਆਪਣੇ-ਆਪਣੇ ਢੰਗ ਨਾਲ ਮਨਾ ਕੇ ਉਸ ਲਈ ਤੰਦਰੁਸਤੀ ਵਾਲੀਆਂ ਸ਼ੁਭ ਇਛਾਵਾਂ ਭੇਟ ਕਰ ਰਿਹਾ ਹੈ। ਮੈਂ ਉਸ ਦੀ ਤੰਦਰੁਸਤੀ ਅਤੇ ਲੰਬੀ ਉਮਰ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹਾਂ। ਉਹ ਜਿੰਨਾ ਵੀ ਜੀਵੇ ਤੰਦਰੁਸਤ ਤੇ ਭਰਪੂਰ ਜੀਵੇ।

# ਫਲਾਪ ਫ਼ਿਲਮਾਂ ਲਈ ਸੰਜੀਵਨੀ ਬੂਟੀ ਬਣਿਆ ਡਿਜ਼ੀਟਲ ਪਲੇਟਫਾਰਮ

**ਇਕਵਾਕ ਸਿੰਘ**

ਇੱਕ ਸਮਾਂ ਸੀ ਜਦ ਟੀਵੀ. ਮਾਧਿਅਮ ਰਾਹੀਂ ਕੇਵਲ ਇੱਕ ਚੈਨਲ ਹੀ ਮਨੋਰੰਜਨ ਦਾ ਸਾਧਨ ਹੁੰਦਾ ਸੀ ਅਤੇ ਛੋਟਿਆਂ-ਵੱਡਿਆਂ ਹਰ ਉਮਰ ਦੇ ਵਰਗ ਦੇ ਲੋਕਾਂ ਦੀ ਪਸੰਦ ਅਨੁਸਾਰ ਪ੍ਰੋਗ੍ਰਾਮ ਚੱਲਦੇ ਹੁੰਦੇ ਸਨ। ਸਮਾਂ ਬਦਲਿਆ ਕੇਬਲ ਟੀਵੀ ਅਤੇ ਡਿਸ਼ ਐਂਟੀਨਾ ਨਾਲ ਜਿੱਥੇ ਚੈਨਲਾਂ ਦੀ ਗਿਣਤੀ ਵਧੀ ਉੱਥੇ ਪ੍ਰਸਾਰਿਤ ਹੋਣ ਵਾਲੇ ਵੱਖੋ-ਵੱਖ ਕਿਸਮਾਂ ਦੇ ਪ੍ਰੋਗਰਾਮਾਂ ਦੀ ਗਿਣਤੀ ਵੀ ਵਧੀ। ਇਸ ਸਾਰੇ ਦੇ ਬਾਵਜੂਦ ਭਾਰਤੀ ਦਰਸ਼ਕਾਂ ਦੀ ਸਿਨੇਮਾ ਘਰਾਂ ਪ੍ਰਤੀ ਦਿਲਚਸਪੀ ਨਾ ਘਟੀ ਅਤੇ ਇਹ ਕਾਰੋਬਾਰ ਰੱਜ ਕੇ ਪ੍ਰਫੁਲਿਤ ਹੋਇਆ। ਅੱਜ ਕੱਲ੍ਹ ਪੀਵੀਆਰ ਜਾਂ ਸ਼ਾਪਿੰਗ ਮਾਲਜ਼ ਵਿੱਚ ਖੁਲ੍ਹੇ ਆਧੁਨਿਕ ਕਿਸਮਾਂ ਦੀ ਸਿਨੇਮਾਘਰਾਂ ਵਿੱਚ ਲੋਕ ਫਿਲਮਾਂ ਦੇਖਣ ਜਾਣਾ ਪਸੰਦ ਕਰਦੇ ਹਨ, ਪਰ ਇੱਕ ਵਾਰ ਫਿਰ ਸਮੇਂ ਦੇ ਬਦਲਾਵ ਨੇ ਦਰਸ਼ਕਾਂ ਦੇ ਰੁਝਾਨ ਨੂੰ ਬਦਲ ਲੈਣ ਦੀ ਸਮਰੱਥਾ ਦਿਖਾਈ ਹੈ, ਭਾਵ ਅੱਜ ਕੱਲ੍ਹ ਡਿਜ਼ੀਟਲ ਜ਼ਮਾਨੇ ਵਿੱਚ ਵੈੱਬ-ਸੀਰੀਜ਼ ਜਾਂ ਵੈੱਬ-ਪਲੇਟਫਾਰਮ ਪ੍ਰਤੀ ਵੀ ਦਰਸ਼ਕਾਂ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ।

ਇੱਥੋਂ ਤੱਕ ਕਿ ਬਾਕਸ ਆਫਿਸ 'ਤੇ ਜਿਆਦਾ ਧਮਾਲ ਨਾ ਪਾ ਸਕਣ ਵਾਲੀਆਂ ਫਿਲਮਾਂ ਵੈੱਬ ਪਲੇਟਫਾਰਮ ਤੇ ਮੋਟੀ ਕਮਾਈ ਕਰ ਰਹੀਆਂ ਹਨ। ਵੈੱਬ-ਪਲੇਟਫਾਰਮ ਵਿੱਚ ਨੇਟਫਲਿੱਕਸ ਅਤੇ ਐਮੇਜ਼ਨ ਪ੍ਰਾਈਮ ਦਾ ਨਾਮ ਸਭ ਤੋਂ ਵਾਧ ਚਰਚਿਤ ਹੈ, ਭਾਵੇਂ ਹਾਟਸਟਾਰ ਦਾ ਨਾਮ ਵੀ ਚਰਚਿਤ ਹੈ।

ਹਾਲ ਵਿੱਚ ਇੱਕ ਸਰਵੇਖਣ ਵਿੱਚ ਇਹ ਮਾਮਲਾ ਸਾਹਮਣੇ ਆਇਆ ਹੈ। ਆਉ! ਜਾਣਦੇ ਹਾਂ ਕੁੱਝ ਅਜਿਹੀਆਂ ਹੀ ਫ਼ਿਲਮਾਂ ਬਾਰੇ ਬਾਕਸ ਆਫਿਸ ਤੇ ਢਿੱਲੀ ਕਾਰਜੁਗਾਰੀ ਦਿਖਾਉਣ ਦੇ ਬਾਵਜੂਦ ਡਿਜ਼ੀਟਲ ਪਲੇਟਫਾਰਮ ਤੇ ਸਫਲ ਹੋਈਆਂ। ਇਸ ਸਾਲ ਰਿਲੀਜ਼ ਹੋਈ ਵਿਸ਼ਾਲ ਭਾਰਦਵਾਜ਼ ਦੀ ਫਿਲਮ 'ਪਟਾਖਾ' ਸਿਨੇਮਾਘਰਾਂ ਵਿੱਚ 7 ਕਰੋੜ 96 ਲੱਖ ਰੁਪਏ ਕਮਾ ਸਕੀ ਜਦਕਿ ਐਮੇਜ਼ਨ ਪ੍ਰਾਈਮ ਤੇ 'ਪਟਾਖਾ' ਫਿਲਮ ਨੇ 9 ਕਰੋੜ ਰੁਪਏ ਦੀ ਕਮਾਈ ਕੀਤੀ। ਇਸੇ ਤਰ੍ਹਾਂ ਸੁਪਰ ਖਾਨ ਮੰਨੇ ਜਾਂਦੇ ਅਭਿਨੇਤਾ 'ਆਮਿਰ ਖਾਨ' ਨੂੰ ਲੈ ਕੇ ਯਸ਼ ਰਾਜ ਵੱਲੋਂ ਬਣਾਈ ਗਈ ਫ਼ਿਲਮ 'ਠੱਗਸ ਆਫ ਹਿੰਦੁਸਤਾਨ' ਬੁਰੀ ਤਰ੍ਹਾਂ ਫਲਾਪ ਰਹੀ, ਪਰ ਐਮੇਜ਼ਨ ਤੇ 45 ਕਰੋੜ ਰੁਪਏ ਕਮਾਉਣ ਵਿੱਚ ਸਫਲ ਹੋਈ। ਰਿਤੇਸ਼ ਬਤਰਾ ਦੀ ਨਿਰਦੇਸ਼ਤ ਫਿਲਮ 'ਫੋਟੋਗ੍ਰਾਫ' ਸਿਨੇਮਾਘਰਾਂ ਵਿੱਚ ਸਿਰਫ ਸਵਾ ਕਰੋੜ ਰੁਪਏ ਕਮਾ ਸਕੀ ਜਦਕਿ ਐਮੇਜ਼ਨ ਪ੍ਰਾਈਮ ਤੇ 8 ਕਰੋੜ ਰੁਪਏ ਕਮਾਉਣ ਵਿੱਚ ਸਫਲ ਰਹੀ। ਇਸੇ ਤਰ੍ਹਾਂ ਸਲਮਾਨ ਖਾਨ ਸਮੇਤ ਮਲਟੀਸਟਾਰ ਫਿਲਮ 'ਰੇਸ-3' ਸਿਨੇਮਾਘਰਾਂ ਵਿੱਚ ਕਮਾਈ ਪੱਖੋਂ ਉਮੀਦ ਤੋਂ ਬਹੁਤ ਹੌਲੀ ਰਹੀ ਪਰ ਨੇਟਫਲਿੱਕਸ ਤੇ 75 ਕਰੋੜ ਰੁਪਏ ਕਮਾਉਣ ਵਿੱਚ ਸਫਲ ਹੋਈ। ਇਸੇ ਤਰ੍ਹਾਂ ਨੇਟਫਲਿੱਕਸ ਤੇ ਫਿਲਮ 'ਅਨਾਰਕਲੀ ਆਫ ਆਰਾ' 2.5 ਕਰੋੜ ਰੁਪਏ ਅਤੇ ਫਿਲਮ 'ਲਾਲ ਰੰਗ' ਜੋ ਬਾਕਸ ਆਫਿਸ ਤੇ 1.92 ਕਰੋੜ ਪਰ ਨੇਟਫਲਿੱਕਸ ਤੇ 2 ਕਰੋੜ ਰੁਪਏ ਦੀ ਕਮਾਈ ਕਰ ਚੁੱਕੀਆਂ ਹਨ।




ਉਪੋਰਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵੈੱਬ-ਪਲੇਟਫਾਰਮ ਫਲਾਪ ਹੋ ਚੁੱਕੀਆਂ ਜਾਂ ਹੋਣ ਵਾਲੀਆਂ ਫਿਲਮਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਰਿਹਾ ਹੈ, ਭਾਵੇਂ ਕਿ ਫਿਲਮ ਬਾਉਣ ਵਾਲ਼ਿਆਂ ਦੇ ਨਾਲ ਸਬੰਧਿਤ ਡਿਜ਼ੀਟਲ ਪਲੇਟਫਾਰਮ ਨਾਲ ਪਹਿਲਾਂ ਹੀ ਸੌਦਾ ਹੋ ਚੁੱਕਿਆ ਹੁੰਦਾ ਹੈ ਅਤੇ ਫਿਲਮ ਦੇ ਹਿੱਟ ਜਾਂ ਫਲਾਪ ਹੋਣ ਦਾ ਡਿਜ਼ੀਟਲ ਪਲੇਟਫਾਰਮ ਨੂੰ ਕੋਈ ਫਰਕ ਨਹੀਂ ਪੈਂਦਾ। ਇਹ ਸੱਚ ਹੈ ਕਿ ਹੁਣ ਸਿਨੇਮਾਘਰਾਂ ਦੇ ਦਰਸ਼ਕ ਅਤੇ ਡਿਜ਼ੀਟਲ ਪਲੇਟਫਾਰਮ ਦੇ ਦਰਸ਼ਕ ਫਿਲਮਾਂ ਦੀ ਕਮਾਈ ਤੇ ਆਪਣਾ ਪ੍ਰਭਾਵ ਪਾਉਣ ਵਿੱਚ ਸਫਲ ਹੋ ਰਹੇ ਹਨ।

ਆਉਂਦੇ ਸਮੇਂ ਵਿੱਚ ਡਿਜ਼ੀਟਲ ਦਰਸ਼ਕਾਂ ਦੀ ਵਜ੍ਹਾ ਨਾਲ ਫਿਲਮਾਂ ਬਾਕਸ ਆਫਿਸ ਤੋਂ ਬਾਅਦ ਵੀ ਕਾਫੀ ਸਮਾਂ ਜਿਉਂਦਾ ਰਹਿੰਦੀਆਂ ਹਨ, ਪਰ ਇਹ ਵੀ ਸੱਚ ਹੈ ਕਿ ਹਰ ਵਰਗ ਦੇ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਉਣ ਵਾਲੀਆਂ ਫਿਲਮਾਂ ਅੱਜ ਕੱਲ੍ਹ ਘੱਟ ਹੀ ਬਣ ਰਹੀਆਂ ਹਨ।

# 84 ਲੱਖ ਜੂਨਾਂ ਬਾਰੇ ਗੁਰਮਤਿ ਨਜ਼ਰੀਆ

**ਕਿਰਪਾਲ ਸਿੰਘ ਬਠਿੰਡਾ**
88378-13661

ਗੁਰਮਤਿ; ਇੱਕ ਨਿਵੇਕਲੀ ਤੇ ਆਧੁਨਿਕ ਸੋਚ ਹੈ, ਜਿਸ ਦੁਆਰਾ ਕੀਤੀ ਗਈ ਧਰਮ ਦੀ ਵਿਆਖਿਆ ਨੂੰ ਹੀ ਅਜੋਕੇ ਸਾਇੰਸ ਯੁਗ ਦੀ ਸ਼ੁਰੂਆਤ ਮੰਨ ਸਕਦੇ ਹਾਂ। ਇਸ ਤੋਂ ਪਹਿਲਾਂ ਸਦੀਆਂ ਤੋਂ ਮਿਥਿਹਾਸ, ਕਰਮਕਾਂਡ, ਅੰਧਵਿਸ਼ਵਾਸ ਤੇ ਸਮਾਜਕ ਭੇਦ-ਭਾਵ ਨੂੰ ਹੀ ਧਰਮ ਦਾ ਨਾਂ ਦਿੱਤਾ ਹੋਇਆ ਸੀ। ਜਿਸ ਤਰ੍ਹਾਂ ਅਨੇਕਾਂ ਸਾਇੰਸਦਾਨਾਂ ਨੇ ਸੱਚ ਨੂੰ ਉਜਾਗਰ ਕਰਨ ਅਤੇ ਅਰਥਹੀਣ ਧਾਰਮਕ ਰਸਮੋਂ-ਰਿਵਾਜ ਨੂੰ ਰੱਦ ਕਰਨ ਬਦਲੇ ਅਣਗਿਣਤ ਤਸੀਹੇ ਸਹਾਰੇ, ਉਸੇ ਤਰ੍ਹਾਂ ਹੀ ਗੁਰਮਤਿ ਦੇ ਪੈਰੋਕਾਰਾਂ ਨੂੰ ਵੀ ਸੱਚ ਦੀ ਵਿਆਖਿਆ ਕਰਨ ਬਦਲੇ ਅਨੇਕਾਂ ਸ਼ਹੀਦੀਆਂ ਦੇਣੀਆਂ ਪਈਆਂ ਕਿਉਂਕਿ ਰਵਾਇਤੀ ਹਰ ਕਬੀਲੇ ਦੇ ਸਰਦਾਰ ਨੇ ਅਖੌਤੀ ਧਰਮ ਨੂੰ ਆਰਥਿਕਤਾ ਦਾ ਸਾਧਨ ਬਣਾ ਰੱਖਿਆ ਸੀ। ਇੱਕ ਪੱਖੋਂ ਵੇਖੀਏ ਤਾਂ ਸਾਇੰਸਦਾਨ ਅਤੇ ਗੁਰੂ ਸਾਹਿਬਾਨ ਦਾ ਟੀਚਾ ਇੱਕੋ ਸੀ ਕਿ ਧਰਮ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਅੰਧ ਵਿਸ਼ਵਾਸ, ਦੁਬਿਧਾ ਖ਼ਤਮ ਹੋਵੇ।

ਅਜੋਕੇ ਜੀਵ ਵਿਗਿਆਨ ਨੇ ਇਸ ਧਰਤੀ ਉੱਤੇ 30 ਲੱਖ ਤੋਂ ਲੈ ਕੇ ਇੱਕ ਅਰਬ (100 ਕ੍ਰੋੜ) ਤੱਕ ਜੀਵਾਂ ਦੀਆਂ ਨਸਲਾਂ ਹੋਣ ਦਾ ਅਨੁਮਾਨ ਲਗਾਇਆ ਹੈ, ਜਿਸ ਲਈ ਹੁਣ ਤੱਕ ਹੋਈ ਖੋਜ ਨੇ ਸੁੱਕੀ ਧਰਤੀ ਉੱਤੇ 65 ਲੱਖ ਜੀਵ-ਨਸਲਾਂ ਅਤੇ ਪਾਣੀ ਵਿੱਚ 22 ਲੱਖ ਜੀਵ-ਜੂਨਾਂ ਦੀ ਖੋਜ ਕਰ ਲਈ ਹੈ, ਪਰ ਧਾਰਮਕ ਗ੍ਰੰਥਾਂ ਵਿੱਚ ਜੂਨਾਂ ਦੀ ਸੰਖਿਆ 84 ਲੱਖ ਮੰਨੀ ਹੋਈ ਹੈ, ਜਿਸ ਵਿੱਚੋਂ 42 ਲੱਖ ਪਾਣੀ ਵਿੱਚ ਅਤੇ 42 ਲੱਖ ਸੁੱਕੀ ਧਰਤੀ 'ਤੇ ਹੋਣ ਦਾ ਅਨੁਮਾਨ ਧਾਰਮਕ ਗ੍ਰੰਥਾਂ ਵਿੱਚੋਂ ਮਿਲਦਾ ਹੈ, "ਆਨੀਲੇ ਕੁੰਭ, ਭਰਾਈਲੇ ਊਦਕ; ਠਾਕੁਰ ਕਉ ਇਸਨਾਨੁ ਕਰਉ ॥ ਬਇਆਲੀਸ ਲਖ ਜੀ ਜਲ ਮਹਿ ਹੋਤੇ; ਬੀਠਲੁ ਭੈਲਾ ਕਾਇ ਕਰਉ ? ॥" (ਆਸਾ/ਭਗਤ ਨਾਮਦੇਵ ਜੀ/੪੮੫) ਭਾਵ ਠਾਕਰ ਨੂੰ ਇਸ਼ਨਾਨ ਕਰਵਾਉਣ ਲਈ ਸੁੱਚਾ-ਸਾਫ਼ (ਪਵਿੱਤਰ) ਪਾਣੀ ਕਿੱਥੋਂ ਲਿਆਵਾਂ, 42 ਲੱਖ ਜੀਵ ਪਾਣੀ 'ਚ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਮਲ-ਮੂਤਰ ਨਾਲ਼ ਪਾਣੀ ਪਹਿਲਾਂ ਹੀ ਅਸ਼ੁੱਧ ਕਰ ਰੱਖਿਆ ਹੈ, ਮੈਂ ਹੁਣ ਸ਼ੁੱਧਤਾ ਕਿਵੇਂ ਰੱਖਾਂ ? ਸੋ, ਗੁਰਮਤਿ ਵਿਸ਼ੇ ਨੂੰ ਸਮਝਾਉਣ ਲਈ ਪ੍ਰਚਲਿਤ ਜੂਨ ਸੰਖਿਆ (84 ਲੱਖ) ਨੂੰ ਮਿਸਾਲ ਵਜੋਂ ਗੁਰਬਾਣੀ ਵਿੱਚ ਕਈ ਸ਼ਬਦਾਂ ਵਿੱਚ ਵਰਤਿਆ ਗਿਆ ਹੈ, ਜਿਨ੍ਹਾਂ ਨੂੰ ਕਰਤਾਰ ਦੀ ਵਿਸ਼ਾਲਤਾ ਦੇ ਮੁਕਾਬਲੇ ਤੁਲਨਾਤਮਕ ਵਿਚਾਰਨਾ ਹੀ ਹਥਲੇ ਲੇਖ ਦਾ ਸਾਰ ਹੈ।

ਉਕਤ ਕੀਤੀ ਗਈ ਵਿਚਾਰ ਕਿ ਪਰੰਪਰਾਵਾਦੀ ਧਰਮਾਂ ਦੀ ਮਨੌਤ ਅਨੁਸਾਰ ਮੰਨੇ ਗਏ ਕਈ ਅੰਕੜੇ ਗੁਰਬਾਣੀ ਵਿੱਚ ਉਦਾਹਰਣ ਦੇ ਤੌਰ 'ਤੇ ਦਿੱਤੇ ਮਿਲਦੇ ਹਨ। ਇਨ੍ਹਾਂ ਅੰਕੜਿਆਂ ਦਾ ਕਦਾਚਿਤ ਇਹ ਭਾਵ ਨਹੀਂ ਹੁੰਦਾ ਕਿ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਨੇ ਇਨ੍ਹਾਂ ਅੰਕੜਿਆਂ ਦੇ ਸਹੀ ਹੋਣ ਦੀ ਪੁਸ਼ਟੀ ਕੀਤੀ ਹੈ ਬਲਕਿ ਇਹ ਅੰਕੜੇ ਦੇਣ ਦਾ ਭਾਵ ਪ੍ਰਚਲਿਤ ਅਰਥਹੀਣ ਰਵਾਇਤਾਂ ਦੀ ਮਿਸਾਲ ਨਾਲ ਅਸਲ ਗੁਰਮਤਿ ਨੂੰ ਅੰਧਵਿਸ਼ਵਾਸੀ ਸਮਾਜ ਦੇ ਹਿਰਦੇ ਵਿੱਚ ਦ੍ਰਿੜ੍ਹ ਕਰਵਾਉਣਾ ਰਿਹਾ ਹੈ। ਪ੍ਰਚਲਿਤ ਅਖੌਤੀ ਮਨੌਤਾਂ ਦੀ ਇੱਕ ਇੱਕ ਅਸਲੀਅਤ ਨੂੰ ਨਿਰਮੂਲ ਸਿੱਧ ਕਰਨ ਲਈ ਇਸ ਦੇ ਮੁਕਾਬਲੇ ਰੱਬੀ ਵਿਸ਼ਾਲਤਾ ਨੂੰ ਰੂਪਮਾਨ ਕਰਨਾ ਗੁਰਮਤਿ ਦੀ ਪੇਸ਼ਕਾਰੀ ਰਿਹਾ ਹੈ; ਜਿਵੇਂ ਕਿ

(1). ਰਿਸ਼ੀ ਜਨਾਂ ਨੇ ਸਿੰਮ੍ਰਿਤੀਆਂ ਪੁਰਾਣ ਵੀ ਗਹੁ ਨਾਲ ਵਾਚੇ, ਵੇਦਾਂ ਦੀ ਵੀ ਘੋਖ ਪੜਤਾਲ ਕਰ ਕੇ ਉੱਚੀ ਉੱਚੀ ਪੁਕਾਰਿਆ (ਪਰ ਰੱਬੀ ਭੇਦ ਨਾ ਜਾਣ ਸਕੇ ਕਿਉਂਕਿ ਹੋਰ ਦੀ ਸ਼ਰਨ ਪੈਣ ਦੀ ਬਜਾਇ) ਕਿਰਪਾ ਦੇ ਸਮੁੰਦਰ ਪਰਮਾਤਮਾ ਦੀ ਸ਼ਰਨ ਪੈ ਕੇ ਹੀ ਉਸ ਦੇ ਵਜੂਦ ਨੂੰ ਸਮਝਿਆ ਜਾ ਸਕਦਾ ਹੈ (ਜਿਸ ਦੀ ਬਰਕਤਿ ਨਾਲ) ਲੋਕ ਪਰਲੋਕ ਦੋਵੇਂ ਸੁਹੇਲੇ ਹੁੰਦੇ ਹਨ: "ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ; ਬੇਦ ਪੁਕਾਰਹਿ ਘੋਖ ॥ ਕ੍ਰਿਪਾ ਸਿੰਧੁ ਸੇਵਿ, ਸਚੁ ਪਾਈਐ ; ਦੋਵੈ ਸੁਹੇਲੇ ਲੋਕ ॥" (ਮ: ੫/੬੮੨)

ਅਜੋਕੀ ਸਾਇੰਸ ਦਾ ਆਧਾਰ ਗੁਰਮਤਿ ਨੂੰ ਮੰਨਣ ਦੇ ਇਹ ਪੱਖ ਹਨ। ਪਰਮਾਤਮਾ ਤੋਂ ਹਵਾ ਬਣੀ, ਹਵਾ ਤੋਂ ਜਲ ਹੋਂਦ ਵਿੱਚ ਆਇਆ, ਜਲ ਤੋਂ ਸਾਰਾ ਜਗਤ ਬਣਿਆ (ਇਸ ਰਚੇ ਸੰਸਾਰ ਦੇ) ਹਰੇਕ ਸਰੀਰ ਵਿੱਚ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ: "ਸਾਚੇ ਤੇ ਪਵਨਾ ਭਇਆ ; ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ; ਘਟਿ ਘਟਿ ਜੋਤਿ ਸਮੋਇ ॥" (ਮ: ੧/੧੯) ਇਸ ਪਾਵਨ ਵਚਨ ਨੂੰ ਸਾਇੰਸ ਨਾਲ ਤੁਲਨਾਤਮਕ ਪੱਖੋਂ ਵੇਖਣਾ ਵੀ ਜ਼ਰੂਰੀ ਹੈ ਕਿ ਸਾਇੰਸ ਹਵਾ ਤੋਂ ਪਾਣੀ ਦਾ ਵਜੂਦ ਤਾਂ ਮੰਨਦੀ ਹੈ ਪਰ ਸਾਚੇ ਤੋਂ ਹਵਾ ਦਾ ਵਜੂਦ ਅਜੇ ਸਾਇੰਸ ਨੇ ਵੀ ਸਮਝਣਾ ਹੈ ਕਿਉਂਕਿ ਹਵਾ ਨੂੰ ਬਣਾਉਣ ਵਾਲਾ ਉਹੀ ਸਾਚਾ-ਰੱਬ "ਘਟਿ ਘਟਿ ਜੋਤਿ ਸਮੋਇ" ਵੀ ਹੈ।

ਉਹ ਰੱਬ (ਮਾਨੋ) ਇੱਕ ਐਸਾ ਵਿਸ਼ਾਲ ਰਾਜਾ ਹੈ (ਜਿਸ ਦੇ ਸ਼ਾਮੀਆਨੇ ਦੀਆਂ) ਕਨਾਤਾਂ; ਚਾਰੇ ਦਿਸ਼ਾਵਾਂ ਹਨ। ਸਾਰਾ ਬੈਕੁੰਠ; ਉਸ ਦਾ ਤਸਵੀਰ-ਘਰ ਹੈ। ਸਾਰੇ ਜਗਤ ਵਿੱਚ ਉਸ ਦਾ ਹੁਕਮ ਇਕ-ਸਾਰ ਚੱਲਦਾ ਹੈ। ਜਿਸ ਦੇ ਮਹਲ ਵਿੱਚ ਲੱਛਮੀ; ਸਦਾ ਜੁਆਨ ਰਹਿੰਦੀ ਹੈ (ਭਾਵ ਜਿਸ ਦਾ ਜੋਬਨ ਕਦੇ ਨਾਸ਼ ਨਹੀਂ ਹੁੰਦਾ), ਚੰਦ ਸੂਰਜ; (ਉਸ ਦੇ ਮਹਲ 'ਚ) ਨਿੱਕੇ ਜਿਹੇ ਦੀਵੇ ਹਨ। ਮੌਤ-ਕਾਲ (ਜੋ ਜਗਤ-ਰੂਪ ਸ਼ਹਿਰ ਦੇ ਸਿਰ ਉੱਤੇ) ਕੋਤਵਾਲ ਹੈ, ਉਸ ਦੇ ਦਰ ਦਾ ਕੇਵਲ ਖਿਡੌਣਾ ਮਾਤਰ ਹੈ: "ਜਾਂ ਚੈ ਘਰਿ ਦਿਗ ਦਿਸੈ ਸਰਾਇਚਾ; ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ ॥ ਜਾਂ ਚੈ ਘਰਿ ਲਛਿਮੀ ਕੁਆਰੀ ; ਚੰਦੁ ਸੂਰਜੁ ਦੀਵੜੇ, ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ॥ ਸੁ ਐਸਾ ਰਾਜਾ ਸ੍ਰੀ ਨਰਹਰੀ ॥" (ਭਗਤ ਨਾਮਦੇਵ ਜੀ/੧੨੯੨)

ਚਾਰ ਪਾਸੇ ਤੇ ਚੌਦਾਂ ਲੋਕ-ਸਭਨਾਂ ਵਿੱਚ ਹੀ ਪਰਮਾਤਮਾ ਵਸ ਰਿਹਾ ਹੈ। ਹੇ ਨਾਨਕ! (ਰੱਬੀ ਭੰਡਾਰਿਆਂ 'ਚ) ਕੋਈ ਕਮੀ ਨਹੀਂ ਵੇਖੀਦੀ, ਉਸ ਦੇ ਕੀਤੇ ਸਾਰੇ ਹੀ ਕੰਮ ਸਫਲ ਹੁੰਦੇ ਹਨ: "ਚਾਰਿ ਕੁੰਟ, ਚਉਦਹ ਭਵਨ ; ਸਗਲ ਬਿਆਪਤ ਰਾਮ ॥ ਨਾਨਕ ! ਊਨ ਨ ਦੇਖੀਐ ; ਪੂਰਨ ਤਾ ਕੇ ਕਾਮ ॥" (ਮ: ੫/੨੯੯)

ਮਨੁੱਖ, ਰੁੱਖ, ਤੀਰਥ, ਤਟ (ਨਦੀਆਂ) ਬੱਦਲ, ਖੇਤ, ਦੀਪ, ਲੋਕ, ਮੰਡਲ, ਖੰਡ, ਬ੍ਰਹਿਮੰਡ, ਸਰੋਵਰ, ਮੇਰ ਆਦਿਕ ਪਰਬਤ, ਅੰਡਜ, ਜੇਰਜ, ਉਤਭੁਜ, ਸੇਤਜ (ਚਾਰੇ ਖਾਣੀਆਂ) ਦੇ ਜੀਵ ਜੰਤ-ਇਹਨਾਂ ਸਭਨਾਂ ਦੀ ਗਿਣਤੀ ਦਾ ਅੰਦਾਜ਼ਾ ਉਹੀ ਪ੍ਰਭੂ ਜਾਣਦਾ ਹੈ (ਜਿਸ ਨੇ ਇਹ ਸਭ ਪੈਦਾ ਕੀਤੇ ਹਨ, ਨਾ ਕਿ ਕੋਈ 84 ਲੱਖ ਦਾ ਆਂਕਲਣ ਕਰਨ ਵਾਲਾ ਮਨੁੱਖ) ਹੇ ਨਾਨਕ! ਸਾਰੇ ਜੀਅ ਜੰਤ ਪੈਦਾ ਕਰ ਕੇ, ਪ੍ਰਭੂ ਉਹਨਾਂ ਸਭਨਾਂ ਦੀ ਪਾਲਨਾ ਭੀ ਕਰਦਾ ਹੈ। ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਭੀ ਉਸੇ ਨੂੰ ਹੀ ਹੈ। ਜਿਸ ਕਰਤਾਰ ਨੇ ਜਗਤ ਪੈਦਾ ਕੀਤਾ ਹੈ, ਉਹੀ ਇਹਨਾਂ ਦਾ ਖ਼ਿਆਲ ਵੀ ਰੱਖਦਾ ਹੈ, ਮੈਂ ਉਸੇ ਤੋਂ ਸਦਕੇ ਹਾਂ, ਉਸੇ ਦੀ ਜੈ ਜੈਕਾਰ ਆਖਦਾ ਹਾਂ (ਭਾਵ ਉਸੇ ਦੀ ਸਿਫ਼ਤ-ਸਾਲਾਹ ਕਰਦਾ ਹਾਂ, ਨਾ ਕਿ ਕਿਸੇ ਮਿਥਿਹਾਸਕ ਰੱਬ ਦੀ) ਉਸ ਪ੍ਰਭੂ ਦਾ ਆਸਰਾ (ਜੀਵ ਵਾਸਤੇ) ਸਦਾ ਅਟੱਲ ਹੈ। ਹੇ ਨਾਨਕ! ਉਸ ਹਰੀ ਦਾ ਸੱਚਾ ਨਾਮ ਸਿਮਰਨ ਤੋਂ ਬਿਨਾਂ ਧਾਰਮਕ ਚਿੰਨ੍ਹ ਟਿੱਕਾ, ਜਨੇਊ ਆਦਿਕ ਕਿਸੇ ਅਰਥ ਨਹੀਂ ਹਨ: "ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ, ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ! ਸਰਾਂ ਮੇਰਾਂ ਜੰਤਾਹ ॥ ਨਾਨਕ ! ਜੰਤ ਉਪਾਇ ਕੈ, ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ; ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ; ਜਿਨਿ, ਉਪਾਇਆ ਜਗੁ ॥ ਤਿਸੁ ਜੋਹਾਰੀ, ਸੁਅਸਤਿ ਤਿਸੁ ; ਤਿਸੁ ਦੀਬਾਣੁ ਅਭਗੁ ॥ ਨਾਨਕ ! ਸਚੇ ਨਾਮ ਬਿਨੁ, ਕਿਆ ਟਿਕਾ ? ਕਿਆ ਤਗੁ ? ॥" (ਮ: ੧/੪੬੭)

ਉਕਤ ਸ਼ਬਦਾਂ 'ਚ ਪ੍ਰਚਲਿਤ ਅਖੌਤੀ ਲੋਕ/ਭਵਨਾਂ ਦੀ ਗਿਣਤੀ ਅਨਮਤੀ ਧਰਮਾਂ ਦੀ ਮਨੌਤ ਅਨੁਸਾਰ ਕਰਮਵਾਰ ਦੋ, ਤਿੰਨ, ਸੱਤ, ਚੌਦ੍ਹਾਂ ਅਤੇ ਇਨ੍ਹਾਂ ਲੋਕਾਂ ਵਿੱਚ ਵਸ ਰਹੇ ਜੀਵਾਂ ਦੀ ਉਤਪਤੀ ਦੇ ਸਾਧਨ ਚਾਰ ਖਾਣੀਆਂ ਦੱਸੀਆਂ ਗਈਆਂ ਹਨ ਪਰ ਇਨ੍ਹਾਂ ਦਿੱਤੇ ਗਏ ਅੰਕੜਿਆਂ ਦਾ ਕਦਾਚਿਤ ਇਹ ਭਾਵ ਨਹੀਂ ਹੈ ਕਿ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਨੇ ਇਨ੍ਹਾਂ ਅੰਕੜਿਆਂ ਦੇ ਸਹੀ ਹੋਣ 'ਤੇ ਆਪਣੀ ਮੋਹਰ ਲਾ ਦਿੱਤੀ ਹੈ। ਅਸਲ ਵਿੱਚ ਜਿਨ੍ਹਾਂ ਲੋਕਾਂ ਨੂੰ ਗੁਰੂ ਸਾਹਿਬਾਨ ਨੇ ਆਪਣੀ ਗੱਲ ਸਮਝਾਉਣੀ ਹੁੰਦੀ ਸੀ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਅਨੁਸਾਰ ਪ੍ਰਭੂ ਦੀ ਪੈਦਾ ਕੀਤੀ ਸਾਰੀ ਸ੍ਰਿਸ਼ਟੀ ਨੂੰ ਕੇਵਲ ਦੋ, ਤਿੰਨ, ਸੱਤ ਜਾਂ ਚੌਦ੍ਹਾਂ ਲੋਕਾਂ, ਸਾਰੇ ਜੀਵਾਂ ਦੀ ਉਤਪਤੀ ਦੇ ਸਾਧਨ ਚਾਰ ਖਾਣੀਆਂ (ਅੰਡਜ਼, ਜੇਰਜ਼, ਉਤਭੁਜ ਅਤੇ ਸੇਤਜ) ਦੀ ਸੋਝੀ ਰੱਖਣ ਵਾਲਿਆਂ ਨੂੰ ਇਨ੍ਹਾਂ ਦੀ ਮਿਸਾਲ ਨਾਲ ਸਾਰੀ ਕਾਇਨਾਤ (ਜਿਸ ਦਾ ਕੋਈ ਵੀ ਮਨੁੱਖ ਅੰਦਾਜ਼ਾ ਨਹੀਂ ਲਗਾ ਸਕਦਾ) ਨੂੰ ਅਣਗਿਣਤ ਸਿੱਧ ਕਰਨਾ ਸੀ। ਜੇਕਰ ਅਸੀਂ ਆਪਣੀ ਸੀਮਤ ਬੁੱਧੀ ਅਨੁਸਾਰ ਇਨ੍ਹਾਂ ਅੰਕੜਿਆਂ ਨੂੰ ਹੀ ਸਹੀ ਮੰਨ ਬੈਠੇ ਤਾਂ ਕਿੰਨੀ ਦੁਬਿਧਾ ਪੈਦਾ ਹੋ ਜਾਵੇਗੀ ਕਿ ਗੁਰੂ ਸਾਹਿਬ ਜੀ ਕਦੀ ਤਿੰਨ ਲੋਕ, ਕਦੀ ਸੱਤ ਲੋਕ ਅਤੇ ਕਦੀ ਚੌਦ੍ਹਾਂ ਲੋਕਾਂ ਦੀ ਗੱਲ ਕਰਦੇ ਹਨ ਤਾਂ ਇਨ੍ਹਾਂ ਵਿੱਚੋਂ ਕਿਹੜੀ ਗਿਣਤੀ ਠੀਕ ਹੈ ? ਜਦੋਂ ਗੁਰੂ ਸਾਹਿਬ ਜੀ ਪ੍ਰਭੂ ਦੇ ਪੈਦਾ ਕੀਤੇ ਪਾਸਾਰੇ ਦੀ ਗੱਲ ਕਰਦੇ ਹਨ ਉਸ ਸਮੇਂ ਤਾਂ ਕੇਤੇ, ਕੇਤੀਆਂ, ਕਈ ਕੋਟਿ ਅਤੇ ਅਸੰਖ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਪਾਸਾਰੇ ਦਾ ਕੋਈ ਅੰਤ ਨਹੀਂ ਪੈ ਸਕਦਾ; "ਅਸੰਖ ਕਹਹਿ; ਸਿਰਿ ਭਾਰੁ ਹੋਇ ॥ (ਜਪੁ), ਬੇਸੁਮਾਰ ਬੇਅੰਤ ਸੁਆਮੀ ! ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥" (ਮ: ੫/੬੭੪), ਇਸ ਲਈ ਰੱਬੀ ਵਡੱਪਣ ਬਾਰੇ ਕੋਈ ਗਿਣਤੀ ਦੱਸਣ ਦਾ ਯਤਨ ਕਰਨਾ, ਆਪਣੀ ਮੂਰਖਤਾ ਦਾ ਪ੍ਰਦਰਸ਼ਨ ਕਰਨਾ ਹੀ ਹੈ ਕਿਉਂਕਿ ਕੋਈ ਵੀ ਮਨੁੱਖ ਪ੍ਰਭੂ ਦੇ ਪਾਸਾਰੇ ਦਾ ਅੰਦਾਜ਼ਾ ਨਹੀਂ ਲਗਾ ਸਕਦਾ, ਆਪਣੀ ਰਚਨਾ ਦੀ ਸਹੀ ਗਿਣਤੀ ਮਿਣਤੀ, ਕੇਵਲ ਉਹ ਰਚਨਹਾਰ ਕਰਤਾਰ ਆਪ ਹੀ ਜਾਣਦਾ ਹੈ।

**ਜਥਾ:** (ਅਕਾਲ ਪੁਰਖ ਦੀ ਰਚਨਾ ਵਿੱਚ) ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ, ਕਈ ਕ੍ਰਿਸ਼ਨ ਹਨ ਤੇ ਕਈ ਸ਼ਿਵ ਹਨ। ਕਈ ਬ੍ਰਹਮੇ ਪੈਦਾ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਤੇ ਕਈ ਵੇਸ ਹਨ। (ਅਕਾਲ ਪੁਰਖ ਦੀ ਕੁਦਰਤ ਵਿੱਚ) ਬੇਅੰਤ ਧਰਤੀਆਂ ਹਨ, ਬੇਅੰਤ ਮੇਰੂ ਪਰਬਤ, ਬੇਅੰਤ ਧਰੂ ਭਗਤ ਤੇ ਉਹਨਾਂ ਦੇ ਉਪਦੇਸ਼ ਹਨ। ਬੇਅੰਤ ਇੰਦਰ ਦੇਵਤੇ, ਬੇਅੰਤ ਚੰਦ੍ਰਮਾ, ਸੂਰਜ ਅਤੇ ਬੇਅੰਤ ਭਵਨ-ਚੱਕਰ ਹਨ। ਬੇਅੰਤ ਸਿੱਧ, ਬੁੱਧ, ਨਾਥ ਅਤੇ ਬੇਅੰਤ ਦੇਵੀਆਂ ਦੇ ਪਹਿਰਾਵੇ ਹਨ। ਬੇਅੰਤ ਦੇਵਤੇ ਅਤੇ ਦੈਂਤ ਹਨ, ਬੇਅੰਤ ਮੁਨੀ ਹਨ, ਬੇਅੰਤ ਪਰਕਾਰ ਦੇ ਰਤਨ ਤੇ



(ਰਤਨਾਂ ਦੇ) ਸਮੁੰਦਰ ਹਨ। (ਜੀਵ-ਰਚਨਾ ਦੀਆਂ) ਬੇਅੰਤ ਖਾਣੀਆਂ, ਬੇਅੰਤ ਬਾਣੀਆਂ (ਬੋਲੀਆਂ) ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ (ਜੋ ਜੀਵ ਮਨ ਦੁਆਰਾ ਲਾਂਦੇ ਹਨ), ਬੇਅੰਤ ਸੇਵਕ ਹਨ। ਹੇ ਨਾਨਕ ! ਕੋਈ ਅੰਤ ਨਹੀਂ ਪੈ ਸਕਦਾ: "ਕੇਤੇ ਪਵਣ ਪਾਣੀ ਵੈਸੰਤਰ ; ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ; ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ, ਮੇਰ ਕੇਤੇ ; ਕੇਤੇ ਧੂ ਉਪਦੇਸ ॥ ਕੇਤੇ ਇੰਦ, ਚੰਦ ਸੂਰ ਕੇਤੇ ; ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ, ਨਾਥ ਕੇਤੇ ; ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ, ਮੁਨਿ ਕੇਤੇ ; ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ, ਕੇਤੀਆ ਬਾਣੀ ; ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ, ਸੇਵਕ ਕੇਤੇ ; ਨਾਨਕ ! ਅੰਤੁ ਨ ਅੰਤੁ ॥" (ਮ: ੧/੭)

(ਧਰਤੀ ਦੇ ਨੌਂ) ਖੰਡਾਂ (ਜੀਵਾਂ ਦੀ ਉਤਪਤੀ ਦੇ ਸਾਧਨ ਵੀ ਕੇਵਲ ਚਾਰ ਖਾਣੀਆਂ ਨਹੀਂ ਬਲਕਿ ਕਰੋੜਾਂ ਹੀ ਖਾਣੀਆਂ ਹਨ ਜਿਨ੍ਹਾਂ ਦੀ ਰਾਹੀਂ ਕਰੋੜਾਂ ਹੀ ਜੀਵ ਉਤਪੰਨ ਹੋਏ ਹਨ, ਸਾਰੇ ਆਕਾਸ਼ਾਂ ਬ੍ਰਹਮੰਡਾਂ ਵਿੱਚ ਕਰੋੜਾਂ ਹੀ ਜੀਵ ਹਨ; ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ; (ਪ੍ਰਭੂ ਨੇ) ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ; (ਮੁੜ ਇਸ ਨੂੰ ਸਮੇਟ ਕੇ) ਸਦਾ-ਇੱਕ ਆਪ ਹੀ ਹੋ ਜਾਂਦਾ ਹੈ; ਪ੍ਰਭੂ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ, ਜੋ ਪ੍ਰਭੂ ਤੋਂ ਪੈਦਾ ਹੋ ਕੇ ਫਿਰ ਪ੍ਰਭੂ ਵਿੱਚ ਹੀ ਲੀਨ ਹੋ ਜਾਂਦੇ ਹਨ। ਉਸ ਪ੍ਰਭੂ ਦਾ ਅੰਤ ਕੋਈ ਬੰਦਾ ਨਹੀਂ ਜਾਣਦਾ; (ਕਿਉਂਕਿ) ਹੇ ਨਾਨਕ! ਉਹ ਪ੍ਰਭੂ (ਆਪਣੇ ਵਰਗਾ) ਆਪ ਹੀ ਆਪ ਹੈ: "ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ, ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ, ਨਾਨਕ ! ਪ੍ਰਭੁ ਸੋਇ॥" (ਮ: ੫/੨੭੬)

(ਉਹ ਗੋਬਿੰਦ ਐਸਾ ਹੈ ਜਿਸ ਨੇ) ਕ੍ਰੋੜਾਂ ਹੀ ਵਿਸ਼ਨੂ-ਅਵਤਾਰ, ਕ੍ਰੋੜਾਂ ਬ੍ਰਹਮੰਡ ਜਿਸ ਦੇ ਧਰਮ-ਅਸਥਾਨ ਹਨ, ਜਿਹੜਾ ਕ੍ਰੋੜਾਂ ਸ਼ਿਵ ਪੈਦਾ ਕਰ ਕੇ (ਆਪਣੇ ਵਿੱਚ ਹੀ) ਲੀਨ ਕਰ ਦੇਂਦਾ ਹੈ, ਜਿਸ ਨੇ ਕ੍ਰੋੜਾਂ ਹੀ ਬ੍ਰਹਮੇ, ਜਗਤ ਪੈਦਾ ਕਰਨ ਦੇ ਕੰਮ 'ਤੇ ਲਾਏ ਹੋਏ ਹਨ: "ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥ ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ, ਜਗੁ ਸਾਜਣ ਲਾਏ ॥" (ਮ: ੫/੧੧੫੬)

ਅਕਾਲ ਪੁਰਖ ਦੀ ਰਚਨਾ ਦੀ ਵਿਸ਼ਾਲਤਾ ਦੀ ਗੱਲ ਕਰਦਿਆਂ ਜਦੋਂ ਗੁਰਬਾਣੀ ਵਿੱਚ ਜੀਵਾਂ ਦੀ ਉਤਪਤੀ ਦੀਆਂ ਸਾਧਨ ਖਾਣੀਆਂ ਦੀ ਗਿਣਤੀ ਅਤੇ ਇਨ੍ਹਾਂ ਖਾਣੀਆਂ ਦੀ ਰਾਹੀਂ ਜੀਵਾਂ ਦੀ ਪੈਦਾਇਸ਼ ਕਰਨ ਦੇ ਜ਼ਿੰਮੇਵਾਰ ਮੰਨੇ ਗਏ ਬ੍ਰਹਮੇ ਵਰਗੇ ਦੇਵਤਿਆਂ ਦੀ ਗਿਣਤੀ ਹੀ ਕਈ ਕਰੋੜਾਂ ਜਾਂ ਅਣਗਿਣਤ ਦੱਸੀ ਗਈ ਹੋਵੇ ਤਾਂ ਗੁਰਬਾਣੀ ਵਿੱਚ ਉਦਾਹਰਨ ਦੇ ਤੌਰ 'ਤੇ ਦਿੱਤੀ ਗਈ ਜੀਵਾਂ ਦੀ ਚੌਰਾਸੀ ਲੱਖ ਗਿਣਤੀ ਨੂੰ ਗੁਰਬਾਣੀ ਦਾ ਸੱਚ ਮੰਨ ਲੈਣਾ ਗੁਰਮਤਿ ਦੀ ਫ਼ਿਲਾਸਫ਼ੀ ਨੂੰ ਸਮਝਣ ਤੋਂ ਅਸਮਰਥ ਹੋਣਾ ਹੈ, ਪਰ ਹੈਰਾਨੀ ਉਸ ਸਮੇਂ ਹੋਈ ਜਿਸ ਸਮੇਂ ਇੱਕ ਮੰਨੇ ਪ੍ਰਮੰਨੇ ਕਥਾਵਾਚਕ (ਜਿਸ ਨੂੰ ਕਈ ਟੀ.ਵੀ. ਚੈਨਲਾਂ 'ਤੇ ਵੀ ਸੁਣਿਆ ਜਾ ਸਕਦਾ ਹੈ) ਨੇ ਇੱਕ ਗੁਰਦੁਆਰੇ ਵਿੱਚ ਇਹ ਸ਼ਬਦ ਕਹੇ ਕਿ ਮੇਰੀ ਤਾਂ ਕੋਈ ਸਮਰਥਾ ਨਹੀਂ ਹੈ ਕਿ ਪ੍ਰਭੂ ਦੀ ਜੱਗ ਰਚਨਾ ਵਿੱਚ ਪੈਦਾ ਕੀਤੇ ਜੀਵਾਂ ਦੀ ਗਿਣਤੀ ਕਰ ਸਕਾਂ ਪਰ ਜਿਸ ਗਿਣਤੀ 'ਤੇ ਗੁਰਬਾਣੀ ਨੇ ਮੋਹਰ ਲਾਈ ਹੋਵੇ ਉਸ ਤੋਂ ਤਾਂ ਮੁਨਕਰ ਨਹੀਂ ਹੋਇਆ ਜਾ ਸਕਦਾ : "ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ; ਪ੍ਰਭਿ, ਦੀਈ ਵਡਿਆਈ ॥ ਇਸੁ ਪਉੜੀ ਤੇ, ਜੋ ਨਰੁ ਚੂਕੈ ; ਸੋ ਆਇ ਜਾਇ, ਦੁਖੁ ਪਾਇਦਾ ॥" (ਮਾਰੂ ਸੋਲਹੇ/ਮ: ੫/੧੦੭੫) ਭਾਵ ਹੇ ਭਾਈ! ਸਾਰੀਆਂ ਚੌਰਾਸੀ ਲੱਖ ਜੂਨਾਂ ਵਿੱਚੋਂ ਪਰਮਾਤਮਾ ਨੇ ਮਨੁੱਖਾ ਜਨਮ ਨੂੰ ਵਡਿਆਈ ਦਿੱਤੀ ਹੈ, ਪਰ ਜਿਹੜਾ ਮਨੁੱਖ ਇਸ ਪੌੜੀ ਤੋਂ ਖੁੰਝ ਜਾਂਦਾ ਹੈ, ਉਹ ਜਨਮ ਮਰਨ ਦੇ ਗੇੜ ਵਿੱਚ ਪੈ ਕੇ ਦੁੱਖ ਭੋਗਦਾ ਹੈ।

ਗੁਰਬਾਣੀ ਦੀ ਅਜਿਹੀ ਵਿਆਖਿਆ ਸੁਣ ਕੇ ਜਗਿਆਸੂ ਦੇ ਮਨ ਵਿੱਚ ਸ਼ੰਕਾ ਉਪਜਦੀ ਹੈ ਕਿ ਇੱਕ ਪਾਸੇ ਗੁਰੂ ਸਾਹਿਬ ਜੀ ਜੀਵਾਂ ਦੀ ਪੈਦਾਇਸ਼ ਕਰਨ ਦੇ ਕਾਰੇ ਲਾਏ ਬ੍ਰਹਮਿਆਂ ਦੀ ਗਿਣਤੀ ਹੀ ਕਈ ਕਰੋੜਾਂ 'ਚ ਦੱਸਦੇ ਹਨ ਅਤੇ ਦੂਸਰੇ ਪਾਸੇ ਇਨ੍ਹਾਂ ਕਰੋੜਾਂ ਬ੍ਰਹਮਿਆਂ ਵੱਲੋਂ ਪੈਦਾ ਕੀਤੇ ਜੀਵਾਂ ਦੀ ਗਿਣਤੀ ਸਿਰਫ ਚੌਰਾਸੀ ਲੱਖ ਦੱਸ ਰਹੇ ਹਨ ਤਾਂ ਇਨ੍ਹਾਂ ਵਿੱਚੋਂ ਕਿਹੜੀ ਗੱਲ ਠੀਕ ਹੈ ? ਇਨ੍ਹਾਂ ਸ਼ੰਕਿਆਂ ਵਿੱਚ ਉਸ ਸਮੇਂ ਹੋਰ ਵਾਧਾ ਹੋ ਜਾਂਦਾ ਹੈ ਜਦੋਂ ਕੁਝ ਵਿਦਵਾਨ "ਏਕਾ ਮਾਈ, ਜੁਗਤਿ ਵਿਆਈ ; ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ, ਇਕੁ ਭੰਡਾਰੀ ; ਇਕੁ ਲਾਏ ਦੀਬਾਣੁ ॥" ਦਾ ਹਵਾਲਾ ਦੇ ਕੇ ਇੱਥੋਂ ਤੱਕ ਲਿਖ ਜਾਂ ਬੋਲ ਦਿੰਦੇ ਹਨ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਦੀ ਹੋਂਦ ਨੂੰ ਗੁਰੂ ਸਾਹਿਬ ਜੀ ਨੇ ਵੀ ਪ੍ਰਵਾਨ ਕੀਤਾ ਹੋਇਆ ਹੈ, ਪਰ ਜਦੋਂ ਅਸੀਂ ਇਸੇ ਪਉੜੀ ਦਾ ਬਾਕੀ ਅਗਾਂਹ ਹਿੱਸਾ : "ਜਿਵ ਤਿਸੁ ਭਾਵੈ, ਤਿਵੈ ਚਲਾਵੈ ; ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ, ਓਨਾ ਨਦਰਿ ਨ ਆਵੈ ; ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ ॥੩੦॥" (ਜਪੁ/ਮ: ੧/੭) ਪੜ੍ਹ ਕੇ ਇਸ ਸੰਪੂਰਨ ਪਉੜੀ ਦੇ ਅਰਥ ਗੁਰਮਤਿ ਲਿਖਤ ਦੇ ਦਾਇਰੇ ਵਿੱਚ ਰਹਿੰਦਿਆਂ ਕਰਾਂਗੇ ਤਾਂ ਸਾਨੂੰ ਇਹ ਸੋਝੀ ਹੋ ਜਾਵੇਗੀ ਕਿ ਇਸ ਪਉੜੀ ਦੇ ਉਹ ਅਰਥ ਨਹੀਂ ਹਨ ਜੋ ਅਜਿਹੇ ਕੁਝ ਵਿਆਖਿਆਕਾਰਾਂ ਪਾਸੋਂ ਸੁਣ ਰਹੇ ਹਾਂ ਬਲਕਿ ਇਹ ਸਮਝ ਆ ਜਾਵੇਗੀ ਕਿ ਪਹਿਲੀਆਂ ਦੋ ਤੁਕਾਂ ਵਿੱਚ ਗੁਰੂ ਸਾਹਿਬ ਜੀ ਦਾ ਆਪਣਾ ਮੱਤ ਨਹੀਂ ਬਲਕਿ ਜਗਿਆਸੂਆਂ ਨੂੰ ਸਮਝਾਉਣ ਹਿੱਤ (ਵੇਦਾਂ ਪੁਰਾਣਾਂ ਦੀ ਸਿੱਖਿਆ ਅਨੁਸਾਰ ਲੋਕਾਂ ਵਿੱਚ ਆਮ ਪ੍ਰਚਲਿਤ ਇਹ ਖ਼ਿਆਲ ਦਰਜ ਕੀਤਾ ਹੈ ਕਿ) ਇਕੱਲੀ ਮਾਇਆ (ਕਿਸੇ) ਜੁਗਤੀ ਨਾਲ ਪ੍ਰਸੂਤ ਹੋਈ ਤੇ ਪ੍ਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮੇ, ਮੰਨ ਲਏ ਗਏ; ਜਿਵੇਂ ਕਿ ਇਕ (ਬ੍ਰਹਮਾ) ਘਰਬਾਰੀ ਬਣ ਗਿਆ (ਭਾਵ ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ), ਇਕ (ਵਿਸ਼ਨੂੰ) ਭੰਡਾਰੇ ਦਾ ਮਾਲਕ ਬਣ ਗਿਆ (ਭਾਵ ਜੀਵਾਂ ਨੂੰ ਰਿਜ਼ਕ ਅਪੜਾਉਣ ਦਾ ਕੰਮ ਕਰਨ ਲੱਗਾ) ਅਤੇ ਇੱਕ (ਸ਼ਿਵ) ਕਚਹਿਰੀ ਲਾਉਂਦਾ ਹੈ (ਭਾਵ ਜੀਵਾਂ ਨੂੰ ਸੰਘਾਰਦਾ ਹੈ, ਮਾਰਦਾ ਹੈ)।

ਅਗਲੀਆਂ ਤੁਕਾਂ ਵਿੱਚ ਗੁਰੂ ਸਾਹਿਬ ਜੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ (ਪਰ ਅਸਲ ਗੱਲ ਇਹ ਹੈ ਕਿ ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁਝ ਹੱਥ ਨਹੀਂ।) ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ, ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ (ਸਭ ਜੀਵਾਂ ਨੂੰ) ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ। (ਸੋ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਦੇ ਥਾਂ) ਕੇਵਲ ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ ਜੋ (ਸ੍ਰਿਸ਼ਟੀ ਦਾ) ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਆਪਣਾ ਕੋਈ ਮੁੱਢ ਨਹੀਂ ਭਾਵ ਚਾਰੋਂ ਤਰਫ਼ ਫੈਲਿਆ ਹੈ, ਜੋ ਨਾਸ ਰਹਿਤ ਹੈ ਅਤੇ ਜੋ ਸਦਾ ਹੀ ਇੱਕੋ ਜਿਹਾ ਰਹਿੰਦਾ ਹੈ ਭਾਵ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਸਮੇਤ ਹਰ ਜੀਵ ਵਾਂਙ ਜੰਮਦਾ ਮਰਦਾ ਨਹੀਂ।

ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਜਿਹੜੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਆਦਿਕ ਨੂੰ ਗੁਰੂ ਸਾਹਿਬ ਜੀ ਸੰਸਾਰ ਦੇ ਬਾਕੀ ਦੇ ਜੀਵਾਂ ਵਾਂਙ ਹੀ ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਹੇਠ ਭਾਵ ਰੋਗੀ ਦੱਸ ਰਹੇ ਹੋਣ : "ਬ੍ਰਹਮਾ ਬਿਸਨੁ ਮਹਾਦੇਉ, ਤ੍ਰੈ ਗੁਣ ਰੋਗੀ ; ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ, ਤਿਸਹਿ ਨ ਚੇਤਹਿ ਬਪੁੜੇ ; ਹਰਿ, ਗੁਰਮੁਖਿ ਸੋਝੀ ਪਾਈ ॥" (ਮ: ੪/੭੩੫) ਅਰਥ : (ਹੇ ਭਾਈ! ਪੌਰਾਣਿਕ ਕਥਾਵਾਂ ਅਨੁਸਾਰ) ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਕਾਰਨ (ਵੱਡੇ ਦੇਵਤੇ) ਬ੍ਰਹਮਾ, ਵਿਸ਼ਨੂੰ, ਸ਼ਿਵ (ਭੀ) ਰੋਗੀ ਹੀ ਰਹੇ, (ਕਿਉਂਕਿ ਇਹਨਾਂ ਨੇ ਭੀ) ਹਉਮੈ ਵਿੱਚ ਹੀ ਕਾਰ ਕੀਤੀ। ਜਿਸ ਪਰਮਾਤਮਾ ਨੇ ਉਹਨਾਂ ਨੂੰ ਪੈਦਾ ਕੀਤਾ ਸੀ, ਉਸ ਨੂੰ ਉਹ ਵਿਚਾਰੇ ਚੇਤਦੇ ਨਾ ਰਹੇ। ਹੇ ਭਾਈ! ਪਰਮਾਤਮਾ ਦੀ ਸੂਝ (ਤਾਂ) ਗੁਰੂ ਦੀ ਸ਼ਰਨ ਪਿਆਂ ਹੀ ਪੈਂਦੀ ਹੈ।

"ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ; ਰੋਗੀ ਸਗਲ ਸੰਸਾਰਾ ॥ ਹਰਿ ਪਦੁ ਚੀਨਿ, ਭਏ ਸੇ ਮੁਕਤੇ ; ਗੁਰ ਕਾ ਸਬਦੁ ਵੀਚਾਰਾ ॥" (ਮ: ੧/੧੧੫੩) ਅਰਥ : (ਸਾਧਾਰਨ ਜੀਵਾਂ ਦੀ ਗੱਲ ਹੀ ਕੀਹ ਹੈ ? ਵੱਡੇ ਵੱਡੇ ਅਖਵਾਣ ਵਾਲੇ ਦੇਵਤੇ) ਬ੍ਰਹਮਾ, ਵਿਸ਼ਨੂ ਤੇ ਸ਼ਿਵ ਭੀ ਹਉਮੈ ਦੇ ਰੋਗ ਵਿੱਚ ਹਨ, ਸਾਰਾ ਸੰਸਾਰ ਹੀ ਇਸ ਰੋਗ ਵਿੱਚ ਗ੍ਰਸਿਆ ਹੋਇਆ ਹੈ। ਇਸ ਰੋਗ ਤੋਂ ਤਾਂ ਉਹੀ ਸੁਤੰਤਰ ਹੁੰਦੇ ਹਨ ਜਿਨ੍ਹਾਂ ਨੇ ਪਰਮਾਤਮਾ ਨਾਲ ਮਿਲਾਪ-ਅਵਸਥਾ ਦੀ ਕਦਰ ਪਛਾਣ ਕੇ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ-ਮੰਡਲ ਵਿੱਚ ਟਿਕਾਇਆ ਹੈ।

ਆਮ ਜੀਵਾਂ ਵਾਂਙ ਰੋਗੀ ਉਨ੍ਹਾਂ ਅਵਤਾਰਾਂ ਨੂੰ ਗੁਰੂ ਜੀ ਪ੍ਰਵਾਨ ਕਿਵੇਂ ਕਰ ਸਕਦੇ ਹਨ ਅਤੇ ਕਿਵੇਂ ਮੰਨ ਸਕਦੇ ਹਨ ਕਿ ਬ੍ਰਹਮਾ ਸ੍ਰਿਸ਼ਟੀ ਦੇ ਸਾਰੇ ਜੀਵਾਂ ਨੂੰ ਪੈਦਾ ਕਰਦਾ, ਵਿਸ਼ਨੂੰ ਸਭ ਨੂੰ ਰਿਜ਼ਕ ਦੇਣ ਵਾਲਾ ਅਤੇ ਸ਼ਿਵ ਜੀ ਅੰਤ ਨੂੰ ਸੰਘਾਰ ਕਰਨ ਵਾਲਾ ਹੈ। ਗੁਰੂ ਸਾਹਿਬ ਜੀ ਦਾ ਤਾਂ ਦ੍ਰਿੜ੍ਹ ਕਰਵਾਉਂਦੇ ਹਨ ਕਿ ਸਾਰੇ ਜੀਅ ਜੰਤ ਪੈਦਾ ਕਰ ਕੇ, ਪ੍ਰਭੂ ਉਹਨਾਂ ਸਭਨਾਂ ਦੀ ਪਾਲਨਾ ਭੀ ਆਪ ਹੀ ਕਰਦਾ ਹੈ; ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਹੈ, ਇਸ ਦੀ ਪਾਲਨਾ ਦਾ ਫ਼ਿਕਰ ਭੀ ਉਸੇ ਨੂੰ ਹੀ ਹੈ। ਜਿਸ ਕਰਤਾਰ ਨੇ ਜਗਤ ਪੈਦਾ ਕੀਤਾ ਹੈ, ਉਹੀ ਇਹਨਾਂ ਦਾ ਖ਼ਿਆਲ ਰੱਖਦਾ ਹੈ : "ਨਾਨਕ ! ਜੰਤ ਉਪਾਇ ਕੈ, ਸੰਮਾਲੇ ਸਭਨਾਹ ॥ ਜਿਨਿ ਕਰਤੈ, ਕਰਣਾ ਕੀਆ ; ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ; ਜਿਨਿ, ਉਪਾਇਆ ਜਗੁ ॥" (ਗਉੜੀ ਸੁਖਮਨੀ/ਮ: ੫/੭੫), ਸੋ (ਜਗਤ ਵਿੱਚ ਜੀਵਾਂ ਦਾ) ਜੰਮਣਾ ਮਰਨਾ ਉਸੇ ਪਰਮਾਤਮਾ ਨੇ ਬਣਾਇਆ ਹੈ ਜਿਸ ਨੇ ਇਹ ਜਗਤ ਪੈਦਾ ਕੀਤਾ ਹੈ : "ਆਵਣੁ ਤ ਜਾਣਾ ਤਿਨਹਿ ਕੀਆ ; ਜਿਨਿ, ਮੇਦਨਿ ਸਿਰਜੀਆ ॥" (ਮ: ੫/੫੪੨)

ਉਕਤ ਵਿਚਾਰ ਦਾ ਸਾਰੰਸ ਇਹੀ ਹੈ ਕਿ ਗੁਰਬਾਣੀ 'ਚ ਵਰਤੇ ਗਏ ਸੰਖਿਆ ਵਾਚਕ ਰਵਾਇਤੀ ਚਿੰਨ੍ਹ ਕੇਵਲ ਮਿਸਾਲ ਵਜੋਂ ਹਨ, ਨਾ ਕਿ ਕਿਸੇ ਵਿਸ਼ੇ ਦਾ ਸਾਰ ਜਾਂ ਗੁਰਮਤਿ ਫ਼ਿਲਾਸਫ਼ੀ।

*ਸ਼ਹਾਦਤ ਤੇ ਵਿਸ਼ੇਸ਼*

# ਅਨੌਖੀ ਸ਼ਹਾਦਤ ਦੇਣ ਵਾਲੇ ਭਾਈ ਤਾਰੂ ਸਿੰਘ

**ਬਲਵਿੰਦਰ ਸਿੰਘ**

ਭਾਈ ਤਾਰੂ ਸਿੰਘ ਪਿੰਡ ਪੂਹਲਾ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਬਚਪਨ ਵਿਚ ਹੀ ਆਪ ਦੇ ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਰਕੇ ਆਪ ਦੀ ਮਾਤਾ ਨੇ ਆਪ ਦਾ ਪਾਲਣ-ਪੋਸ਼ਣ ਕੀਤਾ ਅਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਇਮਾਨਦਾਰੀ ਤੇ ਮਿਹਨਤ ਨਾਲ ਕਿਰਤ ਕਰਨ ਦੀ ਜੁਗਤੀ ਸਿਖਾਈ। ਭਾਈ ਜੀ ਬਚਪਨ ਤੋਂ ਹੀ ਸੰਤ ਸੁਭਾਅ ਦੇ ਸਨ। ਥੋੜ੍ਹੀ ਜਿਹੀ ਜ਼ਮੀਨ ਹੋਣ ਕਾਰਨ ਖੇਤਾਂ ਵਿਚ ਹਲ ਚਲਾ ਕੇ ਮਿਹਨਤ-ਮੁਸ਼ੱਕਤ ਨਾਲ ਆਪਣੇ ਜੀਵਨ ਨਿਰਬਾਹ ਦਾ ਸਾਧਨ ਬਣਾਇਆ ਹੋਇਆ ਸੀ। ਭਾਈ ਤਾਰੂ ਸਿੰਘ ਦਾ ਸੁਭਾਅ ਵੰਡ ਛਕਣ ਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਸੀ। ਭਾਈ ਸਾਹਿਬ ਨੇ ਆਪਣੀ ਕਿਰਤ ਕਮਾਈ 'ਚੋਂ ਲੰਗਰ ਜਾਰੀ ਕੀਤਾ ਹੋਇਆ ਸੀ, ਜਿੱਥੇ ਵੇਲੇ-ਕੁਵੇਲੇ ਆਉਂਦੇ-ਜਾਂਦੇ ਸਿੱਖ ਸੂਰਬੀਰਾਂ ਤੋਂ ਛੁੱਟ, ਹਿੰਦੂ, ਮੁਸਲਮਾਨ ਵੀ ਪ੍ਰਸ਼ਾਦੇ ਛਕਦੇ ਤੇ ਤ੍ਰਿਪਤ ਹੁੰਦੇ। ਭਾਈ ਜੀ ਦੀ ਸੇਵਾ-ਭਾਵਨਾ ਦੀ ਦ੍ਰਿਸ਼ਟੀ ਕਰਕੇ ਦੂਰ-ਦੂਰ ਤੱਕ ਪ੍ਰਸਿੱਧ ਹੋ ਗਏ। ਵਕਤ ਦੀ ਜ਼ਾਲਮ ਹਕੂਮਤ ਦੇ ਇਕ ਮੁਖਬਰ ਤੇ ਸਿੱਖਾਂ ਦੇ ਵੈਰੀ ਹਰਭਗਤ ਨਿਰੰਜਨੀਏ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਪਾਸ ਭਾਈ ਤਾਰੂ ਸਿੰਘ ਵਿਰੁੱਧ ਚੁਗਲੀ ਲਗਾ ਦਿੱਤੀ ਤੇ ਕੰਨ ਭਰ ਦਿੱਤੇ ਕਿ ਭਾਈ ਤਾਰੂ ਸਿੰਘ ਸਿੱਖਾਂ ਨੂੰ ਪਨਾਹ ਦਿੰਦਾ ਹੈ ਤੇ ਭੋਜਨ ਛਕਾਉਂਦਾ ਹੈ। ਹਰਭਗਤ ਨਿਰੰਜਨੀਏ ਦੀ ਸ਼ਿਕਾਇਤ ਦੀ ਸਚਾਈ ਨੂੰ ਘੋਖੇ ਬਿਨਾਂ ਹੀ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਪੂਹਲੇ ਪਿੰਡ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਪਿੰਡ ਦੇ ਲੋਕਾਂ ਨੇ ਬਥੇਰਾ ਕਿਹਾ ਕਿ ਭਾਈ ਜੀ ਤਾਂ ਬਹੁਤ ਨੇਕ ਇਨਸਾਨ ਹਨ ਪਰ ਭਾਈ ਸਾਹਿਬ ਨੇ ਕਿਹਾ, ਫਿਕਰ ਨਾ ਕਰੋ। ਕਿਉਂਕਿ ਉਨ੍ਹਾਂ ਦਾ ਅਟਲ ਵਿਸ਼ਵਾਸ ਸੀ ਕਿ ਸ਼ਹੀਦੀ ਦੇ ਕੇ ਸ਼ਾਹੀ ਤਖ਼ਤ ਦੀਆਂ ਚੂਲਾਂ ਢਿੱਲੀਆਂ ਕੀਤੀਆਂ ਜਾ ਸਕਦੀਆਂ ਹਨ। ਜ਼ਕਰੀਆ ਖਾਨ ਦੀ ਕਚਹਿਰੀ ਵਿਚ ਭਾਈ ਤਾਰੂ ਸਿੰਘ ਨੂੰ ਪੇਸ਼ ਕੀਤਾ ਗਿਆ। ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਅਤੇ ਫਿਰ ਕਈ ਤਰ੍ਹਾਂ ਦੇ ਦੰਡ ਦਿੱਤੇ ਗਏ। ਆਖਿਰ ਭਾਈ ਜੀ ਦੇ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਨਾਲ, ਜ਼ਕਰੀਆ ਖਾਨ ਨੇ ਦੋ ਸ਼ਰਤਾਂ ਰੱਖੀਆਂ, ਮੁਸਲਮਾਨ ਬਣ ਜਾਓ ਜਾਂ ਮਰਨ ਲਈ ਤਿਆਰ ਹੋ ਜਾਓ। ਤਾਂ ਭਾਈ ਸਾਹਿਬ ਨੇ ਜਵਾਬ ਦਿੱਤਾ, ਕੀ ਮੁਸਲਮਾਨ ਬਣਨ ਨਾਲ ਮੈਨੂੰ ਮੌਤ ਨਹੀਂ ਆਉਣੀ ? ਕੀ ਮੁਸਲਮਾਨ ਮਰਦੇ ਨਹੀਂ ? ਜੇ ਮੌਤ ਨੇ ਫੇਰ ਵੀ ਆ ਹੀ ਜਾਣਾ ਹੈ ਤਾਂ ਫਿਰ ਮੈਂ ਆਪਣਾ ਧਰਮ ਕਿਉਂ ਬਦਲਾਂ ? ਮੈਨੂੰ ਮੌਤ ਕਬੂਲ ਹੈ। ਮੈਂ ਮੌਤ ਤੋਂ ਨਹੀਂ ਡਰਦਾ। ਜ਼ਕਰੀਆ ਖਾਨ ਨੇ ਜੱਲਾਦ ਨੂੰ ਸੱਦਿਆ ਤੇ ਉਸ ਨੂੰ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਦੀ ਖੋਪਰੀ ਸਮੇਤ ਕੇਸਾਂ ਦੇ, ਸਿਰ ਤੋਂ ਅਲੱਗ ਕਰ ਦਿੱਤੀ ਜਾਵੇ। ਭਾਈ ਜੀ ਮੁੱਖ ਤੋਂ 'ਵਾਹਿਗੁਰੂ' ਦਾ ਸਿਮਰਨ ਕਰੀ ਜਾ ਰਹੇ ਸਨ ਅਤੇ ਚਿਹਰੇ 'ਤੇ ਰੱਤੀ ਭਰ ਵੀ ਭੈਅ ਨਹੀਂ ਸੀ ਤੇ ਹਜ਼ਾਰਾਂ ਲੋਕਾਂ ਦੇ ਵੇਖਦਿਆਂ ਵੇਖਦਿਆਂ ਜੱਲਾਦ (ਮੋਚੀ) ਨੇ ਤੇਜ਼ ਰੰਬੀ ਨਾਲ ਭਾਈ ਜੀ ਦੀ ਖੋਪਰੀ ਕੇਸਾਂ ਸਣੇ ਸਿਰ ਤੋਂ ਲਾਹ ਦਿੱਤੀ। ਹਰ ਕੋਈ ਭਾਈ ਜੀ ਦੇ ਹੌਸਲੇ ਅਤੇ ਸਿੱਖੀ ਸਿਦਕ ਦੀ ਦਾਦ ਦੇ ਰਿਹਾ ਸੀ। ਇਹ ਸਮਾਂ ਜੁਲਾਈ 1745 ਈ. ਦਾ ਸੀ।



# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਤਾਲਿਬਾਨ ਨੂੰ ਵੀ ਝੁਕਾਇਆ

**ਕਿਰਪਾਲ ਸਿੰਘ**

ਜਦੋਂ ਅਸੀਂ ਬੀਤੇ ਅਤੇ ਚੱਲ ਰਹੇ ਸਮਿਆਂ ਦੌਰਾਨ ਹੋਣ ਵਾਲੀਆਂ ਘਟਨਾਵਾਂ ਦਰਮਿਆਨ ਕੋਈ ਸਮਾਨਤਾ ਦੇਖਦੇ ਹਾਂ ਤਾਂ ਅਕਸਰ ਅਸੀਂ ਇਹ ਕਹਿ ਦਿੰਦੇ ਹਾਂ ਕਿ ਇਤਿਹਾਸ ਕਦੇ ਨਾ ਕਦੇ ਆਪਣਾ ਆਪ ਜ਼ਰੂਰ ਦੁਹਰਾਉਂਦਾ ਹੈ। ਸਮੇਂ ਦੇ ਫਰਕ ਅਨੁਸਾਰ ਇਤਿਹਾਸਕ ਪਾਤਰ ਅਤੇ ਮੰਜ਼ਰ ਬਦਲ ਜਾਂਦੇ ਹਨ। ਜਿੱਤਣ ਅਤੇ ਹਾਰਨ ਵਾਲੇ ਨਾਇਕ ਵੀ ਹੋਰ ਹੁੰਦੇ ਹਨ। ਅੱਜ ਜਿਨ੍ਹਾਂ ਅਫ਼ਗਾਨ ਅਤੇ ਪਾਕਿਸਤਾਨੀ ਕਬਾਇਲੀ ਇਲਾਕਿਆਂ ਵਿਚ ਅਮਰੀਕੀ ਫ਼ੌਜਾਂ ਵੱਲੋਂ ਤਾਲਿਬਾਨ ਮੁਜਾਹਦੀਨਾਂ ਖਿਲਾਫ ਜੰਗ ਲੜੀ ਜਾ ਰਹੀ ਹੈ, ਉਥੇ ਅੱਜ ਤੋਂ ਤਕਰੀਬਨ ਪੌਣੇ ਦੋ ਸੌ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਮੁਸਲਿਮ ਜਿਹਾਦੀ ਕਬਾਇਲੀਆਂ ਵਿਰੁੱਧ ਦਸ ਸਾਲ ਲਗਾਤਾਰ ਲੜਾਈ ਲੜੀ ਸੀ। ਉਦੋਂ ਕਬਾਇਲੀਆਂ ਦਾ ਨਾਇਕ ਸਈਅਦ ਅਹਿਮਦ ਉਰਫ ਮੀਰ ਅਹਿਮਦ ਬਰੇਲਵੀ ਸੀ ਜੋ ਜੰਗ ਦੇ ਮੈਦਾਨ ਵਿਚ ਪੇਸ਼ਾਵਰ ਨੇੜੇ ਆਪਣੀ ਜਾਨ ਦੀ ਬਾਜ਼ੀ ਲਾ ਗਿਆ ਸੀ। ਅੱਜ ਉਸਾਮਾ ਬਿਨ ਲਾਦਿਨ ਹੋਇਆ ਹੈ ਜੋ ਕਿ ਪਿੱਛੇ ਜਿਹੇ ਇਕ ਗੁਪਤ ਅਮਰੀਕਨ ਫ਼ੌਜੀ ਐਕਸ਼ਨ ਵਿਚ ਪਾਕਿਸਤਾਨ ਦੇ ਇਕ ਸ਼ਹਿਰ ਵਿਚ ਬਿਨਾ ਲੜਿਆਂ ਹੀ ਮਾਰਿਆ ਗਿਆ। ਅਜੋਕੀ ਇਤਿਹਾਸਕ ਘਟਨਾਵਲੀ ਤਾਂ ਅਸੀਂ ਅੱਖੀਂ ਡਿੱਠੀ ਹੈ। ਆਓ ਤੁਹਾਨੂੰ ਬੀਤੇ ਸਮਿਆਂ ਦੇ ਅਫ਼ਗਾਨ ਕਬਾਇਲੀ ਨਾਇਕ ਬਾਬਤ ਇਤਿਹਾਸ ਦੇ ਪੰਨਿਆਂ ਤੋਂ ਜਾਣੂ ਕਰਵਾਈਏ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨ ਸ਼ਾਸਤ ਕਸ਼ਮੀਰ, ਪਿਸ਼ਾਵਰ ਅਤੇ ਮੁਲਤਾਨ ਵਿੱਚੋਂ ਉਨ੍ਹਾਂ ਦੀ ਰਾਜ ਸੱਤਾ ਖਤਮ ਕਰਕੇ ਖ਼ਾਲਸਈ ਹਕੂਮਤ ਕਾਇਮ ਕੀਤੀ, ਉਦੋਂ ਸਿੱਖਾਂ ਦੀ ਬਹਾਦਰੀ ਅਤੇ ਚੜ੍ਹਤ ਦੇ ਡੰਕੇ ਸਾਰੇ ਹਿੰਦੁਸਤਾਨ ਵਿਚ ਵੱਜਣ ਲੱਗੇ ਸਨ। ਸਿੱਖਾਂ ਹੱਥੋਂ ਮੁਸਲਿਮ ਸ਼ਾਸਤ ਰਿਆਸਤਾਂ ਦੀਆਂ ਲਗਾਤਾਰ ਲੱਕ-ਤੋੜਵੀਆਂ ਸ਼ਿਕਸਤਾਂ ਨੇ ਰੂੜੀਵਾਦੀ ਮੁਸਲਿਮ ਮਾਨਸਿਕਤਾ ਦੇ ਦਿਲੋ-ਦਿਮਾਗ ਉਪਰ ਗਹਿਰਾ ਅਸਰ ਕੀਤਾ। ਸੈਂਕੜੇ ਸਾਲਾਂ ਤੋਂ ਵਿਚਰ ਰਹੇ ਹਕੂਮਤੀ ਅਤੇ ਹੈਂਕੜਬਾਜ਼ ਕਬੀਲਿਆਂ ਨੂੰ ਹੁਣ ਮਹਾਰਾਜਾ ਰਣਜੀਤ ਸਿੰਘ ਦੇ ਹਲੇਮੀ ਰਾਜ ਦੇ ਮਾਹੌਲ ਵਿਚ ਵੀ ਗੁਲਾਮੀ ਦਾ ਅਹਿਸਾਸ ਹੋਣ ਲੱਗਾ ਸੀ, ਕਿਉਂਕਿ ਹੁਣ ਉਹ ਹਿੰਦੁਸਤਾਨ ਦੀ ਸਿਆਸੀ ਅਲੰਬਰਦਾਰੀ ਤੋਂ ਬਾਹਰ ਹੋ ਚੁੱਕੇ ਸਨ ਅਤੇ ਗੈਰ-ਮੁਸਲਿਮ ਕੌਮਾਂ ਉੱਤੇ ਉਨ੍ਹਾਂ ਦਾ ਦਬਦਬਾ ਖਤਮ ਹੋ ਗਿਆ ਸੀ। ਉਹ ਆਪਣੀ ਹਾਰ ਦਾ ਅਸਲ ਕਾਰਨ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਮੰਨਦੇ ਸਨ। ਸਤਲੁਜ ਅਤੇ ਯਮਨਾ ਦਰਿਆਵਾਂ ਦਰਮਿਆਨ ਇਲਾਕਿਆਂ ਨੂੰ ਛੱਡ ਕੇ ਗੰਗਾ ਯਮਨਾ ਦੁਆਬ ਦੇ ਖਿੱਤੇ 'ਚ ਸਾਬਕਾ ਮੁਸਲਿਮ ਸ਼ਾਸਕ ਅਤੇ ਮੁਲਾਣੇ ਆਪਣੀ ਰਾਜ-ਸ਼ਕਤੀ ਖੁੱਸਣ ਦਾ ਦੋਸ਼ ਅੰਗਰੇਜ਼ਾਂ ਦੀ ਬਜਾਏ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਉਪਰ ਮੜ੍ਹਦੇ ਸਨ। ਇਸ ਤਰ੍ਹਾਂ ਦੀ ਮਾਨਸਿਕਤਾ ਦੇ ਮਾਹੌਲ ਤੋਂ ਫਾਇਦਾ ਉਠਾਉਂਦਿਆਂ ਬਰੇਲੀ ਦੇ ਇਕ ਵਿਅਕਤੀ ਮੀਰ ਅਹਿਮਦ ਉਰਫ ਸਈਅਦ ਅਹਿਮਦ ਬਰੇਲਵੀ ਨੇ ਸਿੱਖਾਂ ਖਿਲਾਫ ਜਹਾਦ ਦਾ ਨਾਅਰਾ ਮਾਰਦਿਆਂ ਅਤੇ ਉਨ੍ਹਾਂ ਦਾ ਗੁਆਚਾ ਮਾਣ ਸਨਮਾਨ ਅਤੇ ਰਾਜਨੀਤਕ ਰੁਤਬਾ ਅਤੇ ਦਬਦਬਾ ਦੁਬਾਰਾ ਬਹਾਲ ਕਰਨ ਦਾ ਵਾਅਦਾ ਕਰਦਿਆਂ ਖੁਦ ਨੂੰ ਖੁਦਾ ਦਾ ਪੈਗੰਬਰ ਹੋਣ ਦਾ ਐਲਾਨ ਕਰ ਦਿੱਤਾ ਅਤੇ ਕਈ ਚਮਤਕਾਰੀ ਤਾਕਤਾਂ ਰੱਖਣ ਦਾ ਦਾਅਵਾ ਵੀ ਕਰਨ ਲੱਗਾ।

ਇਸ ਦੇ ਚਲਦਿਆਂ ਉਸ ਨੇ ਇਕ ਨਵਾਂ ਮੁਸਲਿਮ ਵਹਾਬੀ ਮੱਤ ਸਥਾਪਤ ਕੀਤਾ। ਇਕ ਦੋ ਸਾਲਾਂ ਵਿਚ ਹੀ ਯੂਪੀ. ਅਤੇ ਆਸ-ਪਾਸ ਦੇ ਸੈਂਕੜੇ ਰੂੜੀਵਾਦੀ ਮੁਸਲਮਾਨ ਉਸ ਦੇ ਮਗਰ ਲੱਗ ਗਏ ਅਤੇ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਦੋ-ਦੋ ਹੱਥ ਕਰਨ ਲਈ ਹਥਿਆਰ ਅਤੇ ਗੋਲਾ-ਬਾਰੂਦ ਇਕੱਠਾ ਕਰਨ ਲੱਗੇ। ਇਹ ਘਟਨਾ ਸੰਨ 1820-24 ਈ. ਦਰਮਿਆਨ ਦੀ ਹੈ। ਇਸ ਸਮੇਂ ਦੌਰਾਨ ਉਹ ਅਤੇ ਉਸ ਦੇ ਸਾਥੀ ਹੌਲੀ-ਹੌਲੀ ਹਿੰਦੁਸਤਾਨ ਦੇ ਉੱਤਰ-ਪੱਛਮੀ ਅਫ਼ਗਾਨ ਬਹੁਗਿਣਤੀ ਇਲਾਕਿਆਂ ਵਿਚ ਇਕੱਠੇ ਹੁੰਦੇ ਗਏ ਅਤੇ ਉਹ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਜਿਹਾਦ ਦੇ ਨਾਅਰੇ ਥੱਲੇ ਲਾਮਬੰਦ ਕਰਨ ਲੱਗੇ। ਉਸ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਪਿਸ਼ਾਵਰ ਅਤੇ ਉਸ ਦੇ ਆਲੇ-ਦੁਆਲੇ ਦੇ ਹਜ਼ਾਰਾਂ ਮੁਸਲਿਮ ਜਹਾਦੀਆਂ ਨੂੰ ਆਪਣੇ ਨਾਲ ਗੰਢ ਲਿਆ। ਸਵਾਤ, ਬੰਨੂ, ਬਖਲੀ ਅਤੇ ਤੀਰਾ ਦੇ ਦੂਰ ਦਰਾਜ਼ ਇਲਾਕਿਆਂ ਦੇ ਚਾਰ ਬਰਕਜ਼ਈ ਕਬੀਲਿਆਂ ਦੇ ਸਰਦਾਰ ਵੀ ਸ਼ਾਮਲ ਹੋ ਗਏ। ਪਰ ਉਸ ਦੀ ਇਸ ਮੁਹਿੰਮ ਨੂੰ ਪੰਜਾਬ, ਸਿੰਧ, ਕਸ਼ਮੀਰ ਅਤੇ ਦੂਸਰੇ ਇਲਾਕਿਆਂ ਦੀ ਮੁਸਲਿਮ ਜਨਤਾ ਨੇ ਸਾਥ ਨਹੀਂ ਦਿੱਤਾ। ਜਦੋਂ ਉਸ ਦੀਆਂ ਫ਼ੌਜੀ ਗਤੀਵਿਧੀਆਂ ਅਤੇ ਖਰੂਦ ਬਾਬਤ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਭਾਰੀ ਫ਼ੌਜੀ ਕੁਮਕ ਦੇ ਕੇ ਸਿੰਧ ਦਰਿਆ ਵੱਲ ਮੋਰਚਾਬੰਦੀ ਕਰਨ ਲਈ ਰਵਾਨਾ ਕਰ ਦਿੱਤਾ। ਸਰਦਾਰ ਹਰੀ ਸਿੰਘ ਨਲਵੇ ਨੇ ਖ਼ਾਲਸਾ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਇਕ ਨੂੰ ਸਿੰਧ ਦਰਿਆ ਦੇ ਪਾਰ ਸ. ਬੁੱਧ ਸਿੰਘ ਸੰਧਾਵਾਲੀਆ ਦੀ ਕਮਾਨ ਹੇਠ ਤਾਇਨਾਤ ਕੀਤਾ ਅਤੇ ਖੁਦ ਦੂਜੀ ਨਾਲ ਸਿੰਧ ਦਰਿਆ ਦੇ ਆਰ ਵਾਲੇ ਪਾਸੇ ਭਾਰੀ ਤੋਪਖਾਨੇ ਨਾਲ ਤਾਇਨਾਤ ਹੋ ਗਿਆ ਸੀ।

ਸੰਨ 1827 ਈ. ਵਿਚ ਸਈਅਦ ਅਹਿਮਦ ਅਟਕ ਦੇ ਕਿਲ੍ਹੇ ਨੂੰ ਘੇਰਾ ਪਾਉਣ ਖਾਤਿਰ ਆਪਣੇ ਲਾਮ ਲਸ਼ਕਰ ਨਾਲ ਨੌਸ਼ਹਿਰੇ ਵਾਲੇ ਪਾਸਿਓਂ ਅੱਗੇ ਵਧਿਆ। ਉਸ ਦੀਆਂ ਜਹਾਦੀ ਫ਼ੌਜਾਂ ਨੂੰ ਸਰਦਾਰ ਬੁੱਧ ਸਿੰਘ ਸੰਧਾਵਾਲੀਏ ਦੀਆਂ ਫ਼ੌਜਾਂ ਨੇ ਜਦੋਂ ਸੈਦੋ ਨਾਮ ਦੇ ਸਥਾਨ 'ਤੇ ਲਲਕਾਰਿਆ, ਉਦੋਂ ਸੱਯਦ ਦੀਆਂ ਧਾੜਵੀ ਫ਼ੌਜਾਂ ਨੇ ਖ਼ਾਲਸਾ ਫ਼ੌਜਾਂ ਨੂੰ ਘੇਰੇ ਵਿਚ ਲੈ ਕੇ ਚਾਰੇ ਪਾਸਿਓਂ ਹਮਲਾ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਖ਼ਾਲਸਾ ਫ਼ੌਜਾਂ ਦਾ ਭਾਰੀ ਜਾਨੀ ਨੁਕਸਾਨ ਹੋਣ ਲੱਗਾ। ਇਸ ਹਾਲਾਤ ਵਿਚ ਸ. ਬੁੱਧ ਸਿੰਘ ਸੰਧਾਵਾਲੀਆ ਨੇ ਢਾਈ ਫੱਟ ਲੜਾਈ ਕਰਨ ਦਾ ਨਿਸ਼ਚਾ ਕੀਤਾ, ਜਿਸ ਦੇ ਸਿੱਟੇ ਵਜੋਂ ਸਿੱਖਾਂ ਅਤੇ ਸਈਅਦ ਦੇ ਜਹਾਦੀਆਂ ਦਰਮਿਆਨ ਇਕ ਭਿਆਨਕ ਖ਼ੂਨੀ ਭੇੜ ਹੋਇਆ, ਜਿਸ ਵਿਚ ਛੇ ਹਜ਼ਾਰ ਗਾਜ਼ੀ ਮਾਰੇ ਗਏ। ਸੱਯਦ ਅਤੇ ਉਸ ਦੇ ਬਚੇ-ਖੁਚੇ ਸਾਥੀ ਯੁਸਫਜ਼ਈ ਇਲਾਕਿਆਂ ਵੱਲ ਭੱਜ ਗਏ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸੱਯਦ ਹਾਰ ਖਾ ਕੇ ਸੂਰਤ ਵੱਲ ਭੱਜ ਗਿਆ ਸੀ। ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰ ਫਿਰ ਪਿਸ਼ਾਵਰ ਉੱਤੇ ਕਬਜ਼ਾ ਕਰਕੇ ਉਥੋਂ ਦੇ ਗਵਰਨਰ ਯਾਰ ਮੁਹੰਮਦ ਨੂੰ ਤਲਬ ਕਰ ਲਿਆ

ਬਾਕੀ ਸਫ਼ਾ 28 'ਤੇ



# ਸਿੱਖ ਰੈਫਰੈਂਸ ਲਾਇਬਰੇਰੀ ਦਾ ਇਤਿਹਾਸਕ ਖਜ਼ਾਨਾ ਕਿੱਥੇ ?

**ਦਰਸ਼ਨ ਸਿੰਘ**

ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੀ ਗਈ ਸਿੱਖ ਰੈਫਰੈਂਸ ਲਾਇਬਰੇਰੀ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਫ਼ੌਜ ਲਾਇਬਰੇਰੀ 'ਚੋਂ ਕਾਫੀ ਗ੍ਰੰਥ, ਕਿਤਾਬਾਂ ਤੇ ਖਰੜੇ ਲੈ ਗਈ ਸੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਫ਼ੌਜ ਵੱਲੋਂ ਲਿਜਾਇਆ ਗਿਆ ਵਧੇਰੇ ਸਾਹਿਤ ਵਾਪਸ ਨਹੀਂ ਕੀਤਾ ਗਿਆ। ਪੰਜਾਬ ਦੇ ਇਤਿਹਾਸ ਅਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਬਾਰੇ ਕਈ ਪ੍ਰਸਿੱਧ ਕਿਤਾਬਾਂ ਦੇ ਲੇਖਕ ਦਰਸ਼ਨ ਸਿੰਘ ਤਾਤਲਾ ਵੱਲੋਂ ਲੇਖ ਵਿਚ ਇਸ ਮਾਮਲੇ ਦੇ ਵੱਖ ਵੱਖ ਪਹਿਲੂਆਂ ਬਾਰੇ ਚਰਚਾ ਕੀਤੀ ਜਾ ਰਹੀ ਹੈ:

ਸਿੱਖ ਰੈਫਰੈਂਸ ਲਾਇਬਰੇਰੀ ਨਾਲ ਮੇਰੀ ਵਾਕਫੀ ਸੰਨ 1980-81 'ਚ ਪਈ ਜਦੋਂ ਮੈਂ ਲੰਦਨ 'ਚ ਬ੍ਰਿਟਿਸ਼ ਮਿਊਜ਼ੀਅਮ 'ਚੋਂ ਪੰਜਾਬ ਦੇ ਦੋ ਪੁਰਾਣੇ ਨਕਸ਼ੇ ਕਢਵਾ ਕੇ ਲਿਆਇਆ ਅਤੇ ਫਰੇਮ ਕਰਵਾ ਕੇ ਇਥੇ ਦੇਣ ਗਿਆ ਸਾਂ। ਉਦੋਂ ਮੈਂ ਇਸ ਲਾਇਬਰੇਰੀ 'ਚ ਪਏ ਗ੍ਰੰਥਾਂ ਦੇ ਖਰੜੇ ਜਾਂ ਪੁਸਤਕਾਂ ਦੇ ਮਹੱਤਵ ਦਾ ਖਾਸ ਖਿਆਲ ਨਹੀਂ ਸੀ ਕੀਤਾ। ਦੂਜੀ ਵਾਰ ਜਾਣ ਦਾ ਇਤਫਾਕ ਉਦੋਂ ਬਣਿਆ, ਜਦ ਮੇਰੇ ਨਾਲ ਅੰਗਰੇਜ਼ ਇਤਿਹਾਸਕਾਰ ਈਅਨ ਟਾਲਬਟ ਸੀ। ਉਸ ਨੇ ਪੰਜਾਬ ਦੀ ਸੰਨ 1947 ਦੀ ਵੰਡ ਦੀ 50ਵੀਂ ਬਰਸੀ ਸਾਲ-1997 ਲਈ ਖੋਜ ਪ੍ਰਾਜੈਕਟ ਉਲੀਕਿਆ, ਜਿਸ ਦਾ ਮੈਂ ਭਾਈਵਾਲ ਬਣਿਆ ਅਤੇ ਇਸ ਖੋਜ ਦੇ ਸਿਲਸਿਲੇ ਵਿਚ ਅੰਮ੍ਰਿਤਸਰ ਪੁੱਜੇ। ਸੰਨ 1947 ਦੇ ਉਜਾੜੇ ਵਿਚ ਜਿਹੜੇ ਲੋਕ ਅੰਮ੍ਰਿਤਸਰ ਤੋਂ ਲਾਹੌਰ ਅਤੇ ਉਧਰੋਂ ਲਾਹੌਰ ਤੋਂ ਅੰਮ੍ਰਿਤਸਰ ਆ ਵਸੇ ਸਨ, ਉਨ੍ਹਾਂ ਵਿਚੋਂ ਕੁਝ ਨਾਲ ਮੁਲਾਕਾਤਾਂ ਕਰ ਕੇ ਉਜਾੜੇ ਦੀਆਂ ਯਾਦਾਂ ਨੂੰ ਸਾਂਭਣਾ, ਸਾਡਾ ਕੰਮ ਸੀ। ਅਸੀਂ ਅਖਬਾਰ ਅਤੇ ਹੋਰ ਲਿਖਤਾਂ ਨੂੰ ਵਾਚਣ ਲਈ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਖਾਲਸਾ ਕਾਲਜ ਦੀ ਸਿੱਖ ਇਤਿਹਾਸਕ ਲਾਇਬਰੇਰੀ 'ਚ ਪਹੁੰਚੇ। ਸਿੱਖ ਰੈਫਰੈਂਸ ਲਾਇਬਰੇਰੀ ਵਿਚ ਲਾਹੌਰ ਤੋਂ ਛਪਦੇ 'ਸਿਵਲ ਐਂਡ ਮਿਲਟਰੀ ਗਜਟ', 'ਦਿ ਟ੍ਰਿਬਿਊਨ', 'ਉਰਦੂ ਅਕਾਲੀ' ਆਦਿ ਰੋਜ਼ਾਨਾ ਅਖਬਾਰ ਫਾਈਲਾਂ ਵਿਚ ਸਾਂਭੇ ਪਏ ਸਨ। ਸੰਨ 1997 ਤੋਂ 2001 ਦੇ ਚਾਰ ਸਾਲ ਦੌਰਾਨ ਅਸੀਂ ਇਨ੍ਹਾਂ ਦੋਵਾਂ ਲਾਇਬਰੇਰੀਆਂ ਦੇ ਨਾਲ-ਨਾਲ ਮਿਊਂਸਿਪਲ ਕਮੇਟੀ ਦੀ ਲਾਇਬਰੇਰੀ ਤੋਂ ਵੀ ਜਾਣੂ ਹੋ ਗਏ।



ਉਦੋਂ ਤਕ ਸਾਲ 1984 ਦਾ ਘੱਲੂਘਾਰਾ ਵਾਪਰ ਚੁੱਕਾ ਸੀ। ਇਥੇ ਅਸੀਂ ਲਾਇਬਰੇਰੀ ਦੇ ਉਪਰਲੇ ਕਮਰੇ ਵੇਖੇ ਜਿਨ੍ਹਾਂ 'ਚ ਸੜੀਆਂ ਤੇ ਵਿੰਗੀਆਂ ਹੋਈਆਂ ਲੋਹੇ ਦੀਆਂ ਸ਼ੈਲਫਾਂ ਅਜੇ ਵੀ ਪਈਆਂ ਸਨ। ਇਕ ਕਮਰੇ 'ਚ ਰੁਮਾਲਿਆਂ 'ਚ ਢਕੇ ਕੁਝ ਪਵਿੱਤਰ ਗੁਟਕੇ ਅਤੇ ਹੋਰ ਖਰੜੇ ਰੱਖੇ ਜਾ ਰਹੇ ਸਨ। ਉਦੋਂ ਸਾਨੂੰ ਲਾਇਬਰੇਰੀਅਨ ਸਾਹਿਬ ਨੇ ਅੱਗ ਦੌਰਾਨ ਨੁਕਸਾਨ ਬਾਰੇ ਕਾਫੀ ਵਿਸਥਾਰ ਨਾਲ ਦੱਸਿਆ। ਸੁਣ ਕੇ ਹੈਰਾਨੀ ਹੋਈ ਕਿ ਫ਼ੌਜ ਨਾਲ ਲੜਾਈ ਦੌਰਾਨ 2 ਜੂਨ ਤੋਂ 5 ਜੂਨ ਸਵੇਰ ਤਕ ਲਾਇਬਰੇਰੀ ਬਚੀ ਰਹੀ ਸੀ। ਲਾਇਬਰੇਰੀ ਤਾਂ ਲੜਾਈ ਮੁੱਕ ਜਾਣ ਪਿਛੋਂ ਬਦਲੇ ਦੀ ਭਾਵਨਾ ਨਾਲ ਸਾੜੀ ਗਈ, ਜਿਸ ਨਾਲ ਸਾਰੇ ਸ਼ੈਲਫ, ਕੁਰਸੀਆਂ, ਮੇਜ ਆਦਿ ਸੜ ਗਏ। ਉਦੋਂ ਅਸੀਂ ਇਸ ਗੱਲ ਵੱਲ ਧਿਆਨ ਨਾ ਦਿੱਤਾ, ਜਦ ਸਾਨੂੰ ਲਾਇਬਰੇਰੀਅਨ ਨੇ ਇਹ ਕਿਹਾ ਕਿ ਲਾਇਬਰੇਰੀ 'ਚੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਖਰੜੇ ਫ਼ੌਜ ਵਾਲੇ ਬੋਰੀਆਂ ਵਿਚ ਪਾ ਟਰੱਕਾਂ ਰਾਹੀਂ ਬਾਹਰ ਲੈ ਗਏ ਸਨ, ਜਾਣੀ ਬਹੁਤ ਸਾਰਾ ਲਾਇਬਰੇਰੀ ਦਾ ਮਸੌਦਾ ਅੱਗ ਦੀ ਭੇਟ ਨਹੀਂ ਸੀ ਚੜ੍ਹਿਆ। ਮੇਰੀ ਅਗਿਆਨਤਾ ਜਾਂ ਮੂਰਖਤਾ ਹੀ ਸਮਝੋ ਕਿ ਮੈਂ ਇਸ ਬਾਰੇ ਉਦੋਂ ਕੋਈ ਹੋਰ ਸਵਾਲ ਨਾ ਪੁੱਛਿਆ।

ਇਸ ਲਾਇਬਰੇਰੀ ਨਾਲ ਅਗਲਾ ਸਬੰਧ ਉਦੋਂ ਬਣਿਆ, ਜਦੋਂ ਮੈਂ ਗ਼ਦਰ ਲਹਿਰ ਅਤੇ ਕਾਮਾਗਾਟਾ ਮਾਰੂ ਬਾਰੇ ਖੋਜ ਪ੍ਰਾਜੈਕਟ ਅਧੀਨ, ਲੰਦਨ ਦੀ ਬ੍ਰਿਟਿਸ਼ ਲਾਇਬਰੇਰੀ 'ਚੋਂ ਕੁਝ ਸਰਕਾਰੀ ਫਾਈਲਾਂ ਦੀ ਕਾਪੀ ਕਰਾ ਕੇ ਪੰਜਾਬ ਦੀਆਂ ਕੁਝ ਲਾਇਬਰੇਰੀਆਂ ਨੂੰ ਦੇਣ ਇਥੇ ਪੁੱਜਾ। ਇਸੇ ਸਮੇਂ ਕਿਸੇ ਪੁਸਤਕ ਦੇ ਸੰਪਾਦਕ ਨੇ ਇਸ ਲਾਇਬਰੇਰੀ ਦੇ ਹੋਏ ਨੁਕਸਾਨ ਸਬੰਧੀ ਲੇਖ ਲਿਖਣ ਲਈ ਕਿਹਾ ਤਾਂ ਮੈਂ ਗਹਿਰੀ ਪੁੱਛ-ਗਿੱਛ ਸ਼ੁਰੂ ਕੀਤੀ।

ਇਸ ਲਾਇਬਰੇਰੀ ਨੂੰ ਬਣਾਉਣ ਦਾ ਇਤਿਹਾਸ ਪੜ੍ਹਿਆ, ਜੋ ਖ਼ਾਲਸਾ ਕਾਲਜ ਦੇ ਪ੍ਰੋਫੈਸਰਾਂ ਦੀ ਸਿੱਖ ਸਰੋਤਾਂ ਨੂੰ ਸਾਂਭਣ ਦੀ ਇੱਛਾ 'ਚੋਂ ਪੈਦਾ ਹੋਇਆ। ਇਸ ਵਿਚ ਗੰਡਾ ਸਿੰਘ, ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਬਾਵਾ ਪਰੇਮ ਸਿੰਘ, ਗੁਰਮੁਖ ਨਿਹਾਲ ਸਿੰਘ ਤੇ ਹੋਰ ਕਿੰਨੇ ਦਾਨਸ਼ਮੰਦਾਂ ਦੀ ਸੋਚ ਸੀ। ਖਾਸ ਮੌਕਾ ਉਦੋਂ

ਬਾਕੀ ਸਫ਼ਾ 28 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਮਨੁੱਖਤਾ ਦੇ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਿੱਖ ਲਹਿਰ

**ਗੁਰਸ਼ਰਨ ਸਿੰਘ ਕੁਮਾਰ**

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਉਨ੍ਹਾਂ ਦਾ ਪ੍ਰਕਾਸ਼ ਸੰਨ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਪਾਕਿਸਤਾਨ) 'ਚ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਇਸ ਵਰ੍ਹੇ 2019 ਵਿਚ ਉਨ੍ਹਾਂ ਦਾ 550ਵਾਂ ਪ੍ਰਕਾਸ਼ ਉਤਸਵ ਦੁਨੀਆ ਭਰ ਦੇ ਸਾਰੇ ਦੇਸ਼ਾਂ ਵਿਚ ਪੂਰਾ ਸਾਲ ਭਰ ਬੜੇ ਉਤਸ਼ਾਹ, ਹੁਲਾਸ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਅਸੀਂ ਭਾਗਾਂ ਵਾਲੇ ਹੋਵਾਂਗੇ ਜਦੋਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਮਨਾਉਣ ਦਾ ਅਤੇ ਇਸ ਦੇ ਜਲੌਅ ਦੁਨੀਆ ਭਰ ਵਿਚ ਦੇਖਣ ਦਾ ਸੁਭਾਗ ਪ੍ਰਾਪਤ ਹੋਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਸਮਾਜ ਦਾ ਬਹੁਤ ਬੁਰਾ ਹਾਲ ਸੀ। ਸਮਾਜ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਵਿਚ ਵੰਡਿਆ ਹੋਇਆ ਸੀ। ਹਿੰਦੂ ਅਤੇ ਮੁਸਲਮਾਨ ਇਕ ਦੂਸਰੇ ਨੂੰ ਘਟੀਆ ਅਤੇ ਆਪਣੇ ਦੁਸ਼ਮਣ ਸਮਝਦੇ ਸਨ। ਚਾਰੇ ਪਾਸੇ ਕੂੜ ਦਾ ਬੋਲਬਾਲਾ ਸੀ। ਦੁਖੀਆਂ ਦੀ ਬਾਂਹ ਫੜਨ ਵਾਲਾ ਕੋਈ ਰਹਿਨੁਮਾ ਨਹੀਂ ਸੀ ਦਿਸਦਾ। ਜ਼ੁਲਮ ਅਤੇ ਦਹਿਸ਼ਤਗਰਦੀ ਦੇ ਕਾਲੇ ਬੱਦਲ ਛਾਏ ਹੋਏ ਸਨ। ਸਭ ਪਾਸੇ ਅਗਿਆਨ ਦਾ ਹਨੇਰਾ ਸੀ। ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ 'ਤੇ ਆਉਣ 'ਤੇ ਜਿਵੇਂ ਇਕ ਦਮ ਗਿਆਨ ਦਾ ਚਾਨਣ ਹੋ ਗਿਆ। ਇਸੇ ਲਈ ਭਾਈ ਗੁਰਦਾਸ ਜੀ ਲਿਖਦੇ ਹਨ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ॥

ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਫਲਸਫੇ ਨੂੰ ਸ਼ਤ ਪ੍ਰਤੀਸ਼ਤ ਸਮਝਣ ਲਈ ਗੁਰੂ ਨਾਨਕ ਸਾਹਿਬ ਜਿੰਨਾ ਉੱਚਾ ਹੋਣ ਦੀ ਹੀ ਲੋੜ ਹੈ। ਅਸੀਂ ਦੁਨਿਆਵੀ ਲੋਕ ਗੁਰੂ ਸਾਹਿਬ ਦੇ ਪੈਰਾਂ ਦੀ ਧੂੜ ਦੇ ਕਿਣਕਾ ਮਾਤਰ ਵੀ ਨਹੀਂ ਹਾਂ। ਇਸ ਲਈ ਅਲਪ ਬੁੱਧੀ ਅਤੇ ਅਲਪ ਦ੍ਰਿਸ਼ਟੀ ਹੋਣ ਕਾਰਨ ਸਾਨੂੰ ਉਨ੍ਹਾਂ ਦੇ ਜੀਵਨ ਫਲਸਫੇ ਦੇ ਕੁਝ ਨਾਮ ਮਾਤਰ ਪਹਿਲੂਆਂ ਦਾ ਹੀ ਪਤਾ ਚੱਲਦਾ ਹੈ।

ਜੇ ਅਸੀਂ ਇਕ ਯਾਤਰੂ ਦੇ ਤੌਰ 'ਤੇ ਹੀ ਉਨ੍ਹਾਂ ਦੇ ਜੀਵਨ 'ਤੇ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਜਿਹਾ ਮਹਾਨ ਯਾਤਰੂ ਦੁਨੀਆ ਭਰ ਵਿਚ ਕੋਈ ਨਹੀਂ ਦਿਸਦਾ। ਉਨ੍ਹਾਂ ਨੇ ਸੀਮਤ ਸਾਧਨਾਂ ਦੇ ਹੋਣ ਦੇ ਬਾਵਜੂਦ ਪੈਦਲ ਚਾਰ ਦਿਸ਼ਾਵਾਂ ਵੱਲ ਚਾਰ ਵੱਡੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਚਾਰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਆਪ ਜੈਨੀਆਂ, ਬੋਧੀਆਂ, ਹਿੰਦੂਆਂ ਦੇ ਵੱਖ-ਵੱਖ ਤੀਰਥ ਸਥਾਨਾਂ ਅਤੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ 'ਤੇ ਵੀ ਗਏ। ਉਹ ਕੁਰਕਸ਼ੇਤਰ, ਹਰਿਦੁਆਰ, ਮਥੁਰਾ, ਬਨਾਰਸ, ਆਸਾਮ, ਗਯਾ, ਢਾਕਾ, ਜਗਨ ਨਾਥ ਪੁਰੀ, ਲਾਹੌਰ, ਸੰਗਲਾਦੀਪ, ਹੈਦਰਾਬਾਦ, ਗੋਲਕੰਡਾ, ਬਦਰੀਨਾਥ, ਕੈਲਾਸ਼ ਮਾਨਸਰੋਵਰ, ਨੇਪਾਲ, ਸਿੱਕਮ, ਭੂਟਾਨ, ਡੇਰਾ ਗਾਜੀ ਖਾਂ, ਡੇਰਾ ਇਸਮਾਇਲ ਖਾਂ, ਮੱਕਾ, ਮਦੀਨਾ, ਬਗ਼ਦਾਦ, ਬੁਖਾਰਾ, ਹਸਨ ਅਬਦਾਲ ਅਤੇ ਤੁਰਕੀ ਆਦਿ ਸਥਾਨਾਂ 'ਤੇ ਗਏ। ਉੱਥੇ ਆਪ ਨੇ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ, ਸਿੱਧਾਂ ਅਤੇ ਮੁਲਾਂ-ਮੁਲਾਣਿਆਂ ਦੇ ਨਾਲ ਗੋਸ਼ਟੀਆਂ ਕੀਤੀਆਂ। ਆਪ ਜੀ ਨੇ ਸੱਜਣ ਠੱਗ, ਕੌਡੇ ਰਾਖ਼ਸ਼ ਅਤੇ ਮਲਿਕ ਭਾਗੋ ਜਿਹਿਆਂ ਨੂੰ ਸਿੱਧੇ ਰਾਹ ਪਾਇਆ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਪਾਖੰਡਾਂ ਵਿਚੋਂ ਨਿਕਲ ਕੇ ਧਰਮ ਦੇ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿੱਤਾ ਅਤੇ ਭੁੱਲੇ-ਭਟਕੇ ਲੋਕਾਂ ਨੂੰ ਸਹੀ ਰਸਤਾ ਦਿਖਾਇਆ। ਉਹ ਵਹਾਅ ਦਾ ਰੁਖ ਮੋੜਨ ਵਾਲੇ ਸਨ। ਉਨ੍ਹਾਂ ਨੇ ਦੱਬੇ ਕੁਚਲੇ ਲੋਕਾਂ ਦੀ ਬਾਂਹ ਫੜੀ ਅਤੇ ਝੂਠੇ ਅਡੰਬਰਾਂ ਖਿਲਾਫ਼ ਆਵਾਜ਼ ਬੁਲੰਦ ਕੀਤੀ। ਇਸ ਤਰ੍ਹਾਂ ਉਹ ਇਕ ਮਹਾਨ ਯਾਤਰੀ ਅਤੇ ਮਹਾਨ ਧਾਰਮਿਕ ਆਗੂ ਸਨ।

ਜੇ ਇਕ ਗ੍ਰਹਿਸਥੀ ਦੇ ਤੌਰ 'ਤੇ ਜਾਂ ਕਾਮੇ ਦੇ ਤੌਰ 'ਤੇ ਦੇਖੀਏ ਤਾਂ ਉਹ ਧਾਰਮਿਕ ਆਗੂ ਦੇ ਨਾਲ-ਨਾਲ ਪੂਰੇ ਗ੍ਰਹਿਸਥੀ ਅਤੇ ਮਹਾਨ ਕਾਮੇ ਵੀ ਸਨ। ਉਨ੍ਹਾਂ ਨੇ ਗ੍ਰਹਿਸਥ ਧਰਮ ਨਿਭਾਉਂਦਿਆਂ ਹੋਇਆਂ 18 ਸਾਲ ਦੀ ਉਮਰ ਵਿਚ ਬੀਬੀ ਸੁਲੱਖਣੀ ਜੀ ਨਾਲ ਸ਼ਾਦੀ ਕੀਤੀ, ਜਿਸ ਤੋਂ ਉਨ੍ਹਾਂ ਦੇ ਦੋ ਬੇਟੇ ਬਾਬਾ ਲਖਮੀ ਦਾਸ ਅਤੇ ਬਾਬਾ ਸ੍ਰੀ ਚੰਦ ਪੈਦਾ ਹੋਏ। ਦੋਵੇਂ ਬੇਟੇ ਬਹੁਤ ਧਾਰਮਿਕ ਅਤੇ ਤਿਆਗੀ ਸੁਭਾਅ ਦੇ ਸਨ। ਇਕ ਕਿਰਤੀ ਦੇ ਤੌਰ 'ਤੇ ਬਚਪਨ ਵਿਚ ਆਪ ਨੇ ਮੱਝਾਂ ਚਾਰੀਆਂ, ਜੁਆਨੀ ਵਿਚ ਆਪਣੀ ਵੱਡੀ ਭੈਣ ਨਾਨਕੀ ਜੀ ਅਤੇ ਭਣਵੱਈਏ ਜੈ ਰਾਮ ਜੀ ਦੇ ਕਹਿਣ 'ਤੇ ਮੋਦੀਖਾਨੇ ਦੀ ਨੌਕਰੀ ਕੀਤੀ ਅਤੇ ਬੁਢਾਪੇ ਵਿਚ ਕਰਤਾਰਪੁਰ ਵਿਖੇ ਆਪਣੇ ਅੰਤਿਮ 17 ਸਾਲ ਹੱਥੀਂ ਖੇਤੀ ਕੀਤੀ। ਇਸ ਤਰ੍ਹਾਂ ਗ੍ਰਹਿਸਥ ਧਰਮ ਨਿਭਾਉਂਦੇ ਹੋਏ ਉਨ੍ਹਾਂ ਕਦੀ ਕਿਰਤ ਤੋਂ ਵੀ ਮੂੰਹ ਨਹੀਂ ਮੋੜਿਆ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਹੀ ਉਨ੍ਹਾਂ ਦਾ ਸੰਦੇਸ਼ ਸੀ।




ਸ੍ਰੀ ਗੁਰੂ ਨਾਨਕ ਦੇਵ ਜੀ ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਬਹੁਤ ਸ਼ਾਂਤ ਸੁਭਾਅ ਦੇ ਅਤੇ ਮਿੱਠ ਬੋਲੜੇ ਵੀ ਸਨ। ਜੋ ਵੀ ਇਕ ਵਾਰੀ ਆਪ ਜੀ ਦੇ ਦਰਸ਼ਨ ਕਰ ਲੈਂਦਾ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ। ਇਸੇ ਲਈ ਉਹ ਜਿਸ ਵੀ ਦੇਸ਼ ਵਿਚ ਗਏ ਉੱਥੋਂ ਦੇ ਲੋਕਾਂ ਨੇ ਆਪ ਜੀ ਨੂੰ ਆਪਣਾ ਧਾਰਮਿਕ ਗੁਰੂ ਮੰਨਿਆ। ਆਪ ਜੀ ਅਲੱਗ-ਅਲੱਗ ਦੇਸ਼ਾਂ ਵਿਚ ਅਲੱਗ-ਅਲੱਗ ਨਾਵਾਂ ਨਾਲ ਜਾਣੇ ਜਾਂਦੇ ਸਨ, ਜਿਵੇਂ:

ਸਿਰੀ ਲੰਕਾ ਵਿਚ ਨਾਨਕਚਾਰੀਆ,
ਤਿੱਬਤ-ਨਾਨਕ ਲਾਮਾ, ਸਿੱਕਮ ਅਤੇ ਭੂਟਾਨ-ਗੁਰੂ ਰਿੰਪੋਚੀਓ, ਨੇਪਾਲ-ਨਾਨਕ ਰਿਸ਼ੀ, ਬਗ਼ਦਾਦ-ਨਾਨਕ ਪੀਰ, ਮੱਕਾ-ਵਲੀ ਹਿੰਦ, ਮਿਸਰ-ਨਾਨਕ ਵਲੀ, ਰੂਸ-ਨਾਨਕ ਕਦਮਦਾਰ, ਇਰਾਕ-ਬਾਬਾ ਨਾਨਕ,
ਮਜ਼ਹਰ ਸ਼ਰੀਫ਼-ਪੀਰ ਬਲਾਗਦਾਨ ਅਤੇ ਚੀਨ ਵਿਚ ਬਾਬਾ ਫੂਸਾ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਵਿਚ ਦੋ ਹੀ ਧਰਮ ਸਥਾਪਤ ਸਨ-ਹਿੰਦੂ ਅਤੇ ਮੁਸਲਮਾਨ। ਆਪ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਇਹ ਸਿੱਖ ਧਰਮ ਵੱਖ-ਵੱਖ ਗੁਰੂ ਸਾਹਿਬਾਨ ਦੀ ਰਹਿਨੁਮਾਈ ਵਿਚੋਂ ਹੁੰਦਾ ਹੋਇਆ ਜਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜਿਆ ਤਾਂ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰ ਕੇ ਇਸ ਧਰਮ ਨੂੰ ਇਕ ਵੱਖਰੀ ਪਹਿਚਾਨ ਦਿੱਤੀ ਅਤੇ ਸਿੱਖਾਂ ਤੋਂ ਸਿੰਘ ਸਜਾਏ। ਉਨ੍ਹਾਂ ਨੇ ਸਿੱਖਾਂ ਨੂੰ ਸੰਤ ਤੋਂ ਸੰਤ- ਸਿਪਾਹੀ ਬਣਾਇਆ ਤਾਂ ਕਿ ਗ਼ਰੀਬਾਂ ਅਤੇ ਮਜ਼ਲੂਮਾਂ ਦੀ ਜਾਬਰਾਂ ਤੋਂ ਰੱਖਿਆ ਹੋ ਸਕੇ। ਇਸ ਤਰ੍ਹਾਂ ਸਿੱਖਾਂ ਦੀ ਇਕ ਵੱਖਰੀ ਕੌਮ ਹੋਂਦ ਵਿਚ ਆਈ। ਅੱਜ ਜਿੱਥੇ ਵੀ ਸਿੱਖ ਜਾਂਦੇ ਹਨ ਆਪਣੀ ਸਫ਼ਲਤਾ ਦੇ ਝੰਡੇ ਬੁਲੰਦ ਕਰਦੇ ਹਨ।ਦੁਨੀਆ ਭਰ ਦੇ ਦੇਸ਼ਾਂ ਵਿਚ ਸਿੱਖ ਆਪਣੀ ਲਿਆਕਤ ਨਾਲ ਉੱਚੀਆਂ ਪਦਵੀਆਂ 'ਤੇ ਬਿਰਾਜਮਾਨ ਹਨ ਅਤੇ ਆਪਣੀ ਕੌਮ ਦਾ ਸਿਰ ਉੱਚਾ ਕਰ ਕੇ ਛਾਏ ਹੋਏ ਹਨ।

ਗੁਰੂ ਨਾਨਕ ਦੇਵ ਜੀ ਇਕ ਮਹਾਨ ਸਾਹਿਤਕਾਰ ਵੀ ਸਨ। ਉਹ ਪੰਜਾਬੀ, ਸੰਸਕ੍ਰਿਤ ਅਤੇ ਪਾਰਸੀ ਭਾਸ਼ਾ ਦੇ ਮਾਹਿਰ ਸਨ। ਉਨ੍ਹਾਂ ਨੇ 19 ਰਾਗਾਂ ਵਿਚ (974 ਸ਼ਬਦ) ਬੜੀ ਸਰਲ ਭਾਸ਼ਾ ਵਿਚ ਬਾਣੀ ਉਚਾਰਨ ਕੀਤੀ। ਆਪ ਜੀ ਦੀਆਂ ਬਾਣੀਆਂ ਜਪੁ ਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸ਼ਟਿ, ਪਹਿਰੇ, ਦੱਖਣੀ ਓਅੰਕਾਰ ਅਤੇ ਬਾਰਹ ਮਾਹ ਤੁਖਾਰੀ ਆਦਿ ਹਨ। ਉਨ੍ਹਾਂ ਨੇ ਆਪਣੀ ਬਾਣੀ ਦੇ ਨਾਲ-ਨਾਲ ਆਪਣੇ ਤੋਂ ਪਹਿਲਾਂ ਹੋ ਚੁੱਕੇ ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਵੀ ਸੰਭਾਲਿਆ।ਇਹ ਸਾਰੀ ਹੀ ਬਾਣੀ ਵੱਖ-ਵੱਖ ਗੁਰੂ ਸਾਹਿਬਾਨ ਦੇ ਹੱਥੋਂ ਹੁੰਦੀ ਹੋਈ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ। ਉਨ੍ਹਾਂ ਨੇ ਸਾਰੀ ਬਾਣੀ (ਆਪਣੇ ਤੋਂ ਪਹਿਲਾਂ ਹੋ ਚੁੱਕੇ ਗੁਰੂ ਸਾਹਿਬਾਨ ਦੀ ਅਤੇ ਭਗਤਾਂ ਦੀ ਬਾਣੀ) ਦੀ ਚੰਗੀ ਤਰ੍ਹਾਂ ਪਰਖ ਕਰ ਕੇ, ਨਾਲ ਆਪਣੀ ਬਾਣੀ ਸ਼ਾਮਲ ਕਰ ਕੇ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ ਜੀ ਸਾਹਿਬ' ਸਿੱਖ ਧਰਮ ਦੀ ਮੁੱਢਲੀ ਬਾਣੀ ਹੈ, ਜਿਸ ਦਾ ਪਾਠ ਹਰ ਸਿੱਖ ਘਰ ਵਿਚ ਰੋਜ਼ਾਨਾ ਹੁੰਦਾ ਹੈ। 'ਜਪੁ ਜੀ ਸਾਹਿਬ' ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਲਿਖੇ ਜਾਣ ਦਾ ਵੀ ਸੁਭਾਗ ਪ੍ਰਾਪਤ ਹੈ।

ਗੁਰੂ ਨਾਨਕ ਦੇਵ ਜੀ ਇਕ ਧਰਮ ਨਿਰਪੱਖ ਆਗੂ ਵੀ ਸਨ। ਉਹ ਹਿੰਦੂ ਜਾਂ ਮੁਸਲਮਾਨ ਵਿਚ ਕੋਈ ਫ਼ਰਕ ਨਹੀਂ ਸਨ ਸਮਝਦੇ। ਜੇ ਉਹ ਆਪਣੇ ਪ੍ਰਚਾਰ ਲਈ ਹਿੰਦੂਆਂ ਦੇ ਮੰਦਰਾਂ ਅਤੇ ਤੀਰਥਾਂ 'ਤੇ ਗਏ ਤਾਂ ਉਹ ਮੁਸਲਮਾਨਾਂ ਦੇ ਤੀਰਥ ਸਥਾਨਾਂ 'ਤੇ ਵੀ ਗਏ। ਆਪ 22 ਸਤੰਬਰ 1539 ਈਸਵੀ ਨੂੰ ਕਰਤਾਰਪੁਰ ਵਿਖੇ ਜੋਤੀ-ਜੋਤਿ ਸਮਾਏ। ਆਪ ਜੀ ਦੇ ਜੋਤੀ-ਜੋਤਿ ਸਮਾਉਣ 'ਤੇ ਹਿੰਦੂਆਂ 'ਤੇ ਮੁਸਲਮਾਨਾਂ ਵਿਚ ਝਗੜਾ ਹੋ ਗਿਆ। ਹਿੰਦੂ ਆਖਣ ਇਹ ਸਾਡੇ ਗੁਰੂ ਹਨ ਇਸ ਲਈ ਅਸੀਂ ਇਨ੍ਹਾਂ ਦੇ ਮ੍ਰਿਤਕ ਸਰੀਰ ਦਾ ਸੰਸਕਾਰ ਕਰਾਂਗੇ ਅਤੇ ਮੁਸਲਮਾਨ ਆਖਣ ਕਿ ਇਹ ਸਾਡੇ ਪੀਰ ਹਨ ਇਸ ਲਈ ਅਸੀਂ ਇਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਆਪਣੀ ਮਰਿਆਦਾ ਅਨੁਸਾਰ ਦਫ਼ਨਾਵਾਂਗੇ। ਉਨ੍ਹਾਂ ਦੀ ਯਾਦ ਵਿਚ ਕਰਤਾਰਪੁਰ ਵਿਖੇ ਗੁਰਦੁਆਰਾ ਅਤੇ ਕਬਰ ਨਾਲ-ਨਾਲ ਹੀ ਬਣੇ ਹੋਏ ਹਨ। ਗੁਰ ਨਾਨਕ ਦੇਵ ਜੀ ਨੇ ਸਾਰੀ ਉਮਰ ਭਾਈ ਮਰਦਾਨੇ ਨੂੰ, ਜੋ ਕਿ ਇਕ ਮੁਸਲਮਾਨ ਸੀ, ਆਪਣੇ ਨਾਲ ਰੱਖਿਆ। ਆਪ ਜੀ ਜਦ ਵੀ ਬਾਣੀ ਰਚਦੇ ਸਨ, ਤਾਂ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਹਿੰਦੇ ਸਨ। ਭਾਈ ਮਰਦਾਨਾ ਜੀ ਨੇ ਆਪਣੇ ਅੰਤਿਮ ਸਵਾਸ ਵੀ ਗੁਰੂ ਨਾਨਕ ਦੇਵ ਜੀ ਦੀ ਗੋਦ ਵਿਚ ਹੀ ਲਏ। ਅੱਜ ਵੀ ਭਾਈ ਮਰਦਾਨਾ ਜੀ ਦੇ ਵੰਸ਼ਜ ਪੀੜ੍ਹੀ-ਦਰ-ਪੀੜ੍ਹੀ ਪਾਕਿਸਤਾਨ ਵਿਚ ਸੁੱਖੀ ਜੀਵਨ ਬਿਤਾ ਰਹੇ ਹਨ ਅਤੇ ਨਿਰੋਲ ਕੀਰਤਨ ਦੁਆਰਾ ਬਾਣੀ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਰਹਿੰਦੀ ਦੁਨੀਆ ਤਕ ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਲਿਆ ਜਾਵੇਗਾ।

ਗੁਰੂ ਨਾਨਕ ਦੇਵ ਜੀ ਇਕ ਸਮਾਜਵਾਦੀ ਅਤੇ ਮਹਾਨ ਕ੍ਰਾਂਤੀਕਾਰੀ ਆਗੂ ਵੀ ਸਨ। ਆਪ ਜੀ ਦਾ ਇਹ ਸੁਭਾਅ ਬਚਪਨ ਤੋਂ ਹੀ ਪ੍ਰਗਟ ਹੋ ਗਿਆ ਸੀ, ਜਦ 11 ਸਾਲ ਦੀ ਉਮਰ ਵਿਚ ਆਪ ਜੀ ਨੇ ਪੰਡਿਤ ਤੋਂ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਆਪ ਜੀ ਨੇ ਸੱਚ ਅਤੇ ਧਰਮ ਦੀ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਨੇਕੀ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਆਪ ਨਿੱਡਰ ਸੁਭਾਅ ਦੇ ਵੀ ਸਨ। ਸੱਚੀ ਗੱਲ ਕਹਿਣ ਲੱਗਿਆਂ ਆਪ ਕਿਸੇ ਤੋਂ ਵੀ ਨਹੀਂ ਸਨ ਡਰਦੇ। ਆਪ ਜੀ ਨੇ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਨਿਚੋੜ ਕੇ ਉਸ ਨੂੰ ਗ਼ਰੀਬਾਂ 'ਤੇ ਜ਼ੁਲਮ ਕਰਨ ਤੋਂ ਵਰਜਿਆ। ਆਪ ਮੁਸਲਮਾਨਾਂ ਦੇ ਪਵਿੱਤਰ ਸਥਾਨ ਮੱਕੇ- ਮਦੀਨੇ ਵੀ ਗਏ। ਉਨ੍ਹਾਂ ਦੱਸਿਆ ਕਿ ਪ੍ਰਮਾਤਮਾ ਸਭ ਥਾਂ ਮੌਜੂਦ ਹੈ। ਆਪ ਸੁਮੇਰ ਪਰਬਤ 'ਤੇ ਗਏ ਅਤੇ ਜੋਗੀਆਂ ਨੂੰ ਦੱਸਿਆ ਕਿ ਜੇ ਧਾਰਮਿਕ ਲੋਕ ਹੀ ਦੁਨੀਆਂਦਾਰੀ ਨੂੰ ਛੱਡ ਕੇ ਪਰਬਤਾਂ 'ਤੇ ਜਾ ਬੈਠਣਗੇ ਤਾਂ ਗ਼ਰੀਬਾਂ ਅਤੇ ਬੇਸਹਾਰਿਆਂ ਦੀ ਬਾਂਹ ਕੌਣ ਫੜੇਗਾ ? ਇਸ ਤਰ੍ਹਾਂ ਆਪ ਜੀ ਨੇ ਹਰਿਦੁਆਰ ਜਾ ਕੇ ਪੱਛਮ ਵੱਲ ਪਾਣੀ ਦੇ ਕੇ ਪੰਡਿਤਾਂ ਨੂੰ ਸਮਝਾਇਆ ਕਿ ਜੇ ਮੇਰਾ ਪਾਣੀ ਕੁਝ ਮੀਲਾਂ ਦੀ ਦੂਰੀ 'ਤੇ ਮੇਰੇ ਖੇਤਾਂ ਨੂੰ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਲੱਖਾਂ ਮੀਲ ਦੀ ਦੂਰੀ 'ਤੇ ਸੂਰਜ ਕੋਲ ਕਿਵੇਂ ਪਹੁੰਚ ਸਕਦਾ ਹੈ ? ਇਸ ਲਈ ਝੂਠੇ ਆਡੰਬਰ ਛੱਡੋ। ਆਪ ਨੇ ਬਾਹਰਲੇ ਧਾੜਵੀ ਰਾਜਾ ਬਾਬਰ ਨੂੰ ਵੀ ਜਾਬਰ ਕਹਿਣ ਦਾ ਹੌਂਸਲਾ ਕੀਤਾ ਅਤੇ ਰੱਬ ਨੂੰ ਵੀ ਮਿੱਠਾ ਉਲਾਂਭਾ ਦਿੱਤਾ:

ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨਾ ਆਇਆ॥ (ਅੰਗ 360)

ਭਾਰਤ ਵਿਚ ਸਦੀਆਂ ਤੋਂ ਔਰਤ ਦੀ ਹਾਲਤ ਬਹੁਤ ਤਰਸਯੋਗ ਸੀ। ਉਸ ਨੂੰ ਪੈਰ ਦੀ ਜੁੱਤੀ ਅਤੇ ਕੇਵਲ ਭੋਗ ਦੀ ਵਸਤੂ ਹੀ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਇਸ ਦੁਰਦਸ਼ਾ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਉਸ ਨੂੰ ਸਮਾਜ ਵਿਚ ਮਰਦਾਂ ਦੇ ਬਰਾਬਰ ਦਰਜਾ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਔਰਤ ਨੂੰ ਮਰਦ ਤੋਂ ਮਾੜਾ ਜਾਂ ਨੀਵਾਂ ਨਹੀਂ ਸਮਝਣਾ ਚਾਹੀਦਾ ਕਿਉਂਕਿ ਰਾਜੇ-ਮਹਾਰਾਜਿਆਂ ਅਤੇ ਪੀਰ-ਪੈਗੰਬਰਾਂ ਨੂੰ ਜਨਮ ਦੇਣ ਵਾਲੀ ਔਰਤ ਹੀ ਹੈ। ਇਸ ਲਈ ਉਹ ਕਿਸੇ ਗੱਲੋਂ ਘਟੀਆ ਨਹੀਂ ਸਗੋਂ ਮਹਾਨ ਹੈ। ਔਰਤ ਦੇ ਹੱਕ 'ਚ ਆਵਾਜ਼ ਉਠਾਉਂਦੇ ਹੋਏ ਆਪ ਜੀ ਨੇ ਫ਼ੁਰਮਾਇਆ :

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ (ਅੰਗ 473)

ਗੁਰੂ ਜੀ ਨੇ ਪੁਰਾਣੀਆਂ ਗ਼ਲਤ ਪਰੰਪਰਾਵਾਂ ਨੂੰ ਵੰਗਾਰਿਆ ਅਤੇ ਨਵੀਆਂ ਪੈੜਾਂ ਪਾਈਆਂ। ਮਹਾਂਭਾਰਤ ਅਤੇ ਰਾਮਾਇਣ ਦੇ ਪਾਠ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਦੇ ਰਾਜੇ-ਮਹਾਰਾਜੇ ਆਪਣੇ ਪੁੱਤਰ-ਮੋਹ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਉਨ੍ਹਾਂ ਸਾਹਮਣੇ ਇਹ ਹੀ ਆਸ਼ਾ ਸੀ ਕਿ ਮੇਰੇ ਤੋਂ ਬਾਅਦ ਮੇਰੀ ਰਾਜਗੱਦੀ ਮੇਰੇ ਪੁੱਤਰ ਨੂੰ ਹੀ ਮਿਲੇ। ਇਸ ਲਈ ਭਾਵੇਂ ਜਿੰਨੀਆਂ ਮਰਜ਼ੀ ਕੀਮਤੀ ਜਾਨਾਂ ਕਿਉਂ ਨਾ ਚਲੀਆਂ ਜਾਣ। ਇਹ ਹੀ ਪੁੱਤਰ-ਮੋਹ ਭਾਰਤ ਵਿਚ ਅੱਜ ਵੀ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ। ਹਰ ਰਾਜ ਨੇਤਾ ਇਹ ਹੀ ਚਾਹੁੰਦਾ ਹੈ ਕਿ ਮੇਰੇ ਤੋਂ ਬਾਅਦ ਮੇਰੀ ਕੁਰਸੀ ਮੇਰੇ ਪੁੱਤਰ ਨੂੰ ਹੀ ਮਿਲੇ। ਇਸ ਲਈ ਲਿਆਕਤ ਅਤੇ ਯੋਗਤਾ ਨੂੰ ਪੂਰੀ ਤਰ੍ਹਾਂ ਨਕਾਰਿਆ ਜਾਂਦਾ ਹੈ। ਪਰ ਗੁਰੂ ਨਾਨਕ ਦੇਵ ਜੀ ਇਸ ਮੋਹ ਮਾਇਆ ਤੋਂ ਬਿਲਕੁਲ ਨਿਰਲੇਪ ਸਨ। ਉਨ੍ਹਾਂ ਨੇ ਪੁੱਤਰ-ਮੋਹ ਤੋਂ ਉੱਪਰ ਉੱਠ ਕੇ ਯੋਗਤਾ ਨੂੰ ਪਹਿਲ ਦਿੱਤੀ ਅਤੇ ਆਪਣੀ ਗੁਰਿਆਈ ਗੱਦੀ ਆਪਣੇ ਦੋਹਾਂ ਪੁੱਤਰਾਂ ਵਿਚੋਂ ਕਿਸੇ ਨੂੰ ਵੀ ਨਹੀਂ ਦਿੱਤੀ, ਸਗੋਂ ਭਾਈ ਲਹਿਣਾ ਜੀ ਨੂੰ ਆਪਣੇ ਜਿਉਂਦੇ ਜੀਅ ਗੁਰ-ਗੱਦੀ ਦੇ ਕੇ ਇਕ ਨਵੀਂ ਪਿਰਤ ਪਾਈ। ਲਹਿਣਾ ਜੀ ਨਾਲ ਉਨ੍ਹਾਂ ਦਾ ਕੋਈ ਦੁਨਿਆਵੀ ਰਿਸ਼ਤਾ ਨਹੀਂ ਸੀ। ਗੁਰੂ ਜੀ ਜਾਣਦੇ ਸਨ ਕਿ ਉਨ੍ਹਾਂ ਦੇ ਸੇਵਕ ਲਹਿਣਾ ਜੀ ਇਸ ਬਹੁਤ ਵੱਡੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਸਭ ਤੋਂ ਯੋਗ ਹਨ। ਭਾਈ ਲਹਿਣਾ ਜੀ ਵੀ ਗੁਰੂ ਆਸ਼ੇ ਦੇ ਪੂਰੀ ਤਰ੍ਹਾਂ ਯੋਗ ਨਿਕਲੇ ਅਤੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ। ਇਸ ਆਸ਼ੇ ਨੂੰ ਪੂਰਨ ਕਰਨ ਲਈ ਆਪ ਜੀ ਨੇ ਕਈ ਮਹਾਨ ਕਾਰਜ ਕੀਤੇ। ਇਸੇ ਲਈ ਆਪ ਲਹਿਣਾ ਤੋਂ ਗੁਰ ਅੰਗਦ, ਭਾਵ ਗੁਰੂ ਦੇ ਅੰਗ ਤੋਂ ਪੈਦਾ ਹੋਏ, ਬਣ ਕੇ ਵਿਚਰੇ। ਇਸ ਤੋਂ ਬਾਅਦ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਿਸ਼ਨ ਨੂੰ ਅੱਗੇ ਤੋਰਿਆ।

ਗੁਰੂ ਸਾਹਿਬ ਇਕ ਮਹਾਨ ਦਾਨੀ ਵੀ ਸਨ। 34 ਸਾਲ ਦੀ ਉਮਰ ਵਿਚ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ ਆਪ ਜੀ ਨੂੰ 20 ਰੁਪਏ ਦੇ ਕੇ ਸੱਚਾ ਸੌਦਾ ਕਰਨ ਲਈ ਭੇਜਿਆ ਤਾਂ ਕਿ ਵੱਡੇ ਹੋ ਕੇ ਆਪ ਇਕ ਕਾਮਯਾਬ ਵਪਾਰੀ ਬਣ ਸਕਣ। ਰਸਤੇ ਵਿਚ ਆਪ ਨੇ ਕੁਝ ਸਾਧੂਆਂ ਨੂੰ ਦੇਖਿਆ ਜੋ ਕਈ ਦਿਨਾਂ ਤੋਂ ਭੁੱਖੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵੀਹ ਰੁਪਏ ਦੀ ਰਸਦ ਖ਼ਰੀਦ ਕੇ ਉਸ ਦਾ ਭੋਜਨ ਤਿਆਰ ਕਰ ਕੇ ਭੁੱਖੇ ਸਾਧੂਆਂ ਨੂੰ ਖੁਆ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਸਾਰੀ ਰਾਸ ਪੂੰਜੀ ਦਾਨ ਕਰ ਦਿੱਤੀ ਅਤੇ ਸਿੱਖ ਧਰਮ ਵਿਚ ਲੰਗਰ ਦੀ ਰਸਮ ਚਲਾਈ, ਜੋ ਅੱਜ ਦੁਨੀਆ ਭਰ ਵਿਚ ਫੈਲ ਕੇ ਆਪਣੀ ਖ਼ੁਸ਼ਬੂ ਫੈਲਾਅ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀਹ ਰੁਪਏ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਕਰਾ ਕੇ ਸਿੱਖ-ਮੱਤ ਵਿਚ ਜਿਹੜੀ ਲੰਗਰ ਦੀ ਸੇਵਾ ਸ਼ੁਰੂ ਕੀਤੀ ਸੀ, ਉਹ ਅੱਜ ਇਕ ਮਜ਼ਬੂਤ ਫ਼ਲਦਾਰ ਰੁੱਖ ਬਣ ਕੇ ਉਭਰੀ ਹੋਈ ਹੈ। ਦੁਨੀਆ ਭਰ ਵਿਚ ਸਿੱਖ ਨਿਰਸੁਆਰਥ ਹੋ ਕੇ ਬਿਨਾ ਕਿਸੇ ਭੇਦ-ਭਾਵ ਦੇ ਥਾਂ-ਥਾਂ ਲੰਗਰ ਲਾ ਰਹੇ ਹਨ, ਤਾਂ ਕਿ ਕੋਈ ਮਨੁੱਖ ਭੁੱਖ ਨਾਲ ਨਾ ਮਰੇ ਕਿਉਂਕਿ ਭੋਜਨ ਹਰ ਪ੍ਰਾਣੀ ਦੀ ਮੁਢਲੀ ਜ਼ਰੂਰਤ ਹੈ। ਇਸ ਸਮੇਂ ਦੁਨੀਆ ਵਿਚ ਸਿੱਖਾਂ ਦੀ ਆਬਾਦੀ ਕੇਵਲ ਢਾਈ ਕਰੋੜ ਹੈ ਪਰ ਉਹ ਰੋਜ਼ਾਨਾ ਪੰਜ ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਕਰਾ ਕੇ ਸੌਂਦੇ ਹਨ। ਇਕੱਲੇ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਲੰਗਰ ਵਿਚ ਹੀ ਰੋਜ਼ਾਨਾ ਇਕ ਲੱਖ ਤੋਂ ਵੱਧ ਲੋਕ ਬਿਨਾ ਕਿਸੇ ਭੇਦ-ਭਾਵ ਤੋਂ ਮੁਫ਼ਤ ਭੋਜਨ ਕਰਦੇ ਹਨ। ਇਸ ਨੂੰ ਦੁਨੀਆ ਦੀ ਸਭ ਤੋਂ ਵੱਡੀ ਰਸੋਈ ਵੀ ਕਿਹਾ ਜਾਂਦਾ ਹੈ। ਸੇਵਾ ਦਾ ਇਹ ਮਹਾਨ ਕਾਰਜ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਬਾਖੂਬੀ ਅੱਗੇ ਤੋਰਿਆ।ਸਿੱਖਾਂ ਦੇ ਅੱਠਵੇਂ ਗੁਰੂ, ਗੁਰੂ ਹਰਕ੍ਰਿਸ਼ਨ ਜੀ ਹਾਲੇ ਬਾਲ ਅਵਸਥਾ ਵਿਚ ਹੀ ਸਨ ਕਿ ਦਿੱਲੀ ਵਿਚ ਚੇਚਕ ਦਾ ਰੋਗ ਫੈਲ ਗਿਆ, ਜੋ ਇਕ ਛੂਤ ਦਾ ਰੋਗ ਹੈ। ਚੇਚਕ ਦੇ ਰੋਗੀ ਕੋਲ ਉਸ ਦੇ ਘਰਵਾਲੇ ਵੀ ਜਾਣ ਤੋਂ ਕਤਰਾਉਂਦੇ ਹਨ, ਤਾਂ ਕਿ ਕਿਧਰੇ ਉਨ੍ਹਾਂ ਨੂੰ ਵੀ ਇਹ ਰੋਗ ਨਾ ਲੱਗ ਜਾਏ, ਪਰ ਛੋਟੀ ਜਿਹੀ ਉਮਰ ਹੁੰਦਿਆਂ ਹੋਇਆਂ ਵੀ ਗੁਰੂ ਜੀ ਨੇ ਇਨ੍ਹਾਂ ਰੋਗੀਆਂ ਦੇ ਘਰ-ਘਰ ਜਾ ਕੇ ਉਨ੍ਹਾਂ ਦੀ ਹੱਥੀਂ ਸੇਵਾ ਕੀਤੀ ਅਤੇ ਉਨ੍ਹਾਂ ਦੇ ਦਵਾ-ਦਾਰੂ ਅਤੇ ਭੋਜਨ ਦਾ ਵੀ ਪ੍ਰਬੰਧ ਕੀਤਾ। ਇਸ ਸੇਵਾ ਦੇ ਕਾਰਨ ਹੀ ਉਨ੍ਹਾਂ ਨੂੰ ਚੇਚਕ ਦਾ ਰੋਗ ਹੋ ਗਿਆ ਅਤੇ ਉਨ੍ਹਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ

ਬਾਕੀ ਸਫ਼ਾ 28 'ਤੇ



# ਪਾਠਕਾਂ ਦਾ ਨਜ਼ਰੀਆ

## ਧੰਨ ਗੁਰੂ ਦੇ ਦਿੱਲੀ ਵਾਲੇ ਸਿੱਖ

ਪੁਲੀਸ ਵਾਲੇ ਕਿਵੇਂ ਇਕ ਨਾਗਰਿਕ ਕੋਲੋਂ ਰਿਸ਼ਵਤ ਮੰਗ ਸਕਦੇ ਹਨ। ਜੇ ਨਹੀਂ ਦੇਂਦਾ ਤਾਂ ਤਸ਼ੱਦਦ ਕੀਤਾ ਜਾਂਦਾ ਹੈ। ਤੁਹਾਨੂੰ ਕਿਸ ਨੇ ਰਿਸ਼ਵਤ ਮੰਗਣ ਦਾ ਅਧਿਕਾਰ ਦਿੱਤਾ ਤੇ ਕਿਹੜੀ ਕਾਨੂੰਨ ਦੀ ਕਿਤਾਬ ਵਿਚ ਵਰਦੀ ਪਾ ਕੇ ਗੈਂਗਸਟਰ ਬਣਨ ਦੀ ਮਾਨਤਾ ਦਿੱਤੀ ਹੈ। ਇਹ ਅਧਿਕਾਰ ਕਿਸ ਨੇ ਦਿੱਤਾ ਕਿ ਤੁਸੀਂ ਦੇਸ਼ ਦੇ ਅਜ਼ਾਦ ਨਾਗਰਿਕ ਨੂੰ ਮਰੇ ਪਸ਼ੂਆਂ ਵਾਂਗ ਘਸੀਟੋ। ਉਸ ਦੀ ਦਸਤਾਰ ਉਤਾਰੋ, ਕੇਸ ਪੁੱਟੋ, ਗੁਲਾਮ ਹੋਣ ਦਾ ਅਹਿਸਾਸ ਕਰਵਾਉ। ਸਿਰ ਵਿਚ ਠੁੱਡੇ ਮਾਰੋ ਤੇ ਵਰਦੀ ਵਿਚ ਇਸਲਾਮਕ ਸਟੇਟ ਦੇ ਅੱਤਵਾਦੀਆਂ ਵਾਂਗ ਵਿਹਾਰ ਕਰੋ। ਇਹ ਚੰਗੀ ਗੱਲ ਹੈ ਕਿ ਕੋਰਟ ਨੇ ਨੋਟਿਸ ਲੈ ਕੇ ਪੁਲੀਸ ਦੀ ਇਸ ਘਟਨਾ ਬਾਰੇ ਜਵਾਬ ਤਲਬੀ ਕਰ ਲਈ ਹੈ। ਪਰ ਦਿੱਲੀ ਗੁਰਦੁਆਰਾ ਕਮੇਟੀ ਤੇ ਬਾਦਲ ਦਲ ਇਸ ਮੋਰਚੇ ਵਿਚ ਪਿੱਠ ਦਿਖਾ ਕੇ ਭੱਜਿਆ ਹੈ। ਇਥੋਂ ਤਕ ਪੁਲੀਸ ਉਪਰ 295 ਏ ਦੀ ਧਾਰਾ ਬਨਦੀ ਸੀ ਪਰ ਉਹ ਨਹੀਂ ਲੱਗੀ। ਬੱਚੇ ਉਪਰ ਪਿਸਤੌਲ ਤਾਨਣ ਦੀ ਧਾਰਾ ਨਹੀਂ ਲੱਗੀ। ਪਰ ਦਿੱਲੀ ਦੀ ਸੰਗਤ ਵਧਾਈ ਦੀ ਪਾਤਰ ਹੈ ਜੋ ਇਨਸਾਫ ਲਈ ਏਨਾ ਵੱਡਾ ਮੋਰਚਾ ਬਿਨਾ ਲੀਡਰਾਂ ਦੇ ਲਗਾ ਸਕਦੀ ਹੈ। ਪਰ ਸੁਆਲ ਇਹ ਹੈ ਜੇ ਪੁਲੀਸ ਨੂੰ ਕਾਨੂੰਨ ਦੇ ਬਾਹਰ ਜਾ ਕੇ ਗੁੰਡਾਗਰਦੀ ਦਾ ਸ਼ੌਕ ਪੈ ਗਿਆ, ਆਦਤ ਪੈ ਗਈ ਤਾਂ ਇਹ ਸਿਰਫ ਸਿੱਖਾਂ ਲਈ ਨਹੀਂ, ਸਗੋਂ ਸਾਧਾਰਨ ਨਾਗਰਿਕਾਂ ਦੀ ਅਜ਼ਾਦੀ ਨੂੰ ਵੀ ਖਤਰਾ ਹੋਵੇਗਾ। ਪੁਲੀਸ ਦਾ ਫਿਰਕੂ ਸੁਭਾਅ ਬਣਨ ਦੇਣਾ ਵੀ ਖਤਰਨਾਕ ਹੋਵੇਗਾ। ਨਾਗਰਿਕ ਦੀ ਸੁਰੱਖਿਆ ਤੇ ਅਜ਼ਾਦੀ ਬਹਾਲ ਹੋਣੀ ਚਾਹੀਦੀ ਹੈ। ਦਿੱਲੀ ਦੀ ਘਟਨਾ ਤੋਂ ਬਾਬਾ ਸਾਹਿਬ ਅੰਬੇਡਕਰ ਜੀ ਦੇ ਬੋਲ ਚੇਤੇ ਆ ਗਏ ਕਿ ਸਿੱਖ ਬਹੁਤ ਬਹਾਦਰ ਕੌਮ ਹੈ। ਇਸ ਵਿਚ ਸਾਥੀ ਭਾਵਨਾ ਮੌਜੂਦ ਹੈ। ਜੇ ਇਕ ਸਿੱਖ ਉਪਰ ਮੁਸ਼ਕਲ ਬਨਦੀ ਹੈ, ਭੀੜਾ ਬਨਦੀ ਹੈ ਤਾਂ ਸਾਰੇ ਸਿੱਖ ਉਸ ਮਗਰ ਖੜ੍ਹ ਜਾਂਦੇ ਹਨ। ਇਹੀ ਇਹਨਾਂ ਦੀ ਸਵਾ ਲੱਖ ਨਾਲ ਲੜਨ ਦੀ ਤਾਕਤ ਹੈ। ਪਰ ਇਹ ਜਜ਼ਬਾ ਹਿੰਦੂਆਂ ਵਿਚ ਨਹੀਂ ਹੈ। ਇਹ ਜਾਤਾਂ ਵਿਚ ਵੰਡੇ ਹਨ। ਬਾਬਾ ਸਾਹਿਬ ਦੇ ਇਹ ਵਚਨ ਅੱਜ ਸੱਚ ਨਿਕਲੇ। ਇਸ ਤੋਂ ਪਹਿਲਾਂ ਮੁਕਤਸਰ ਦੀ ਘਟਨਾ ਹੈ। ਰੁਪਿੰਦਰ ਸਿੰਘ ਤੇ ਖਾਲਸਾ ਫੌਜ ਦਲਿਤ ਪੀੜਤਾਂ ਨੂੰ ਇਨਸਾਫ ਦਿਵਾਉਣ ਵਿਚ ਇਤਿਹਾਸ ਸਿਰਜ ਗਈ। ਜਿਹੜੀ ਗੱਲ ਬਾਬਾ ਸਾਬ੍ਹ ਭੁੱਲ ਗਏ, ਅਸੀਂ ਭੁੱਲ ਗਏ, ਉਹ ਇਹ ਹੈ ਕਿ ਸਿੱਖ ਸ਼ੇਰਾਂ ਦੀ ਕੌਮ ਪਰ ਸਾਡੇ ਲੀਡਰ ਗਧੇ। ਇਸ ਕਮਜੋਰੀ ਦਾ ਖਾਲਸਾ ਜੀ ਸਾਨੂੰ ਇਲਾਜ ਕਰਨਾ ਹੀ ਪੈਣਾ ਹੈ। ਸਾਨੂੰ ਸਿਰਦਾਰ ਕਪੂਰ ਸਿੰਘ, ਗਿਆਨੀ ਦਿੱਤ ਸਿੰਘ, ਪ੍ਰੋ ਗੁਰਮੁਖ ਸਿੰਘ, ਭਾਈ ਰਣਧੀਰ ਸਿੰਘ ਵਰਗੇ ਲੀਡਰਾਂ ਦੀ ਲੋੜ ਹੈ। ਸਿੱਖ ਨਵੰਬਰ-84 ਵਾਲੇ ਨਹੀਂ ਰਹੇ। ਉਹ ਇਨਸਾਫ ਲਈ ਭ੍ਰਿਸ਼ਟ ਤੇ ਫਿਰਕੂ ਪਰਬੰਧ ਵਿਰੁੱਧ ਲੜਨਾ ਵੀ ਜਾਣਦੇ ਹਨ ਤੇ ਗਦਾਰ ਸਿੱਖ ਲੀਡਰਾਂ ਨੂੰ ਘਰੋ-ਘਰੀਂ ਭੇਜ ਕੇ ਸੰਗਤੀ ਪੱਧਰ 'ਤੇ ਬੌਧਿਕ ਅਤੇ ਜਮਹੂਰੀਅਤ ਢੰਗ ਨਾਲ ਜੰਗ ਲੜਨਾ ਵੀ ਜਾਣਦੇ ਹਨ। ਥਾਣੇ ਮੂਹਰੇ ਵਿਸ਼ਾਲ ਸ਼ਾਂਤਮਈ ਧਰਨਾ ਜੈਤੋ ਮੋਰਚੇ ਦੀ ਯਾਦ ਦਿਵਾ ਗਿਆ। ਮੁਸਲਮਾਨ, ਦਲਿਤਾਂ, ਹਿੰਦੂ ਭਾਈਚਾਰੇ ਦਾ ਸ਼ਾਮਲ ਹੋਣਾ, ਮੀਂਹ ਤੂਫਾਨ ਦੌਰਾਨ ਸਬਦ ਕੀਰਤਨ ਪੜਕੇ ਦ੍ਰਿੜ ਰਹਿਣਾ, ਸਬਰ ਤੇ ਸਹਿਣਸ਼ੀਲਤਾ ਦਾ ਪੱਲਾ ਨਾ ਛਡਣਾ। ਗੁਰੂ ਅਰਜਨ ਸਾਹਿਬ ਦਾ ਸਬਰ ਸੰਤੋਖ ਮਾਰਗ ਅਪਨਾ ਕੇ ਜਿਥੇ ਵਿਰੋਧੀਆਂ ਦੇ ਮੂੰਹ ਬੰਦ ਕਰ ਦਿਤੇ ਉਥੇ ਜੈਤੋ ਤੇ ਨਨਕਾਣਾ ਮੋਰਚੇ ਦੀ ਜਿੱਤ ਵਾਲਾ ਇਤਿਹਾਸ ਚੇਤੇ ਕਰਵਾ ਦਿੱਤਾ। ਪੂਨੇ ਵਿਚ ਬਾਬਾ ਸਾਹਿਬ ਅੰਬੇਦਕਰ ਨੇ ਆਪਣੇ ਭਾਸ਼ਣ ਵਿਚ ਭਾਰਤੀ ਮੀਡੀਆ ਨੂੰ ਧੰਦਾ ਦੱਸਿਆ ਤੇ ਕਿਹਾ ਕਿ ਇਸ ਦਾ ਕੋਈ ਨੈਤਿਕ ਕੰਮ ਨਹੀਂ ਹੈ। ਇਹ ਸਿਰਫ ਕਹਾਣੀਆਂ ਬਣਾਉਂਦਾ ਹੈ। ਉਹ ਆਪਣੇ ਆਪ ਨੂੰ ਜਨਤਾ ਦਾ ਜ਼ਿੰਮੇਵਾਰ ਸਲਾਹਕਾਰ ਨਹੀਂ ਮੰਨਦਾ। ਮੈਂ ਬਾਬਾ ਸਾਹਿਬ ਦੇ ਇਹਨਾਂ ਸਮੁੱਚੇ ਸ਼ਬਦਾਂ ਨਾਲ ਸਹਿਮਤ ਹਾਂ। ਗੋਦੀ ਮੀਡੀਆ ਮੋਦੀ ਰਾਜ ਵਿਚ ਇਹੀ ਸਾਜਿਸ਼ੀ ਕਹਾਣੀਆਂ ਦੀ ਖੇਡ ਖੇਡ ਰਿਹਾ ਹੈ। ਦਿੱਲੀ ਵਿਚ ਪੁਲੀਸ ਵਲੋਂ ਜੋ ਦੋ ਪਿਉ-ਪੁੱਤ ਨਾਲ ਮਨੁੱਖੀ ਅਧਿਕਾਰਾਂ ਵਿਰੁੱਧ, ਕਨੂੰਨ ਵਿਰੁੱਧ ਫਿਰਕੂ ਵਿਹਾਰ ਕੀਤਾ ਹੈ, ਉਸ ਬਾਰੇ ਗੋਦੀ ਮੀਡੀਆ ਤੇ ਅਖਬਾਰਾਂ ਦੀਆਂ ਖਬਰਾਂ ਪੜ੍ਹ ਕੇ ਅੰਦਾਜ਼ਾ ਲਗਾ ਲਉ ਕਿ ਇਹ ਕਿਹੜੀ ਔਕਾਤ ਦੇ ਮਾਲਕ ਹਨ। ਮੋਦੀ ਦੀ ਮਹਿੰਗੀ ਜੈਕੇਟ, ਮੁਸਲਮਾਨਾਂ ਤੇ ਦਲਿਤਾਂ 'ਤੇ ਹਮਲੇ, ਰਾਖੀ ਸਵੰਤ ਦੀਆਂ ਗੱਪਾਂ ਤੇ ਠੁਮਕੇ ਇਸ ਗੋਦੀ ਮੀਡੀਆ ਦੀਆਂ ਖਬਰਾਂ ਤੇ ਨੈਤਿਕਤਾ ਹੈ। ਭਾਰਤ ਦੀ ਭੁੱਖਮਰੀ, ਬੇਰੁਜ਼ਗਾਰੀ, ਕਿਸਾਨਾਂ, ਮਜ਼ਦੂਰਾਂ ਦੀਆਂ ਮੌਤਾਂ ਇਹਨਾਂ ਲਈ ਕੋਈ ਅਰਥ ਨਹੀਂ ਰੱਖਦੀਆਂ।

ਦਿੱਲੀ ਦੀ ਪੁਲੀਸ ਦੇ ਕੁਝ ਮੁਲਾਜ਼ਮਾਂ ਵੱਲੋਂ ਦੋ ਸਿੱਖਾਂ ਨਾਲ ਕੀਤਾ ਗਿਆ ਗੁੰਡਾਗਰਦੀ ਦਾ ਨੰਗਾ ਨਾਚ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਤੇ ਦੋਸ਼ੀ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਤੁਰੰਤ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਸਿਆਸਤਦਾਨਾਂ ਦੇ ਭ੍ਰਿਸ਼ਟ ਪਰਬੰਧ ਕਾਰਨ ਪੁਲੀਸ ਦਾ ਪਰਬੰਧ ਭ੍ਰਿਸ਼ਟ ਤੇ ਫਾਸ਼ੀਵਾਦੀ ਤੇ ਫਿਰਕੂ ਹੋ ਚੁੱਕਾ ਹੈ। ਅੰਬੇਦਕਰ ਦਾ ਇਹ ਵੀ ਮੰਨਣਾ ਸਹੀ ਸੀ ਕਿ ਸਮਾਜ ਵਿਚ ਕਦੇ ਨਾਇਕ ਪੂਜਾ ਦੇ ਖਤਰਨਾਕ ਰੁਝਾਨ ਤਹਿਤ ਸਮਾਜ ਦਾ ਬਲੀਦਾਨ ਨਹੀਂ ਕੀਤਾ ਗਿਆ ਜਿੰਨਾ ਅਜ਼ਾਦੀ ਬਾਅਦ ਕੀਤਾ ਜਾ ਰਿਹਾ ਹੈ। ਇਹੀ ਹੁਣ ਸਭ ਵਾਪਰ ਰਿਹਾ ਹੈ।

ਇਹ ਮਸਲਾ ਤੇ ਖਤਰਾ ਸਿਰਫ ਸਿੱਖਾਂ ਨੂੰ ਹੀ ਨਹੀਂ ਸਮੁੱਚੇ ਸਮਾਜ ਨੂੰ ਹੈ। ਦਿੱਲੀ ਦੇ ਸਿੱਖ ਮੋਰਚੇ ਵਿਚ ਗੈਰ ਸਿੱਖਾਂ ਦਾ ਪਹੁੰਚਣਾ ਇਕ ਵਧੀਆ ਸ਼ਗਨ ਹੈ। ਦੇਖੋ ਲੀਡਰਾਂ ਬਿਨਾ ਵੀ ਜੰਗ ਜਿੱਤੀ ਜਾ ਸਕਦੀ ਹੈ। ਸਮਾਜ ਦੀ ਅਗਵਾਈ ਕੀਤੀ ਜਾ ਸਕਦੀ ਹੈ। ਹਿੰਸਾ ਨਾਲ ਨੁਕਸਾਨ ਹੀ ਹੁੰਦਾ ਹੈ ਪਰ ਜਮਹੂਰੀ ਢੰਗ ਨਾਲ ਲੋਕ ਹਮਦਰਦੀ ਜਿੱਤਕੇ ਆਪਣੀ ਕੌਮੀਅਤਾਂ ਦਾ ਮਨੋਬਲ ਉਚਾ ਕੀਤਾ ਜਾ ਸਕਦਾ ਹੈ। ਅਦਾਲਤਾਂ ਤੇ ਹਕੂਮਤਾਂ ਨੂੰ ਕਾਇਲ ਕੀਤਾ ਜਾ ਸਕਦਾ ਹੈ। ਇਹ ਹੈ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਦੀ ਸ਼ਕਤੀ। ਇਸ ਮੋਰਚੇ ਨੂੰ ਦੇਖ ਕੇ ਭਾਰਤ ਦੇ ਗਰੀਬ ਤੇ ਅਮਨ ਪਸੰਦ ਲੋਕਾਂ ਨੇ ਸਿੱਖਾਂ ਵੱਲ ਦੇਖਣਾ ਸ਼ੁਰੂ ਕਰ ਦਿੱਤਾ ਹੈ ਜਿਹਨਾਂ ਦੀ ਅਬਾਦੀ ਪਚਾਸੀ ਪ੍ਰਤੀਸ਼ਤ ਦੇ ਕਰੀਬ ਹੈ। ਇਥੋਂ ਤਕ ਹਿੰਦੂ ਭਾਈਚਾਰਾ ਵੀ ਸਿੱਖਾਂ ਦੇ ਹੱਕ ਵਿਚ ਖੜ੍ਹਿਆ ਹੈ। ਸਿੱਖ ਉਹੀ ਹੈ ਜੋ ਸਭਨਾਂ ਧਰਮਾਂ ਦਾ ਸਤਿਕਾਰ ਕਰੇ। ਸਿੱਖ ਮੁਹਬਤ ਦਾ ਸੋਮਾ ਹੈ। ਇਸ ਗੁਰੂ ਦੀ ਦਿੱਤੀ ਮੁਹੱਬਤ ਨੂੰ ਪੂਰੇ ਸਮਾਜ ਵਿਚ ਪਸਾਰੋ। ਇਹੀ ਸਾਡੀ ਤਾਕਤ ਤੇ ਜਜ਼ਬਾ ਹੈ। ਦਿੱਲੀ ਦੇ ਸਿਖੋ ਧੰਨ ਹੋ, ਧੰਨ ਹੈ, ਤੁਹਾਡੀ ਸਿੱਖੀ। ਤੁਸੀਂ ਪੰਥ ਦੀ ਮਨੁੱਖਤਾ ਦੀ ਪਤਿ ਰੱਖ ਲਈ। ਤੁਸੀਂ ਗੁਰੂ ਦੇ ਸਿਧਾਂਤ ਦੇ ਪਹਿਰੇਦਾਰ ਹੋ।

ਸਿੱਖ ਪੰਥ ਦਾ ਵਿਰੋਧ ਭਗਵੇਂ ਰਾਸ਼ਟਰਵਾਦ, ਫਿਰਕੂਵਾਦ, ਨਫਰਤ, ਧਰਮ ਦੇ ਨਾਮ ਤੇ ਹਿੰਸਾ ਫੈਲਾਉਣ ਵਾਲੇ, ਪੁਲੀਸ ਦੇ ਬੁੱਚੜਪੁਣੇ ਤੇ ਕਾਨੂੰਨ ਵਿਰੋਧੀ ਕਾਰਨਾਮਿਆਂ ਨਾਲ ਹੈ। ਇਸ ਦਾ ਹਰੇਕ ਭਾਰਤੀ ਨਾਗਰਿਕ ਨੂੰ ਮਨੁੱਖੀ ਆਜ਼ਾਦੀ, ਮਨੁੱਖੀ ਹੱਕ ਬਰਕਰਾਰ ਰੱਖਣ ਲਈ ਕਰਨਾ ਚਾਹੀਦਾ ਹੈ। ਜੇ ਫਿਰਕੂ ਗੁੰਡੇ ਹਿੰਦੂ ਧਰਮ ਨਾਲ ਜਾਂ ਕਿਸੇ ਜਾਤ-ਮਜ਼ਹਬ ਨਾਲ ਸਬੰਧ ਰੱਖਦੇ ਹਨ ਤਾਂ ਸਾਨੂੰ ਉਸ ਦੇ ਧਰਮ ਨੂੰ ਤੇ ਉਸ ਦੀ ਕੌਮੀਅਤ ਨੂੰ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ। ਅਜਿਹਾ ਕਰਕੇ ਅਸੀਂ ਉਹਨਾਂ ਦੀ ਗੁੰਡਾਗਰਦੀ ਤੇ ਫਿਰਕੂ ਹਿੰਸਾ ਨੂੰ ਮਜ਼ਬੂਤ ਕਰਦੇ ਹਾਂ ਤੇ ਫਿਰਕੂ ਸਿਆਸਤ ਖੇਡਣ ਵਾਲੇ ਵਹਿਸ਼ੀਆਂ ਨੂੰ ਸੱਤਾ ਵੱਲ ਆਪ ਲਿਜਾ ਕੇ ਆਪਣਾ ਨੁਕਸਾਨ ਕਰਦੇ ਹਾਂ। ਹਰੇਕ ਸਿੱਖ ਤੇ ਮਨੁੱਖ ਨੂੰ, ਗੁਰੂ ਗਰੰਥ ਸਾਹਿਬ ਨੂੰ, ਆਪਣੇ ਜੀਵਨ ਦਾ ਸਿਧਾਂਤਕ ਸੋਮਾ ਤੇ ਗਾਡੀਰਾਹ ਮੰਨਦਿਆਂ ਸਰਬੱਤ ਆਜ਼ਾਦੀ ਤੇ ਸਰਬੱਤ ਦੇ ਭਲੇ ਦਾ ਮਾਰਗ ਅਪਣਾਉਂਦਿਆਂ ਫਿਰਕੂਵਾਦ ਤੇ ਭਗਵੀ ਹਿੰਸਾ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ। ਸਮਾਜ ਨੂੰ ਇਕ ਕਰਨਾ ਮਨੁੱਖੀ ਹੱਕਾਂ ਲਈ ਡਟਕੇ ਖੜ੍ਹਾ ਹੋਣਾ ਗੁਰੂਆਂ ਦਾ ਨਿਸ਼ਾਨਾ ਹੈ। ਸਾਡੇ ਲਈ ਹਰੇਕ ਮਨੁੱਖ ਭਾਈ ਬੰਧੂ ਹੈ, ਜ਼ਾਲਮ ਤੇ ਫਿਰਕੂ ਨਸਲਵਾਦੀ ਨਾਲ ਸਾਡੀ ਕੋਈ ਸਾਂਝ ਨਹੀਂ।

**-ਬਲਵਿੰਦਰਪਾਲ ਸਿੰਘ ਪ੍ਰੋਫੈਸਰ**

## ਸਿਆਸੀ ਚੱਕਰਵਿਊ 'ਚ ਫਸੀ ਪੁਲੀਸ ਪ੍ਰਣਾਲੀ

ਦੇਸ਼ ਵਿਚ ਅੱਜ ਬਹੁਤ ਸਾਰੇ ਰਾਜਾਂ ਵੱਲੋਂ ਮਾਡਲ ਪੁਲੀਸ ਐਕਟ ਪਾਸ ਕਰਨ ਦੇ ਬਾਵਜੂਦ ਪੁਲੀਸ ਦਾ ਕੰਮਕਾਜ ਸੰਨ 1861 ਦੇ ਪੁਲੀਸ ਐਕਟ ਅਨੁਸਾਰ ਚੱਲ ਰਿਹਾ ਹੈ। ਉਦਾਹਰਨ ਲਈ ਇਕ ਪੁਲੀਸ ਅਫਸਰ ਕਿਸੇ ਮਹੱਤਵਪੂਰਨ ਕੇਸ 'ਤੇ ਕੰਮ ਰਿਹਾ ਹੈ ਅਤੇ ਉਸ ਵਿਚ ਸਰਕਾਰ ਦਖਲਅੰਦਾਜ਼ੀ ਕਰ ਰਹੀ ਹੈ। ਜੇਕਰ ਉਹ ਸਰਕਾਰ ਵੱਲੋਂ ਦਿੱਤੇ ਜ਼ੁਬਾਨੀ ਹੁਕਮਾਂ ਅਨੁਸਾਰ ਕੰਮ ਨਹੀਂ ਕਰ ਰਿਹਾ ਤਾਂ ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸਦਾ ਦੂਸਰੇ ਦਿਨ ਤਬਾਦਲਾ ਕਿਸੇ ਗ਼ੈਰ- ਮਹੱਤਵਪੂਰਨ ਸਥਾਨ 'ਤੇ ਸਜ਼ਾ ਦੇ ਤੌਰ 'ਤੇ ਕਰ ਦਿੱਤਾ ਜਾਵੇ। ਇਸ ਲਈ ਪੁਲੀਸ ਅਫਸਰਾਂ ਨੂੰ ਲਗਾਤਾਰ ਰਾਜਨੀਤਕ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਡਲ ਪੁਲੀਸ ਐਕਟ ਵਿਚ ਨਾਗਰਿਕਾਂ ਦੇ ਹਿੱਤਾਂ ਦੀ ਗੱਲ ਹੈ ਕਿ ਰਾਜ ਪੱਧਰ 'ਤੇ ਪੁਲੀਸ ਜਵਾਬਦੇਹੀ ਅਥਾਰਟੀ ਬਣਾਈ ਜਾਵੇਗੀ, ਜਿਸ ਦੇ ਚੇਅਰਮੈਨ ਹਾਈ ਕੋਰਟ ਦੇ ਰਿਟਾਇਰ ਜੱਜ ਹੋਣਗੇ। ਇਨ੍ਹਾਂ ਦੇ ਨਾਲ ਚਾਰ ਹੋਰ ਮੈਂਬਰ ਹੋਣਗੇ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਜਵਾਬਦੇਹੀ ਅਥਾਰਟੀ ਦਾ ਗਠਨ ਕੀਤਾ ਜਾਵੇਗਾ। ਇਹ ਅਥਾਰਟੀ ਪੁਲੀਸ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਕਰੇਗੀ। ਇਸ ਦੀ ਘੋਖ ਕਰਕੇ ਇਸ ਨੂੰ ਅਗਲੀ ਕਾਰਵਾਈ ਲਈ ਜਵਾਬਦੇਹੀ ਅਥਾਰਟੀ ਕੋਲ ਭੇਜੇਗੀ, ਰਾਜ ਜਵਾਬਦੇਹੀ ਅਥਾਰਟੀ ਕਾਰਵਾਈ ਕਰਨ ਦੇ ਸੁਝਾਅ ਰਾਜ ਦੇ ਡੀ.ਜੀ.ਪੀ. ਕੋਲ ਭੇਜੇਗੀ ਤਾਂ ਜੋ ਉਸ ਮੁਲਾਜ਼ਮ ਖਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇ।

ਦੇਸ਼ ਵਿਚ ਵੱਖ ਵੱਖ ਰਾਜਾਂ ਵੱਲੋਂ ਮਾਡਲ ਪੁਲੀਸ ਐਕਟ ਨੂੰ ਪੂਰਨ ਲਾਗੂ ਨਾ ਕਰਨ ਕਰਕੇ ਪੁਲੀਸ ਨੂੰ ਸਭ ਤੋਂ ਵੱਧ ਭ੍ਰਿਸ਼ਟ ਵਿਭਾਗਾਂ ਵਿਚ ਮੰਨਿਆ ਜਾ ਰਿਹਾ ਹੈ। ਇਸ ਸਮੱਸਿਆ ਨੂੰ ਤਾਂ ਹੀ ਦੂਰ ਕੀਤਾ ਜਾ ਸਕਦਾ ਹੈ ਜੇਕਰ ਪੁਲੀਸ ਦਾ ਕੰਮਕਾਜ ਪਾਰਦਰਸ਼ੀ ਹੋਵੇਗਾ ਅਤੇ ਉਹ ਦੇਸ਼ ਦੇ ਨਾਗਰਿਕਾਂ ਪ੍ਰਤੀ ਜਵਾਬਦੇਹ ਹੋਵੇਗੀ। ਇਹ ਤਾਂ ਹੀ ਸੰਭਵ ਹੈ ਜੇਕਰ ਸਰਕਾਰ ਵੱਲੋਂ ਮਾਡਲ ਪੁਲੀਸ ਐਕਟ ਨੂੰ ਪੂਰਨ ਲਾਗੂ ਕੀਤਾ ਜਾਵੇ।

**-ਡਾ. ਸੁਵੀਰ ਸਿੰਘ**

## ਸਿੱਖ ਪੰਥ ਤੇ ਯਹੂਦੀ ਕੌਮ

ਸਵਾਮੀ ਵਿਵੇਕਾਨੰਦ, ਅਰਬਿੰਦੋ, ਟੈਗੋਰ ਦੇਹਿੰਦੂ ਨਵੀਨੀਕਰਨ ਤੋਂ ਪ੍ਰਭਾਵਿਤ ਹੋ ਕੇ ਵਿਨਾਇਕ ਸਰਵਾਕਰ ਸੰਨ 1906 ਵਿੱਚ ਹਿੰਦੂ ਕੌਮ ਨੂੰ ਇਕ ਨਵੀਂ ਸੋਚ ਦਿੰਦਾ ਹੈ। ਇਸ ਮੁਤਾਬਿਕ ਹਿੰਦੂ ਅਤੇ ਇੰਡੀਆ ਦੋ ਅਟੁੱਟ ਅੰਗ ਹਨ ਜਿਸ ਦੇ ਅਧਾਰ ਤੇ ਸੰਨ 1925 ਵਿਚ ਹਿੰਦੂ ਮਹਾਂਸਭਾ ਵਿਚੋਂ ਆਰਐਸਐਸ ਪੈਦਾ ਹੁੰਦੀ ਹੈ। ਬਹੁਤ ਕਠਿਨ ਮਾਰਗ 'ਤੇ ਚਲਦਿਆਂ, ਗਾਂਧੀ ਨੂੰ ਮੌਤ ਦੇ ਘਾਟ ਉਤਾਰਨਾ ਤੇ ਆਰਐਸਐਸ ਨੂੰ ਅੱਤਵਾਦੀ ਜਥੇਬੰਦੀ ਕਰਾਰ ਦੇ ਕੇ ਇੰਡੀਆ ਵਿਚ ਬੈਨ ਕਰ ਦੇਣਾ ਇਹਨਾਂ ਦੇ ਇਤਿਹਾਸ ਵਿਚ ਸ਼ਾਮਿਲ ਹੈ । ਲਗਭਗ 90 ਸਾਲ ਦੇ ਇਤਿਹਾਸ ਦੌਰਾਨ ਅਰਜੁਨ ਦੀ ਮੱਛੀ ਦੀ ਅੱਖ ਤੇ ਨਜ਼ਰ ਵਾਂਗ ਆਰਐਸਐਸ ਨੇ ਆਪਣੀ ਅੱਖ ਹਿੰਦੀ, ਹਿੰਦੂ ਤੇ ਹਿੰਦੂਤਵ 'ਤੇ ਹੀ ਰੱਖੀ ਤੇ ਸਖ਼ਤ ਮਿਹਨਤ ਕਰਕੇ ਆਪਣੀ ਸੋਚ ਨੂੰ ਲਾਗੂ ਕਰਨ ਲਈ ਜ਼ਮੀਨ ਤਿਆਰ ਕੀਤੀ ਜਿਸ ਦੇ ਨਤੀਜੇ ਵਜੋਂ ਅੱਜ ਉਹਨਾਂ ਕੋਲ ਇੰਡੀਆ ਵਿਚ ਲੱਗਭਗ 1 ਕਰੋੜ ਵਰਕਰ, 50 ਹਜ਼ਾਰ ਸ਼ਾਖਾਵਾਂ,19 ਕੈਬਿਨਟ ਮੰਤਰੀ ਤੇ ਇੱਕ ਪ੍ਰਧਾਨ ਮੰਤਰੀ ਹੈ। ਸਿਧਾਂਤਿਕ ਤੌਰ 'ਤੇ ਹਿੰਦੂਤਵ ਸਾਡੀ ਦੁਸ਼ਮਣ ਹੈ ਪਰ ਦੁਸ਼ਮਣ ਨੂੰ ਸਿਰਫ ਨਿੰਦੀ ਜਾਣਾ ਹੀ ਕੋਈ ਸਿਆਣਪ ਨਹੀਂ ਹੁੰਦੀ, ਸਗੋਂ ਉਸ ਦੀ ਕਾਬਲੀਅਤ ਨੂੰ ਬਣਦੀ ਇੱਜ਼ਤ ਦੇ ਕੇ ਉਸ ਨੂੰ ਸਮਝਣਾ ਹੀ ਅਕਲਮੰਦੀ ਹੁੰਦੀ ਹੈ ।

ਜਿਸ ਵੇਲੇ ਹਿੰਦੂ ਕੌਮ ਆਪਣਾ ਪੁਨਰਗਠਨ ਕਰ ਰਹੀ ਸੀ, ਬਿਲਕੁਲ ਓਸੇ ਵਕਤ ਸਿੱਖ ਕੌਮ ਆਪਣਾ ਰਾਜ ਗਵਾ ਕੇ ਹਿੰਦੂਤਵ ਵਿੱਚ ਮਿਲਗੋਭਾ ਹੋ ਰਹੀ ਸੀ। ਸੰਨ 1849 ਤੋਂ 1947 ਤਕ ਸਿੱਖ ਕੌਮ ਦੀ ਆਜ਼ਾਦੀ ਦੀ ਲੜਾਈ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਕਿਵੇਂ ਤਬਦੀਲ ਹੋ ਗਈ । ਇਹ ਵਰਤਾਰਾ ਸਾਡੀ ਕੌਮ ਦੀ ਅਕਲ ਉਪਰ ਸਵਾਲੀਆ ਨਿਸ਼ਾਨ ਲਗਾਉਂਦਾ ਹੈ । ਇਥੇ ਹੀ ਬਸ ਨਹੀਂ ਹੁੰਦੀ ਸੰਨ 1950 ਵਿਚ ਪਟੇਲ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਦਾ ਖਿਤਾਬ ਦਿੰਦਾ ਹੈ, ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੰਦਾ ਹੈ, ਸੰਨ 1984 ਵਿਚ ਅਕਾਲ ਤਖਤ ਸਾਹਿਬ ਉਪਰ ਹਮਲੇ ਤੋਂ ਬਾਅਦ ਵੀ, ਸਿੱਖ ਕੌਮ ਦਾ ਇੱਕ ਵਰਗ ਇਸ ਗੱਲ ਤੇ ਦੁਬਿਧਾ ਦਾ ਸ਼ਿਕਾਰ ਹੈ ਕਿ ਸ਼ਾਇਦ ਇਸ ਵਿਚ ਕਸੂਰ ਸਾਡਾ ਹੈ ।

ਜਦੋਂ ਯਹੂਦੀਆਂ ਨੂੰ ਸਿੱਖਾਂ ਵਾਂਗ ਦਰ-ਦਰ ਠੋਕਰਾਂ ਪਈਆਂ ਸਨ ਤੇ ਉਹਨਾਂ ਨੂੰ ਵੀ ਕਈ ਦੇਸ਼ਾਂ ਤੋਂ ਡਿਪੋਰਟ ਕਰਵਾ ਕੇ ਮਾਰਿਆ ਗਿਆ ਸੀ । ਇਹੋ ਜਿਹੇ ਮੌਕੇ 'ਤੇ ਯਹੂਦੀਆਂ ਦੇ ਇੱਕ ਸਿਆਣੇ ਬੰਦੇ ਨੇ ਸਾਰੀ ਕੌਮ ਨੂੰ ਸਲਾਹ ਦਿੱਤੀ ਸੀ, ਜਿਹੜੀ ਅੱਜ ਸਿੱਖ ਕੌਮ ਲਈ ਵੀ ਪੂਰੀ ਤਰ੍ਹਾਂ ਨਾਲ ਕਾਰਗਾਰ ਸਾਬਿਤ ਹੋਵੇਗੀ ।

ਓਹਨੇ ਕਿਹਾ ਕਿ ਆਪਣੇ ਬੱਚਿਆਂ ਨੂੰ ਆਪਣਾ ਧਾਰਮਿਕ ਗਰੰਥ 'ਤੋਰਾ' ਪੜ੍ਹਾਓ ਜਿਸ ਨਾਲ ਉਹ ਆਪਣੀ ਬੋਲੀ ਤੇ ਧਰਮ ਵਿਚ ਪ੍ਰਪੱਕ ਹੋ ਜਾਣਗੇ। ਉਹਨਾਂ ਨੂੰ ਵੱਧ ਤੋਂ ਵੱਧ ਸੰਸਾਰੀ ਵਿੱਦਿਆ ਦਿਵਾਓ। ਉਹਨਾਂ ਨੂੰ ਰਾਤ ਨੂੰ ਸੌਣ ਵੇਲੇ ਕੰਨ ਵਿਚ ਦੱਸੋ ਕਿ ਜਦੋਂ ਤੁਸੀਂ ਜਾਗੋਗੇ ਤਾਂ ਤੁਹਾਡਾ ਆਪਣਾ ਦੇਸ਼ ਹੋਵੇਗਾ। ਇਹੀ ਕਾਰਨ ਹੈ ਕੇ ਯਹੂਦੀਆਂ ਦੀ ਗਿਣਤੀ ਦੁਨੀਆ ਵਿੱਚ 0.2% ਹੋਣ ਦੇ ਬਾਵਜੂਦ ਉਹਨਾਂ 27% ਨੋਬਲ ਪ੍ਰਾਇਜ਼ ਜਿੱਤੇ ਹਨ (ਮੁਸਲਿਮ ਆਬਾਦੀ 20% ਹੈ ਪਰ ਓਹਨਾਂ ਨੇ ਸਿਰਫ 1.2% ਨੋਬਲ ਹੀ ਜਿੱਤੇ ਹਨ)।

1426 ਬਿਲੀਅਨਰਾਂ ਵਿੱਚੋਂ 165 ਯਹੂਦੀ ਹਨ (ਮਤਲਬ ਕੇ 11%)। ਅਮਰੀਕਾ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿਚ 20% ਪ੍ਰੋਫੈਸਰ ਯਹੂਦੀ ਹਨ, ਨਿਊਯਾਰਕ (ਦੁਨੀਆ ਦੇ ਖਜ਼ਾਨੇ ਦੀ ਰਾਜਧਾਨੀ) ਤੇ ਵਾਸ਼ਿੰਗਟਨ (ਦੁਨੀਆ ਦੀ ਸਿਆਸਤ ਦੀ ਰਾਜਧਾਨੀ) ਦੀਆਂ ਲਾਅ ਫਰਮਜ਼ ਵਿਚ 40% ਮਾਲਕੀ ਯਹੂਦੀਆਂ ਦੀ ਹੈ। ਤਕਰੀਬਨ ਦੁਨੀਆ ਦੀ ਇਕਾਨਮੀ ਨੂੰ ਯਹੂਦੀ ਹੀ ਕੰਟ੍ਰੋਲ ਕਰ ਰਹੇ ਹਨ ।

ਸੰਨ 1940 ਵਿਆਂ 'ਚ 6 ਮਿਲੀਅਨ ( 60 ਲੱਖ ) ਯਹੂਦੀ ਮਾਰੇ ਜਾਣ ਦੇ ਬਾਵਜੂਦ ਉਹਨਾਂ ਨੇ ਦੁਨੀਆ ਵਿਚ ਆਪਣੀ ਸਰਦਾਰੀ ਕਾਇਮ ਕੀਤੀ ਹੈ ਤੇ ਆਪਣੇ ਤੋਂ 70 ਗੁਣਾ ਵੱਡੀ ਮੁਸਲਿਮ ਕੌਮ ਨੂੰ ਮੂਹਰੇ ਲਾਇਆ ਹੋਇਆ ਹੈ ।

ਵਿਦਵਾਨਾਂ ਨੇ ਯਹੂਦੀਆਂ ਦੀ ਸਫ਼ਲਤਾ ਦੇ 7 ਮੁੱਖ ਕਾਰਨ ਦੱਸੇ ਹਨ :

1. ਗਿਆਨ ਸਭ ਤੋਂ ਵੱਡਾ ਖਜ਼ਾਨਾ ਹੈ
(ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਵਾਲੇ ਸਕੂਲਾਂ ਕਾਲਿਜਾਂ ਵਿਚ ਪੜ੍ਹਾਓ ਤੇ ਉਹਨਾਂ ਨੂੰ ਪੜ੍ਹਾਈ ਦੀ ਮਹੱਤਤਾ ਬਾਰੇ ਪੱਕਾ ਕਰਵਾਓ ਤੇ ਉਹਨਾਂ ਨੂੰ ਆਪਣੀ ਆਪਣੀ ਜਮਾਤ ਵਿੱਚ ਪਹਿਲੇ ਨੰਬਰ ਤੇ ਆਉਣ ਲਈ ਪ੍ਰੇਰਤ ਕਰੋ)।

2. ਹਰ ਇੱਕ ਬੰਦਾ ਕੌਮ ਦੇ ਹਿੱਤ ਦੇਖੇ , ਕੌਮ ਤੁਹਾਡੇ ਹਿੱਤ ਦੇਖੇਗੀ
(ਆਪਣੀ ਕੌਮ ਦੇ ਕਾਰੋਬਾਰ ਤੇ ਹੋਰ ਸਮਾਜਿਕ ਅਦਾਰੇ ਵੱਧ ਤੋਂ ਵੱਧ ਪ੍ਰਫੁੱਲਤ ਕਰੋ, ਆਪਣੇ ਲੋਕਾਂ ਨੂੰ ਵੱਧ ਤੋਂ ਵੱਧ ਕਮਾਈ ਕਰਨ ਤੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਵਿਚ ਮਦਦ ਕਰੋ)।

3. ਸਫਲ ਲੋਕ ਆਪਣੇ ਕਿੱਤੇ ਦੇ ਸਭ ਤੋਂ ਵੱਡੇ ਮਾਹਿਰ ਹੁੰਦੇ ਹਨ,
(ਆਪਣੇ ਕਿੱਤੇ ਵਿਚ ਮਾਹਰ ਹੋਵੋ , ਬਿਜਨਿਸ ਦਾ ਕੋਈ ਵੀ ਮੌਕਾ ਹੱਥੋਂ ਨਾ ਜਾਣ ਦਿਓ)।

4. ਖੁੱਲ ਕੇ ਗੱਲ ਕਰਨ ਦਾ ਹੌਸਲਾ ਰੱਖੋ, ਬੇਬਾਕ ਹੋ ਕੇ ਸਵਾਲ ਕਰੋ
(ਆਪਣੇ ਬੱਚਿਆਂ ਨੂੰ ਖੁੱਲ੍ਹ ਕੇ ਗੱਲ ਸਮਝਾਓ, ਉਹਨਾਂ ਨੂੰ ਆਰਟਸ, ਮਿਊਜ਼ਿਕ ਡਰਾਮਾ ਆਦਿ ਵਿੱਚ ਭਾਗ ਲੈਣ ਲਈ ਪ੍ਰੇਰੋ)।

5. ਸ਼ਾਨ ਨਾਲ ਰਹੋ ਪਰ ਫੁਕਰੀ ਕਦੇ ਨਾ ਮਾਰੋ
(ਦੌਲਤ ਤਾਕਤ ਹੈ, ਕਦੇ ਵੀ ਕਿਰਾਏ 'ਤੇ ਨਾ ਰਹੋ, ਕਰਜ਼ਾ ਘੱਟ ਤੋਂ ਘੱਟ ਰੱਖੋ, ਸਾਰੀ ਪੂੰਜੀ ਇੱਕੋ ਜਗਾਹ ਨਾ ਲਗਾਓ)।

6. ਸਵੈਮਾਣ ਪੈਦਾ ਕਰੋ,
(ਬੱਚਿਆਂ ਵਿੱਚ ਹੌਸਲਾ ਪੈਦਾ ਕਰੋ ਤੇ ਸੀਮਤ ਦਾਇਰੇ ਤੋਂ ਬਾਹਰ ਹੋ ਕੇ ਸੋਚਣ ਦੀ ਆਜ਼ਾਦੀ ਦਿਓ, ਦੁਨੀਆ ਵਿੱਚ ਹੋ ਰਹੇ ਵਰਤਾਰੇ ਤੇ ਉਹਨਾਂ ਦੇ ਆਪਣੀ ਕੌਮ ਉੱਪਰ ਪੈ ਰਹੇ ਪ੍ਰਭਾਵਾਂ ਦੀ ਖੋਜ ਕਰੋ)।

7. Victory through determination , ਮਤਲਬ ਕੁਝ ਵੱਡਾ ਕਰਨ ਦਾ ਕੀੜਾ ਹੋਵੇ ਦਿਮਾਗ ਵਿਚ,
(ਸਖਤ ਮਿਹਨਤ ਕਰੋ ਤੇ ਇਹ ਸਮਝੋ ਕੇ ਵਾਹਿਗੁਰੂ ਨੇ ਤੁਹਾਨੂੰ ਆਪਣੀ ਕਿਸਮਤ ਘੜਨ ਦਾ ਹੱਕ ਦਿੱਤਾ ਹੈ, ਮਾਇਆ ਦੇ ਜਾਲ ਵਿਚ ਫਸੇ ਤੋਂ ਬਗੈਰ ਕਦੇ ਵੀ ਵਿਕਾਸ ਤੋਂ ਸੰਤੁਸ਼ਟ ਨਾ ਹੋਵੋ, ਹਮੇਸ਼ਾ ਕੁਝ ਨਵਾਂ ਕਰਨ ਦੀ ਸੋਚ ਰੱਖੋ ਤੇ ਕਿਸੇ 'ਤੇ ਵੀ ਆਪਣੀ ਜਿੱਤ ਹਾਰ ਲਈ ਮੁਥਾਜ ਨਾ ਹੋਵੋ)।

ਸਾਨੂੰ ਗੁਰੂ ਸਾਹਿਬਾਨ ਨੇ ਸਰਦਾਰੀ ਬਖਸ਼ੀ ਸੀ ਪਰ ਅੱਜ ਸਾਡੇ ਹੀ ਤਖ਼ਤ ਤੇ ਸਾਡੀ ਰੂਹਾਨੀ ਉਰਜਾ ਦਾ ਸੋਮਾ ਦਰਬਾਰ ਸਾਹਿਬ ਖ਼ਤਰੇ ਵਿਚ ਹੈ, ਰੋਜ਼ ਸਾਡੀਆਂ ਪੱਗਾਂ ਲਾਹੀਆਂ ਜਾਂਦੀਆਂ ਹਨ, ਸਾਡੀਆਂ ਧੀਆਂ-ਭੈਣਾਂ ਦੀਆਂ ਚੁੰਨੀਆਂ ਰੋਲੀਆਂ ਜਾਂਦੀਆਂ ਹਨ।

ਮੇਰੀਏ ਕੌਮੇ, ਯਾਦ ਰੱਖ, ਰਾਤੋ ਰਾਤ ਹੱਥਾਂ ਤੇ ਸਰ੍ਹੋਂ ਨਹੀਂ ਜੰਮਣੀ, ਗਿਆਨ ਤੇ ਆਪਣੀ ਮੁਕੰਮਲ ਪਕੜ ਕਰੋ, ਦੂਜੀਆਂ ਕੌਮਾਂ ਦੇ ਤਜਰਬਿਆਂ ਤੋਂ ਸਿੱਖਦੇ ਹੋਏ ਆਪਣੇ ਬੱਚਿਆਂ ਨੂੰ ਟਾਪ ਦੇ ਬੈਂਕਰ , ਵਕੀਲ, ਸਾਇੰਸਦਾਨ, ਸਿਆਸਤਦਾਨ, ਸੋਚਣ ਸ਼ਕਤੀ ਦੇ ਮਾਲਿਕ, ਪ੍ਰੋਫੈਸਰ ਬਣਾਓ, ਦੂਰ ਦੀ ਸੋਚ ਕੇ ਚੱਲੋ ਕਿ ਸ਼ਾਇਦ ਸਾਡੇ ਪੋਤੇ-ਦੋਹਤੇ ਰਾਜ ਕਰਨਗੇ ਇੱਕ ਦਿਨ। ਯਾਦ ਰੱਖੋ ਕਿ ਤੁਹਾਡੇ ਵਾਰਿਸਾਂ ਨੇ ਸਦੀਆਂ ਤੋਂ ਪੈਰ ਜਮਾ ਕੇ ਬੈਠੇ ਹੋਏ ਮੁਗਲ ਰਾਜ ਦੀਆਂ ਜੜ੍ਹਾਂ ਪੁੱਟ ਕੇ ਪੰਜਾਬ ਨੂੰ ਬਚਾਇਆ ਸੀ ਤੇ ਓਦੋਂ ਇਹ ਕਿਹਾ ਗਿਆ ਸੀ ਕਿ "ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ।"

ਆਓ ਆਪਣੇ ਯੋਧਿਆਂ ਨਾਲ ਨਾਲ ਬਾਕੀ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਅਜਾਈਂ ਨਾ ਜਾਣ ਦੇਈਏ , ਉਹਨਾਂ ਨੇ ਆਪਣਾ ਅੱਜ ਸਾਡੇ ਤੋਂ ਕੁਰਬਾਨ ਕੀਤਾ ਹੈ ਤਾਂ ਕਿ ਸਾਡਾ ਕੱਲ੍ਹ ਸੁਧਰ ਜਾਵੇ।

**- ਕਮਲਜੀਤ ਸਿੰਘ ਮਾਨ**

## ਦਿੱਲੀ ਦੀ ਘਟਨਾ ਨਵੀਂ ਸਰਕਾਰ ਦੇ ਨਵੇਂ ਰਾਸ਼ਟਰਵਾਦ ਦਾ ਪਹਿਲਾ ਤੋਹਫ਼ਾ

ਦਿੱਲੀ ਦੀ ਘਟਨਾ ਕੀ ਹੈ ? ਪੁਲਿਸ ਕਹਿੰਦੀ ਹੈ ਕਿ ਸਰਬਜੀਤ ਸਿੰਘ ਦਾ ਟੈਂਪੂ ਪੁਲਿਸ ਦੀ ਗੱਡੀ ਨਾਲ ਟਕਰਾ ਗਿਆ, ਜਿਸ ਕਰਕੇ ਝਗੜਾ ਹੋਇਆ। ਇਸ ਘਟਨਾ ਤੋਂ ਪ੍ਰਭਾਵਤ ਟੈਂਪੂ ਚਾਲਕ ਸਰਬਜੀਤ ਸਿੰਘ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਦਿੱਲੀ ਦੀ ਪੁਲਿਸ ਦੇ ਇੱਕ ਮੁਲਾਜ਼ਮ ਏਐੱਸਆਈ. ਸੰਜੇ ਮਲਿਕ ਨੇ ਉਨ੍ਹਾਂ ਨੂੰ ਬੁਰਾ ਭਲਾ ਕਿਹਾ, ਜਦੋਂ ਉਹ ਪੁਲਿਸ ਸਟੇਸ਼ਨ ਤੋਂ ਇੱਕ ਕਿਲੋਮੀਟਰ ਦੂਰ ਸਵਾਰੀਆਂ ਦੀ ਉਡੀਕ ਕਰ ਰਹੇ ਸਨ। ਉਹ ਮੁਲਾਜ਼ਮ ਉੱਥੋਂ ਆਉਂਦਾ ਹੋਇਆ ਇਹ ਕਹਿ ਕੇ ਆਇਆ ਕਿ ਅੱਗੇ ਆਓ ਤੁਹਾਨੂੰ ਵੇਖਦੇ ਹਾਂ। ਜੇ ਇਹ ਕਸੂਰਵਾਰ ਹੁੰਦੇ ਤਾਂ ਰਸਤਾ ਬਦਲ ਕੇ ਲੰਘ ਜਾਂਦੇ। ਉਹ ਮੁਲਾਜ਼ਮ ਮੁਖਰਜੀ ਨਗਰ ਥਾਣੇ ਦੇ ਮੂਹਰੇ ਨਾਕਾ ਲਾ ਕੇ ਖੜ੍ਹ ਗਿਆ। ਜਦੋਂ ਉਹ ਟੈਂਪੂ ਲੈ ਕੇ ਮੁਖਰਜੀ ਨਗਰ ਚੌਕੀ ਲਾਗਿਓਂ ਲੰਘਣ ਲੱਗੇ ਤਾਂ ਉਸੇ ਮੁਲਾਜ਼ਮ ਨੇ ਟੈਂਪੂ ਰੋਕਣ ਦਾ ਇਸ਼ਾਰਾ ਕੀਤਾ। ਉਹ ਮੁਲਾਜ਼ਮ ਫਿਰ ਗਾਲ੍ਹਾਂ ਕੱਢਣ ਲੱਗ ਪਿਆ, ਜਿੱਥੋਂ ਬਹਿਸ ਸ਼ੁਰੂ ਹੋ ਗਈ। ਸਰਬਜੀਤ ਸਿੰਘ ਦਾ 15 ਸਾਲ ਦਾ ਨਬਾਲਗ ਲੜਕਾ ਬਲਵੰਤ ਸਿੰਘ, ਵਿੱਚ ਵਿਚਾਲੇ ਪੈ ਕੇ ਆਪਣੇ ਬਾਪ ਨੂੰ ਉੱਥੋਂ ਲੈ ਤੁਰਿਆ। ਉਸ ਤੋਂ ਬਾਅਦ ਉਹ ਪੁਲਿਸ ਮੁਲਾਜ਼ਮ ਪੁਲਿਸ ਤੇ 10-12 ਹੋਰ ਮੁਲਾਜ਼ਮ ਇਕੱਠੇ ਹੋ ਕੇ ਸਰਬਜੀਤ ਸਿੰਘ ਨੂੰ ਕੁੱਟਣ ਲੱਗ ਪਏ। ਉਸ ਨੂੰ ਬੁਰੀ ਤਰ੍ਹਾਂ ਦਿਨ ਦਿਹਾੜੇ ਲੋਕਾਂ ਦੇ ਸਾਹਮਣੇ ਸ਼ਰੇਆਮ ਘੜੀਸ ਕੇ ਕੁੱਟਿਆ ਗਿਆ। ਜਦੋਂ ਸਰਬਜੀਤ ਸਿੰਘ ਦੇ ਮੂੰਹ ਉੱਤੇ ਬੂਟ ਮਾਰੇ ਜਾ ਰਹੇ ਸਨ ਤਾਂ ਸਰਬਜੀਤ ਸਿੰਘ ਦੇ ਲੜਕੇ ਨੇ ਪੁਲਿਸ ਦਾ ਘੇਰਾ ਤੋੜਨ ਲਈ ਟੈਂਪੂ ਸਟਾਰਟ ਕਰਕੇ ਘੇਰੇ ਵਿੱਚ ਵਾੜ ਦਿੱਤਾ, ਜਿਸ ਤੋਂ ਪੁਲਿਸ ਮੁਲਾਜ਼ਮਾਂ ਵਿੱਚ ਅਫਰਾ ਤਫਰੀ ਫੈਲ ਗਈ। ਬਲਵੰਤ ਸਿੰਘ ਨੂੰ ਵੀ ਪੁਲਿਸ ਮੁਲਾਜ਼ਮਾਂ ਨੇ ਫੜ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਸਰਬਜੀਤ ਸਿੰਘ ਨੇ ਪੁਲਿਸ ਤੋਂ ਬਚਾਓ ਲਈ ਆਪਣਾ ਗਾਤਰਾ, ਜੋ ਕੇ ਧਾਰਮਿਕ ਚਿੰਨ੍ਹ ਹੈ, ਕੱਢ ਲਿਆ। ਇਸ ਨੂੰ ਪੁਲਿਸ ਸਰਬਜੀਤ ਸਿੰਘ ਦਾ ਹਮਲਾ ਕਰਨਾ ਕਹਿੰਦੀ ਹੈ। ਆਪਣੇ ਬਚਾਓ ਲਈ ਹਥਿਆਰ ਵਰਤਣਾ ਕੋਈ ਜੁਰਮ ਨਹੀਂ ਗਿਣਿਆ ਜਾਂਦਾ। ਇਹ ਘਟਨਾ ਆਮ ਲੋਕਾਂ ਨੂੰ ਪਤਾ ਨਹੀਂ ਲੱਗਣੀ ਸੀ ਜੇਕਰ ਕੋਈ ਇਸ ਦੀ ਵੀਡੀਓ ਨਾ ਬਣਾਉਂਦਾ। ਵੀਡੀਓ ਵਿੱਚ ਪੁਲਿਸ ਕਰਮਚਾਰੀ ਸਰਬਜੀਤ ਸਿੰਘ ਨੂੰ ਧਰਤੀ 'ਤੇ ਪਏ ਨੂੰ ਬੁਰੀ ਤਰ੍ਹਾਂ ਅਣਮਨੁੱਖੀ ਢੰਗ ਨਾਲ ਕੁੱਟ ਰਹੇ ਹਨ। ਜਦੋਂਕਿ ਸਰਬਜੀਤ ਸਿੰਘ ਨੂੰ ਇੱਕ ਪੁਲਸੀਏ ਨੇ ਜੱਫੀ ਪਾ ਕੇ ਨਿਹੱਥਾ ਕੀਤਾ ਹੋਇਆ ਸੀ। ਉਸ ਦੇ ਮੂੰਹ ਉੱਤੇ ਠੁੱਡੇ ਮਾਰੇ ਜਾ ਰਹੇ ਹਨ। ਪੁਲਿਸ ਨੇ ਅੰਮ੍ਰਿਤਧਾਰੀ ਸਿੱਖਾਂ ਨਾਲ ਅਜਿਹਾ ਵਰਤਾਓ ਕਰਕੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਵੰਗਾਰਿਆ ਹੈ, ਜਿਸ ਦੇ ਸਿੱਟੇ ਵਜੋਂ ਸਮੁੱਚੇ ਸੰਸਾਰ ਵਿੱਚ ਕੇਂਦਰ ਸਰਕਾਰ ਦੀ ਪੁਲਿਸ ਵਿਰੁੱਧ ਵਿਦਰੋਹ ਪੈਦਾ ਹੋ ਗਿਆ ਹੈ। ਸਿੱਖਾਂ ਨਾਲ ਉਸ ਦਿੱਲੀ ਵਿੱਚ ਅਜਿਹਾ ਵਰਤਾਓ ਹੋ ਰਿਹਾ ਹੈ ਜਿਸ ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਨੇ ਕੁਰਬਾਨੀ ਦੇ ਕੇ ਹਿੰਦੂਆਂ ਦੀ ਰੱਖਿਆ ਕੀਤੀ ਸੀ। ਉਸੇ ਅਖੌਤੀ ਰਾਸ਼ਟਰਵਾਦ ਦੀ ਸਰਕਾਰ ਦੇ ਪੁਲਸ ਕਰਮਚਾਰੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਪੁਲਿਸ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਲਈ ਹੈ। ਜੇਕਰ ਕੋਈ ਗ਼ਲਤੀ ਵੀ ਕਰਦਾ ਹੈ ਤਾਂ ਪੁਲਿਸ ਦਾ ਫਰਜ਼ ਉਸ ਉੱਪਰ ਕੇਸ ਦਰਜ ਕਰਕੇ ਕਚਹਿਰੀ ਵਿੱਚ ਭੇਜਣਾ ਹੈ, ਆਪ ਸਜ਼ਾ ਦੇਣੀ ਨਹੀਂ। ਇਸ ਘਟਨਾ ਵਿੱਚ ਪੁਲਿਸ ਨੇ ਆਪ ਕਾਨੂੰਨ ਦੀ ਉਲੰਘਣਾ ਕੀਤੀ ਹੈ।

ਇਸ ਘਟਨਾ ਦੇ ਪਿਛੋਕੜ ਵਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੁਲਿਸ ਨੂੰ ਹਫ਼ਤਾਵਾਰੀ ਰਿਸ਼ਵਤ ਲੈਣ ਦੇਣ ਕਰਕੇ ਝਗੜਾ ਹੋਇਆ ਹੈ। ਇਹ ਤਾਂ ਪੜਤਾਲ ਹੀ ਸਾਬਤ ਕਰੇਗੀ।

ਸਰਬਜੀਤ ਸਿੰਘ ਦੇ ਲੜਕੇ ਨੇ ਦੱਸਿਆ ਹੈ ਕਿ ਥਾਣੇ ਅੰਦਰ ਲਿਜਾਕੇ ਉਨ੍ਹਾਂ ਨੂੰ ਅਥਾਹ ਤਸੀਹੇ ਦੇ ਕੇ ਕੁੱਟਿਆ ਗਿਆ। ਇੱਕ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਹਕੀਕਤ ਨਗਰ ਚੌਕ ਵਿੱਚ ਜਿਹੜਾ ਪੁਲਿਸ ਕਾਰਵਾਈ ਵਿਰੁੱਧ ਧਰਨਾ ਦਿੱਤਾ ਗਿਆ, ਉਸ ਵਿੱਚ ਦਿੱਲੀ ਤੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਨਕਾਰ ਮਨਜਿੰਦਰ ਸਿੰਘ ਸਿਰਸਾ ਨੇ ਲੋਕਾਂ ਤੋਂ ਪੁੱਛਿਆ ਕਿ ਉਹ ਮੇਰੇ ਨਾਲ ਓਨੀ ਦੇਰ ਧਰਨੇ 'ਤੇ ਬੈਠਣਗੇ ਜਿੰਨੀ ਦੇਰ ਪੁਲਿਸ ਕਰਮਚਾਰੀਆਂ ਵਿਰੁੱਧ 307 ਦਾ ਕੇਸ ਦਰਜ ਨਹੀਂ ਕੀਤਾ ਜਾਂਦਾ ਅਤੇ ਸਬੰਧਤ ਪੁਲਸ ਵਾਲੇ ਨੌਕਰੀ ਵਿੱਚੋਂ ਬਰਖ਼ਾਸਤ ਨਹੀਂ ਕੀਤੇ ਜਾਂਦੇ ? ਸੰਗਤਾਂ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ ਪ੍ਰੰਤੂ ਥੋੜ੍ਹੀ ਦੇਰ ਬਾਅਦ ਮਨਜਿੰਦਰ ਸਿੰਘ ਸਿਰਸਾ ਉੱਥੋਂ ਖਿਸਕ ਗਿਆ। ਇਹ ਵੀ ਦੋਸ਼ ਲਾਇਆ ਜਾ ਰਿਹਾ ਹੈ ਕਿ ਸਿਰਸਾ ਦੋਗਲੀ ਨੀਤੀ ਅਪਣਾ ਰਿਹਾ ਹੈ ਤੇ ਪੁਲਿਸ ਨਾਲ ਸਮਝੌਤਾ ਕਰਵਾਉਣ ਦੀ ਗੱਲਬਾਤ ਕਰ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਗੋਂਗਲੂਆਂ ਤੋਂ ਮਿੱਟੀ ਝਾੜਨ ਲਈ ਤਿੰਨ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰਕੇ ਮਾਮੂਲੀ ਧਾਰਾਵਾਂ ਦਾ ਕੇਸ ਦਰਜ ਕਰ ਦਿੱਤਾ ਗਿਆ ਹੈ। ਤਿੰਨ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰਨ ਲਈ ਸਿਰਸਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਸ਼ੰਸਾ ਵੀ ਕੀਤੀ ਹੈ, ਜਿਸ ਕਰਕੇ ਉਸ ਵੀਡੀਓ ਅਨੁਸਾਰ ਉਸ ਨਾਲ ਲੋਕ ਧੱਕਾ ਮੁੱਕੀ ਵੀ ਕਰ ਰਹੇ ਹਨ।

ਨਵੇਂ ਰਾਸ਼ਟਰਵਾਦ ਦਾ ਸਿਧਾਂਤ ਘੱਟ ਗਿਣਤੀਆਂ ਉੱਤੇ ਭਾਰੂ ਪੈਂਦਾ ਨਜ਼ਰ ਆ ਰਿਹਾ ਹੈ। ਡਾ. ਸੀਮਾ ਸਿੰਘਲ ਦੀ ਦਿੱਲੀ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਤੇ ਹਾਈ ਕੋਰਟ ਦੀ ਪ੍ਰਤੀਕਿਰਿਆ ਵੀ ਦਿੱਲੀ ਪੁਲਿਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੀ ਹੈ।

**-ਉਜਾਗਰ ਸਿੰਘ**


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

## ਮਨੁੱਖਤਾ ਦੇ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਿੱਖ ਲਹਿਰ

ਦੇ ਦਿੱਤੀ। ਇਸ ਤੋਂ ਬਾਅਦ ਗੁਰੂ ਦੇ ਸਿੱਖਾਂ ਨੇ ਵੀ ਸੇਵਾ ਦੇ ਇਸ ਸਿਧਾਂਤ ਨੂੰ ਪੂਰੀ ਤਰ੍ਹਾਂ ਨਿਭਾਇਆ।

ਭਾਈ ਕਨ੍ਹੱਈਆ ਜੀ ਜੰਗ ਵਿਚ ਮੁਸਲਮਾਨਾਂ ਅਤੇ ਸਿੱਖਾਂ ਨੂੰ ਨਿਰਵੈਰ ਹੋ ਕੇ ਜਲ ਛਕਾਉਂਦੇ ਸਨ। ਉਨ੍ਹਾਂ ਨੂੰ ਰੈਡ ਕਰਾਸ ਦਾ ਮੋਢੀ ਵੀ ਕਿਹਾ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਮੱਲ੍ਹਮ ਦੀ ਡੱਬੀ ਦੇ ਕੇ ਸਾਰੇ ਹੀ ਜ਼ਖ਼ਮੀਆਂ ਦੇ ਫੱਟਾਂ 'ਤੇ ਬਿਨਾ ਕਿਸੇ ਵਿਤਕਰੇ ਦੇ ਮੱਲ੍ਹਮ ਲਾਉਣ ਲਈ ਕਿਹਾ ਅਤੇ 'ਨਾ ਕੋ ਬੈਰੀ ਨਹੀ ਬਿਗਾਨਾ' ਦਾ ਪਾਠ ਹੋਰ ਵੀ ਦ੍ਰਿੜ ਕਰਾਇਆ। ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਹੋਣ ਦੇ ਬਾਵਜੂਦ ਸੇਵਾ ਦੀ ਇਸ ਮਹਾਨਤਾ ਨੂੰ ਸਮਝਿਆ ਅਤੇ ਇਕ ਗ਼ਰੀਬ ਬੁੱਢੇ ਦੀ ਰਾਸ਼ਨ ਦੀ ਭਰੀ ਹੋਈ ਪੰਡ ਆਪਣੇ ਸਿਰ 'ਤੇ ਚੁੱਕ ਕੇ ਉਸ ਦੇ ਘਰ ਪਹੁੰਚਾਈ। ਇਸ ਤੋਂ ਇਲਾਵਾ ਭਗਤ ਪੂਰਨ ਸਿੰਘ ਜੀ ਨੂੰ ਸੇਵਾ ਦਾ ਪੁੰਜ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਪਹਿਲਾ ਪਿੰਗਲਵਾੜਾ ਸਥਾਪਤ ਕੀਤਾ, ਜਿੱਥੇ ਲਾਚਾਰ ਬਿਮਾਰਾਂ ਦਾ, ਜੋ ਆਪਣਾ ਨਿੱਤ ਕਰਮ ਵੀ ਠੀਕ ਤਰ੍ਹਾਂ ਨਹੀਂ ਕਰ ਸਕਦੇ, ਉਨ੍ਹਾਂ ਦੇ ਪਰਿਵਾਰ ਵਾਲੇ ਵੀ ਉਨ੍ਹਾਂ ਨੂੰ ਤਿਆਗ ਚੁੱਕੇ ਹਨ, ਮੁਫ਼ਤ ਇਲਾਜ ਅਤੇ ਦੇਖ ਭਾਲ ਕੀਤੀ ਜਾਂਦੀ ਹੈ। ਅੱਜ ਪਿੰਗਲਵਾੜੇ ਦੀ ਸੰਸਥਾ ਦੁਨੀਆ ਭਰ ਵਿਚ ਇਕ ਲਹਿਰ ਬਣ ਕੇ ਉਭਰੀ ਹੈ।

ਸਿੱਖ ਮਿਸ਼ਨ ਵਿਚ ਇਹ ਸੇਵਾ ਕੇਵਲ ਲੰਗਰ ਤਕ ਹੀ ਸੀਮਤ ਨਹੀਂ ਰਹੀ ਕਿਉਂਕਿ ਮਨੁੱਖਤਾ ਦੀ ਸੇਵਾ ਹੋਰ ਵੀ ਕਈ ਢੰਗਾਂ ਨਾਲ ਕੀਤੀ ਜਾ ਸਕਦੀ ਹੈ, ਜਿਵੇਂ:- ਆਰਥਿਕ ਮਦਦ ਅਤੇ ਸਰੀਰਕ ਸੇਵਾ, ਭਾਵ ਆਪਣਾ ਕੀਮਤੀ ਸਮਾਂ ਕੱਢ ਕੇ ਆਪਣੇ ਹੱਥਾਂ-ਪੈਰਾਂ ਅਤੇ ਹੋਰ ਵਸੀਲਿਆਂ ਨਾਲ ਲੋੜਵੰਦਾਂ ਦੀ ਸੇਵਾ ਆਦਿ। ਗੁਰੂ ਘਰ ਵਿਚ ਗ਼ਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਕਿਹਾ ਜਾਂਦਾ ਹੈ। ਸਿੱਖ ਆਪਣੇ ਹੱਥਾਂ-ਪੈਰਾਂ ਨੂੰ, ਧਨ-ਦੌਲਤ ਨੂੰ ਅਤੇ ਬਾਕੀ ਸਾਧਨਾਂ ਨੂੰ ਕੇਵਲ ਆਪਣੀ ਜ਼ਿੰਦਗੀ ਦੇ ਸੁੱਖ ਲਈ ਹੀ ਨਹੀਂ ਵਰਤਦੇ, ਸਗੋਂ ਉਹ ਇਨ੍ਹਾਂ ਸਾਧਨਾਂ ਨਾਲ ਕਮਜ਼ੋਰ ਅਤੇ ਜ਼ਰੂਰਤ-ਮੰਦਾਂ ਦੀ ਮਦਦ ਕਰਦੇ ਹਨ, ਤਾਂ ਕਿ ਉਨ੍ਹਾਂ ਦੇ ਦੁੱਖ ਘਟਣ ਅਤੇ ਉਹ ਸਮਾਜ ਦਾ ਨਰੋਇਆ ਅੰਗ ਬਣ ਕੇ ਵਿਚਰ ਸਕਣ। ਹੁਣ ਸਿੱਖ ਸੰਸਥਾਵਾਂ ਹਸਪਤਾਲਾਂ ਵਿਚ ਜਾ ਕੇ ਲੰਗਰ ਦੀ ਸੇਵਾ ਦੇ ਨਾਲ-ਨਾਲ ਮਰੀਜ਼ਾਂ ਦੇ ਦਵਾ-ਦਾਰੂ ਅਤੇ ਰਿਹਾਇਸ਼ ਵਗੈਰਾ ਦਾ ਵੀ ਪ੍ਰਬੰਧ ਕਰਦੀਆਂ ਹਨ। ਸਿੱਖਾਂ ਦੀ ਇਹ ਸੇਵਾ ਕੇਵਲ ਭਾਰਤ ਦੇਸ਼ ਤਕ ਹੀ ਸੀਮਤ ਨਹੀਂ ਰਹੀ, ਸਗੋਂ ਉਹ ਕਿਸੇ ਵੀ ਕੁਦਰਤੀ ਆਫ਼ਤ ਜਾਂ ਬਿਪਤਾ ਸਮੇਂ ਦੁਰਗ਼ਮ ਹਾਲਾਤ ਅਤੇ ਬਿਖੜੇ ਮਾਰਗ ਦੀ ਪਰਵਾਹ ਨਾ ਕਰਦੇ ਹੋਏ, ਦੁਨੀਆ ਦੇ ਹਰ ਕੋਨੇ ਵਿਚ ਮਦਦ ਲਈ ਸਭ ਤੋਂ ਪਹਿਲਾਂ ਪਹੁੰਚਦੇ ਹਨ ਅਤੇ ਕਈ ਕੀਮਤੀ ਜਾਨਾਂ ਬਚਾਉਂਦੇ ਹਨ। ਉਨ੍ਹਾਂ ਲਈ ਦਵਾ-ਦਾਰੂ, ਭੋਜਨ, ਕੱਪੜੇ ਅਤੇ ਰਿਹਾਇਸ਼ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਫਿਰ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿਚ ਮਦਦ ਕਰਦੇ ਹਨ ਤਾਂ ਕਿ ਉਹ ਇੱਜ਼ਤ ਨਾਲ ਆਪਣੀ ਰੋਜ਼ੀ-ਰੋਟੀ ਕਮਾ ਸਕਣ ਅਤੇ ਦੂਜਿਆਂ ਦੇ ਬਰਾਬਰ ਆਪਣੇ ਪਰਿਵਾਰਾਂ ਨਾਲ ਜ਼ਿੰਦਗੀ ਬਸਰ ਕਰ ਸਕਣ। ਇਸ ਲਈ ਸਿੱਖਾਂ ਦੀਆਂ ਵੱਖ-ਵੱਖ ਸੰਸਥਾਵਾਂ ਜਿਵੇਂ ਸਿੱਖ ਏਡ, ਯੁਨਾਇਟਿਡ ਸਿੱਖ ਆਰਗੇਨਾਈਜੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸ਼੍ਰੋਮਣੀ ਕਮੇਟੀ ਦਿੱਲੀ ਅਤੇ ਹੋਰ ਅਨੇਕਾਂ ਸਿੱਖ ਸੰਸਥਾਵਾਂ ਸਰਗਰਮ ਹਨ। ਇਨ੍ਹਾਂ ਸੰਸਥਾਵਾਂ ਨੇ ਸੇਵਾ ਦੇ ਇਸ ਮਹਾਨ ਕਾਰਜ ਨਾਲ ਉਤਰਾਖੰਡ, ਕੇਰਲਾ, ਮਿਆਂਮਾਰ ਦੇ ਰੋਹੰਗਿਆਂ ਮੁਲਸਮਾਨਾਂ ਦੀ ਮੁਸੀਬਤ ਅਤੇ ਇੰਡੋਨੇਸ਼ੀਆਂ ਦੇ ਭੁਚਾਲਾਂ ਅਤੇ ਸੁਨਾਮੀਆਂ ਸਮੇਂ ਮਨੁੱਖਤਾ ਦੇ ਭਲੇ ਲਈ ਸੇਵਾ ਕਰਕੇ ਦੁਨੀਆ ਭਰ ਵਿਚ ਇਕ ਮਿਸਾਲ ਕਾਇਮ ਕੀਤੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਮਿਸ਼ਨ ਪੂਰੀ ਤਰ੍ਹਾਂ ਸਾਰੇ ਸੰਸਾਰ ਲਈ ਇਕ ਮਾਨਵਵਾਦੀ ਧਰਮ ਦੇ ਰੂਪ ਵਿਚ ਪ੍ਰਗਟ ਹੋ ਗਿਆ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀ ਮਨੁੱਖਤਾ ਦੇ ਸਾਂਝੇ ਗੁਰੂ ਦਾ ਰੁਤਬਾ ਪ੍ਰਾਪਤ ਕਰ ਗਏ ਹਨ।

## ਸਿੱਖ ਰੈਫਰੈਂਸ ਲਾਇਬਰੇਰੀ ਦਾ ਇਤਿਹਾਸਕ ਖਜ਼ਾਨਾ ਕਿੱਥੇ ਏ

ਬਣਿਆ ਜਦ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਧੀ ਸ਼ਹਿਜ਼ਾਦੀ ਬੰਬਾ 10 ਫਰਵਰੀ, 1945 ਨੂੰ ਖ਼ਾਲਸਾ ਕਾਲਜ ਦੀ ਸਿੱਖ ਇਤਿਹਾਸ ਸਭਾ ਨੂੰ ਵਿਖਿਆਨ ਦੇਣ ਲਈ ਪਧਾਰੀ। ਸ਼੍ਰੋਮਣੀ ਕਮੇਟੀ ਨੇ 27 ਅਕਤੂਬਰ, 1846 ਨੂੰ 822 ਨੰਬਰ ਮਤੇ 'ਚ ਲਾਇਬਰੇਰੀ ਖੋਲ੍ਹਣ ਦਾ ਫ਼ੈਸਲਾ ਕਰ ਲਿਆ ਸੀ ਪਰ ਇਹ ਲਾਇਬਰੇਰੀ ਗੁਰੂ ਰਾਮਦਾਸ ਸਰਾਂ ਦੇ ਚਾਰ ਨੰਬਰ ਹਾਲ 'ਚ 9 ਫਰਵਰੀ 1947 ਨੂੰ ਖੋਲ੍ਹੀ ਗਈ।

ਨਨਕਾਣਾ ਸਾਹਿਬ ਪਿਛੋਂ ਦਰਬਾਰ ਸਾਹਿਬ ਸਿੱਖਾਂ ਦਾ ਸਭ ਤੋਂ ਪੂਜਣਯੋਗ ਅਸਥਾਨ ਹੋਣ ਕਰਕੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਗ੍ਰੰਥਾਂ ਦੇ ਲਿਖਣ ਅਤੇ ਸਾਂਭਣ ਦਾ ਸਿਲਸਿਲਾ ਚੱਲ ਪਿਆ ਸੀ, ਜੋ ਮਹਾਰਾਜਾ ਰਣਜੀਤ ਸਿੰਘ ਵੇਲੇ ਵੱਖੋ-ਵੱਖਰੇ ਸ਼ਹਿਜ਼ਾਦਿਆਂ ਵੱਲੋਂ ਉਸਾਰੇ ਬੁੰਗਿਆਂ ਵਿਚ ਹੋਰ ਵੀ ਵਿਕਸਤ ਹੋਇਆ। ਇਹ ਖਰੜੇ ਹੱਥੋਂ ਹੱਥੀ ਸੰਪਰਦਾਵਾਂ ਦੇ ਮੁਖੀਆਂ ਕੋਲ ਚਲੇ ਆਉਂਦੇ ਸਨ। ਸਿੱਖਾਂ, ਸੰਪਰਦਾਵਾਂ ਅਤੇ ਕਈ ਸੰਸਥਾਵਾਂ ਵੱਲੋਂ ਪੁਰਾਣੇ ਹਥ-ਲਿਖਤ ਗ੍ਰੰਥ, ਸੈਂਚੀਆਂ ਆਦਿ ਜਮ੍ਹਾਂ ਕਰਾਈਆਂ ਜਾਣ ਲਗੀਆਂ, ਜੋ ਇਸ ਲਾਇਬਰੇਰੀ ਦੀ ਸਮੱਗਰੀ ਬਣੀ। ਸੰਨ 1958 ਵਿਚ ਇਹ ਲਾਇਬਰੇਰੀ ਬਾਬਾ ਦੀਪ ਸਿੰਘ ਵਾਲੇ ਬੁੰਗੇ ਵਿਚ ਲਿਆਂਦੀ ਗਈ। ਸ਼੍ਰੋਮਣੀ ਕਮੇਟੀ ਨੇ ਨਜ਼ਰਸਾਨੀ ਕਰਨ ਲਈ ਸਿੱਖ ਇਤਿਹਾਸ ਬੋਰਡ ਬਣਾਇਆ। ਸੰਨ 1947 ਤੋਂ 1950 ਵਿਆਂ ਦੇ ਅਖੀਰ ਤਕ ਇਸ ਲਾਇਬਰੇਰੀ ਵਿਚ ਆਏ ਖਰੜਿਆਂ ਅਤੇ ਪੁਸਤਕਾਂ ਦੀ ਪਹਿਲੀ ਸੂਚੀ ਗੰਡਾ ਸਿੰਘ ਹੁਰਾਂ ਦੀ ਹਿੰਮਤ ਨਾਲ ਪ੍ਰਕਾਸ਼ਤ ਹੋਈ, ਜੋ ਪਿਛੋਂ ਬਕਾਇਦਾ ਸੋਧੀ ਗਈ। ਇਸ ਵਿਚ ਗੁਰੂ ਗ੍ਰੰਥ, ਦਸਮ ਗ੍ਰੰਥ ਦੀਆਂ ਹੱਥ ਲਿਖਤ ਬੀੜਾਂ ਤੋਂ ਇਲਾਵਾ ਸਿੱਖ ਇਤਿਹਾਸ ਦੀਆਂ ਹੋਰ ਹੱਥ ਲਿਖਤਾਂ ਅਤੇ ਕਿੰਨੇ ਪੁਰਾਣੇ ਗ੍ਰੰਥ ਸਨ। ਜਿਨ੍ਹਾਂ 'ਚ ਹਿੰਦੂ ਧਰਮ ਦੇ ਸ਼ਾਸਤਰ, ਪੰਜਾਬੀ ਸਾਹਿਤ ਦੀਆ ਹੱਥ-ਲਿਖਤਾਂ, ਉਰਦੂ ਅਤੇ ਫਾਰਸੀ ਦੀਆਂ ਪੁਸਤਕਾਂ ਇਕੱਤਰ ਹੋਏ। ਇਸ ਦੀਆਂ ਸੂਚੀਆਂ ਸਿੱਖ ਇਤਿਹਾਸ ਬੋਰਡ ਨੇ ਛਾਪੀਆਂ। ਇਸੇ ਸਿਲਸਿਲੇ ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਸਿੱਖਾਂ ਦੀਆਂ ਹੱਥ ਲਿਖਤ ਬੀੜਾਂ ਦੀ ਪੁਸਤਕ ਛਾਪੀ।

ਜਦੋਂ ਸੰਨ 1984 ਦਾ ਘੱਲੂਘਾਰਾ ਵਾਪਰਿਆ ਤਾਂ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਪਏ ਸਿੱਖ ਵਿਰਸੇ ਬਾਰੇ ਫਿਕਰ ਹੋਣਾ ਕੁਦਰਤੀ ਹੀ ਸੀ। ਮਾਰਕ ਤੁਲੀ ਨੇ ਲਿਖਿਆ ਹੈ ਕਿ ਲੜਾਈ ਮੁੱਕਣ ਮੱਗਰੋਂ ਜਦ ਮਦਰਾਸੀ ਫੌਜੀਆਂ ਦੀ ਰੈਜਮੈਂਟ ਸਵੇਰ ਦਾ ਖਾਣਾ ਖਾ ਰਹੀ ਸੀ, ਤਾਂ ਲਾਇਬਰੇਰੀ ਦੇ ਕਿਸੇ ਖੂੰਜੇ ਤੋਂ ਇਕ ਗੋਲੀ ਦੀ ਆਵਾਜ਼ ਸੁਣਦੇ ਸਾਰ ਇਨ੍ਹਾਂ ਫ਼ੌਜੀਆਂ ਵੱਲੋਂ ਜਵਾਬੀ ਗਰਨੇਡਾਂ ਦੀ ਕੀਤੀ ਵਰਖਾ ਨਾਲ ਇਸ ਨੂੰ ਅੱਗ ਲੱਗੀ। ਇਸ ਲਾਇਬਰੇਰੀ ਦੀਆਂ ਪੁਸਤਕਾਂ ਅਤੇ ਖਰੜਿਆਂ ਨੂੰ ਬਕਾਇਦਾ ਟਰੱਕਾਂ ਰਾਹੀਂ ਸ਼ਹਿਰ ਦੀ ਛਾਉਣੀ ਪਹੁੰਚਾ ਦਿੱਤਾ ਸੀ, ਜਿੱਥੇ ਕਾਰਵਾਈ ਕਰਦੇ ਹੋਏ ਇਸ ਨੂੰ ਏਅਰਪੋਰਟ ਰਾਹੀਂ ਜਲੰਧਰ ਅਤੇ ਕੁਝ ਹਿੱਸੇ ਨੂੰ ਚੰਡੀਗੜ੍ਹ ਫੌਜ ਦੇ ਕੇਂਦਰ ਵਿਚ ਪਹੁੰਚਾਇਆ ਗਿਆ। ਇਥੇ ਇਸ ਦੀ ਹੋਰ ਪੜਤਾਲ ਕੀਤੀ ਗਈ।

ਕੀ ਕੁਝ ਫ਼ੌਜ ਚੁੱਕ ਕੇ ਲੈ ਗਈ, ਉਸ ਵੱਲੋਂ ਫਿਰ ਕੀ ਮੋੜਿਆ ਗਿਆ, ਇਹ ਸਵਾਲ ਅਹਿਮ ਸਨ। ਫ਼ੌਜ ਵੱਲੋਂ ਕੁਝ ਸਮੱਗਰੀ ਦੀ ਵਾਪਸੀ ਦੀ ਤਸਦੀਕ ਤਾਂ ਫਾਈਲਾਂ ਰਾਹੀਂ ਹੁੰਦੀ ਸੀ ਪਰ ਹਰ ਵਾਰੀ ਕੀ ਮੋੜਿਆ ਗਿਆ, ਇਸ ਦੀ ਤਫਸੀਲ ਸਾਫ਼ ਨਹੀਂ। ਰਣਜੀਤ ਸਿੰਘ ਨੰਦਾ, ਜੋ ਪੰਜਾਬ ਪੁਲੀਸ ਚ ਇੰਸਪੈਕਟਰ ਸੀ, ਦੇ ਬਿਆਨਾਂ ਅਨੁਸਾਰ ਜਦ ਇਹ ਸਮੱਗਰੀ ਅੰਮ੍ਰਿਤਸਰ ਏਅਰਪੋਰਟ 'ਤੇ ਉਤਾਰੀ ਤਾਂ ਉਹ ਹਾਜ਼ਰ ਸੀ, ਉਸ ਦੇ ਨਾਲ ਦੂਜੇ ਸਿੱਖ ਪੁਲੀਸ ਅਧਿਕਾਰੀ ਸ਼ਬਦਲ ਸਿਘ ਸਨ, ਜਿਸ ਦੇ ਬਿਆਨ ਵੀ ਇਸ ਦੀ ਹਾਮੀ ਭਰਦੇ ਹਨ। ਕੁਝ ਸਾਲਾਂ ਪਿੱਛੋਂ ਇੱਕ ਅਖਬਾਰ ਵਿਚ ਇਨ੍ਹਾਂ ਦੋਹਾਂ ਅਧਿਕਾਰੀਆਂ ਦੀ ਦਰਬਾਰ ਸਾਹਿਬ ਦੇ ਘੱਲੂਘਾਰੇ ਬਾਰੇ ਲੇਖ ਜਾਂ ਟਿੱਪਣੀ ਛਪੀ। ਉਸ ਵਿਚ ਉਨ੍ਹਾਂ ਵੱਲੋਂ ਦੱਸਣ ਅਨੁਸਾਰ ਫੌਜ ਵਲੋਂ ਲਿਸਟ ਬਣਾਈ ਗਈ ਸੀ, ਜੋ ਬਕਾਇਦਾ ਰਜਿਸਟਰਾਂ ਵਿਚ ਵੀ ਚਾੜ੍ਹੀ ਗਈ।

ਜਿਥੋਂ ਤਕ ਰੈਫਰੈਂਸ ਲਾਇਬਰੇਰੀ ਦੇ ਨੁਕਸਾਨ ਦਾ ਸਬੰਧ ਹੈ, ਇਸ ਬਾਰੇ ਚੱਲਿਆ ਵਿਵਾਦ ਹੋਰ ਵੀ ਕਸ਼ਟ ਦੇਣ ਵਾਲਾ ਹੈ ਕਿਉਂਕਿ ਇਕ ਪਾਸੇ ਤਾਂ ਸਰਕਾਰ ਵੱਲੋਂ ਬਿਆਨ ਹਨ, ਜਿਨ੍ਹਾਂ ਅਨੁਸਾਰ ਬਹੁਤ ਸਾਰਾ ਮਸੌਦਾ ਵਾਪਿਸ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਲਾਇਬਰੇਰੀ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਕਈ ਵੱਖਰੇ-ਵੱਖਰੇ ਬਿਆਨ ਆ ਚੁੱਕੇ ਹਨ, ਜਿਸ ਵਿਚ ਦਵਿੰਦਰ ਸਿੰਘ ਦੁੱਗਲ ਜੋ ਸੰਨ 1984 ਦੌਰਾਨ ਇਸ ਲਾਇਬਰੇਰੀ ਦੇ ਇੰਚਾਰਜ ਸਨ, ਨੇ ਖਾਲੀ ਕਾਗਜ਼ 'ਤੇ ਫੌਜੀ ਹੁਕਮ 'ਤੇ ਜਬਰੀ ਦਸਤਖਤ ਕਰਨੋਂ ਇਨਕਾਰ ਕਰ ਦਿੱਤਾ ਸੀ।

ਕਿਤਾਬਾਂ ਵਾਪਸ ਕਰਨ ਬਾਰੇ ਫ਼ੌਜੀ ਅਧਿਕਾਰੀਆਂ ਦੇ ਬਿਆਨ ਵੀ ਮੇਲ ਨਹੀਂ ਖਾਂਦੇ। ਕੇਂਦਰ ਦੀ ਵੀਪੀ. ਸਿੰਘ ਸਰਕਾਰ 'ਚ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ ਬਹੁਤ ਸਾਰੇ ਖਰੜੇ ਸੁਰੱਖਿਅਤ ਹਨ, ਜੋ ਸ਼੍ਰੋਮਣੀ ਕਮੇਟੀ ਸੰਪਰਕ ਕਰਕੇ ਲੈ ਲਵੇ। ਫੌਜੀ ਅਧਿਕਾਰੀ ਇਸ ਤੋਂ ਇਨਕਾਰੀ ਹੋਏ ਸਨ। ਇਸ ਸਬੰਧੀ ਸਤਨਾਮ ਸਿੰਘ ਪੰਡੋਰੀ ਮਨਾਵਾਂ (ਜ਼ਿਲ੍ਹਾ ਤਰਨ ਤਾਰਨ) ਵੱਲੋਂ ਹਾਈ ਕੋਰਟ ਵਿਚ ਮੁਕੱਦਮਾ ਵੀ ਕੀਤਾ ਗਿਆ, ਜਿਸ ਨੇ ਇਹ ਮਾਮਲਾ ਨਿਤਾਰਿਆ ਨਹੀਂ, ਸਗੋਂ ਸਰਕਾਰੀ ਵਕੀਲਾਂ ਨੇ ਇਸ ਨੂੰ ਨਿਗੂਣਾ ਸਮਝ ਗੰਧਲਾਇਆ ਹੀ ਹੈ। ਇਸ ਮੁਕੱਦਮੇ ਦੀ ਕਾਪੀ ਕਢਾ ਕੇ ਮੈਂ ਇਸ ਲਾਇਬਰੇਰੀ ਵਿੱਚ ਜਮ੍ਹਾਂ ਕਰਾ ਚੁੱਕਾ ਹਾਂ। ਸਰਕਾਰੀ ਅਧਿਕਾਰੀਆਂ ਅਤੇ ਬਾਕੀ ਲੋਕਾਂ ਨੂੰ ਦੱਸਣ ਦੀ ਲੋੜ ਹੈ ਕਿ ਇਹ ਵਿਰਸਾ ਇਕੱਲਾ ਸਿੱਖਾਂ ਦਾ ਨਾ ਹੋ ਕੇ ਸਮੁੱਚੇ ਭਾਰਤ ਦਾ ਹੈ। ਕਿਸੇ ਵੀ ਮੁਲਕ ਦੀ ਹਕੂਮਤ ਕਿਸੇ ਘੱਟ ਗਿਣਤੀ ਕੌਮ ਦੇ ਇਤਿਹਾਸ ਨਾਲ ਅਜਿਹਾ ਖਿਲਵਾੜ ਕਰ ਕੇ ਸੱਭਿਅਕ ਹੋਣਾ ਨਹੀਂ ਕਹਾ ਸਕਦੀ।

## ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਤਾਲਿਬਾਨ ਨੂੰ ਵੀ ਝੁਕਾਇਆ

ਕਿਉਂਕਿ ਉਸ ਨੇ ਅੰਦਰਖਾਤੇ ਸਈਅਦ ਅਹਿਮਦ ਦੀ ਮਦਦ ਕੀਤੀ ਸੀ। ਇਸ ਦੇ ਸਿੱਟੇ ਵਜੋਂ ਉਸ ਨੇ ਯਾਰ-ਮੁਹੰਮਦ ਪਾਸੋਂ ਭਾਰੀ ਰਕਮ ਨਜ਼ਰਾਨੇ ਦੇ ਰੂਪ ਵਿਚ ਹਾਸਲ ਕੀਤੀ ਅਤੇ ਉਸ ਨੂੰ ਪਿਸ਼ਾਵਰ ਦਾ ਗਵਰਨਰ ਥਾਪ ਕੇ ਲਾਹੌਰ ਪਰਤ ਆਇਆ।

ਦੂਜੇ ਪਾਸੇ ਸੱਯਦ ਅਹਿਮਦ ਜੋ ਕਿ ਪਿਸ਼ਾਵਰ ਦੇ ਆਸ-ਪਾਸ ਹੀ ਕਿਤੇ ਲੁਕਿਆ ਹੋਇਆ ਸੀ, ਇਕ ਵਾਰ ਫਿਰ ਆਸ-ਪਾਸ ਦੇ ਕਬਾਇਲੀ ਲੋਕਾਂ ਨੂੰ ਯਾਰ ਮੁਹੰਮਦ ਦੇ ਖਿਲਾਫ ਭੜਕਾਉਣ ਲੱਗ ਪਿਆ ਕਿ ਉਹ ਮਹਾਰਾਜਾ ਰਣਜੀਤ ਸਿੰਘ ਦਾ ਗੁਲਾਮ ਅਤੇ ਮੁਸਲਿਮ ਕਬੀਲਿਆਂ ਦਾ ਦੁਸ਼ਮਣ ਸੀ। ਉਸ ਨੇ ਸੰਨ 1929 ਈ. ਵਿਚ ਵੱਡੀ ਗਿਣਤੀ ਵਿਚ ਗਾਜ਼ੀ ਇਕੱਤਰ ਕਰਕੇ ਪਿਸ਼ਾਵਰ ਉੱਪਰ ਹਮਲਾ ਕਰ ਦਿੱਤਾ। ਇਕ ਝੜਪ ਦੌਰਾਨ ਯਾਰ ਮੁਹੰਮਦ ਸਖ਼ਤ ਜ਼ਖਮੀ ਹੋ ਕੇ ਮਾਰਿਆ ਗਿਆ ਅਤੇ ਮੈਦਾਨ ਸੱਯਦ ਅਹਿਮਦ ਦੇ ਹੱਥ ਆ ਗਿਆ। ਉਸ ਨੇ ਪਿਸ਼ਾਵਰ ਦੀ ਖ਼ੂਬ ਲੁੱਟਮਾਰ ਕੀਤੀ ਅਤੇ ਉਥੇ ਆਪਣੀ ਬਣਾਈ ਸ਼ਰ੍ਹਾ ਲਾਗੂ ਕਰ ਦਿੱਤੀ। ਇਨ੍ਹੀਂ ਦਿਨੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਕਮਾਂਡਰ ਜਨਰਲ ਵੈਨਤੁਰਾ ਆਪਣੀ ਇਕ ਅਨੁਸ਼ਾਸਿਤ ਫ਼ੌਜੀ ਟੁਕੜੀ ਨਾਲ ਪਿਸ਼ਾਵਰ ਵੱਲ ਲੈਲੀ ਨਾਮ ਦੀ ਇਕ ਘੋੜੀ ਨੂੰ ਲਿਆਉਣ ਗਿਆ ਹੋਇਆ ਸੀ। ਉਥੇ ਸਈਅਦ ਅਹਿਮਦ ਦੀ ਜਿਹਾਦੀ ਫ਼ੌਜ ਅਤੇ ਜਨਰਲ ਵੈਨਤੁਰਾ ਦੀ ਅਨੁਸ਼ਾਸਿਤ ਖ਼ਾਲਸਾ ਫ਼ੌਜੀ ਟੁਕੜੀ ਦਰਮਿਆਨ ਇਕ ਸਖ਼ਤ ਝੜਪ ਹੋਈ, ਜਿਸ ਵਿਚ ਜਹਾਦੀ ਫ਼ੌਜ ਹਾਰ ਗਈ ਅਤੇ ਸਈਅਦ ਅਹਿਮਦ ਜਾਨ ਬਚਾ ਕੇ ਫਿਰ ਭੱਜ ਗਿਆ। ਜਨਰਲ ਵੈਨਤੁਰਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਦਾਇਤ ਮੁਤਾਬਕ ਇਸ ਵਾਰ ਪਿਸ਼ਾਵਰ ਦਾ ਗਵਰਨਰ ਮਰਹੂਮ ਯਾਰ ਮੁਹੰਮਦ ਦੇ ਭਰਾ ਸੁਲਤਾਨ ਮੁਹੰਮਦ ਨੂੰ ਥਾਪ ਦਿੱਤਾ।

ਜਿਉਂ ਹੀ ਜਨਰਲ ਵੈਨਤੁਰਾ ਆਪਣੀ ਖ਼ਾਲਸਾ ਫ਼ੌਜ ਸਮੇਤ ਵਾਪਸ ਲਾਹੌਰ ਪਰਤਿਆ, ਉਦੋਂ ਫਿਰ ਸੱਯਦ ਅਹਿਮਦ ਨੇ ਪੇਸ਼ਾਵਰ ਉੱਤੇ ਹਮਲਾ ਕਰ ਦਿੱਤਾ ਅਤੇ ਕਤਲੋਗਾਰਤ ਕੀਤੀ। ਸੁਲਤਾਨ ਮੁਹੰਮਦ ਉਸ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਭੱਜ ਗਿਆ। ਇਸ ਵਾਰ ਪਿਸ਼ਾਵਰ ਫਿਰ ਤੋਂ ਸੱਯਦ ਦੇ ਕਬਜ਼ੇ ਹੇਠ ਆ ਗਿਆ। ਸੰਨ 1830 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਕਮਾਨ ਹੇਠ ਭਾਰੀ ਫ਼ੌਜ ਨਾਲ ਪਿਸ਼ਾਵਰ ਉੱਤੇ ਹਮਲਾ ਕੀਤਾ ਪਰ ਸੱਯਦ ਲੜਾਈ ਕਰਨ ਤੋਂ ਪਹਿਲਾਂ ਹੀ ਡਰਦਾ ਭੱਜ ਗਿਆ। ਮਹਾਰਾਜਾ ਪੇਸ਼ਾਵਰ ਦੀ ਵਾਗਡੋਰ ਸੁਲਤਾਨ ਮੁਹੰਮਦ ਦੇ ਹੱਥ ਸੌਂਪ ਕੇ ਵਾਪਸ ਪਰਤ ਆਇਆ ਪਰ ਸਈਅਦ ਅਹਿਮਦ ਨੇ ਫਿਰ ਆ ਕੇ ਖਰੂਦ ਮਚਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਇਸ ਵਾਰ ਪਿਸ਼ਾਵਰ ਉੱਤੇ ਕਬਜ਼ਾ ਤਾਂ ਨਾ ਕੀਤਾ ਪਰ ਉੱਥੋਂ ਦੇ ਵਸਨੀਕਾਂ ਉੱਪਰ ਆਪਣੀ ਬਣਾਈ ਸ਼ਰ੍ਹਾ ਲਾਗੂ ਕਰ ਦਿੱਤੀ ਅਤੇ ਸੁਲਤਾਨ ਮੁਹੰਮਦ ਨੂੰ ਧਮਕਾ ਕੇ ਉਸ ਪਾਸੋਂ ਤਿੰਨ ਹਜ਼ਾਰ ਰੁਪਇਆ ਮਹੀਨਾ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ। ਹੁਣ ਉਸ ਨੇ ਆਪਣੇ ਵੱਲੋਂ ਮੌਲਵੀ ਅਤੇ ਕਾਜ਼ੀ ਵੀ ਨਿਯੁਕਤ ਕਰ ਦਿੱਤੇ ਅਤੇ ਸਥਾਨਕ ਮੁਸਲਿਮ ਲੋਕਾਂ ਨੂੰ ਆਪਣੇ ਵੱਲੋਂ ਸ਼ੁਰੂ ਕੀਤੇ ਵਹਾਬੀ ਮੱਤ 'ਤੇ ਚੱਲਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਇਕ ਫ਼ਤਵੇ ਰਾਹੀਂ ਹਰ ਵਿਧਵਾ ਮੁਸਲਿਮ ਔਰਤ ਨੂੰ ਤਿੰਨ ਦਿਨਾਂ ਦੇ ਅੰਦਰ ਸ਼ਾਦੀ ਕਰਵਾਉਣ ਦਾ ਹੁਕਮ ਦਿੱਤਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤਾਂ ਦੇ ਘਰ-ਬਾਰ ਸਾੜਨ ਅਤੇ ਹੋਰ ਭਿਆਨਕ ਸਰੀਰਕ ਤਸੀਹੇ ਦੇਣ ਦੀਆਂ ਧਮਕੀਆਂ ਦਿੱਤੀਆਂ। ਇਸੇ ਤਰ੍ਹਾਂ ਦੇ ਇਕ ਹੋਰ ਧਾਰਮਿਕ ਫਤਵੇ ਰਾਹੀਂ ਸਭ ਕੁਆਰੀਆ ਮੁਸਲਿਮ ਲੜਕੀਆਂ ਨੂੰ ਬਾਰਾਂ ਦਿਨਾਂ ਦੇ ਅੰਦਰ-ਅੰਦਰ ਨਿਕਾਹ ਕਰਵਾ ਲੈਣ ਦਾ ਹੁਕਮ ਕੀਤਾ ਅਤੇ ਇਸ ਦੀ ਪ੍ਰਵਾਹ ਨਾ ਕਰਨ ਵਾਲੀਆਂ ਨੂੰ ਗਾਜ਼ੀਆਂ ਦੇ ਹਵਾਲੇ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਅਜਿਹੇ ਪੁੱਠੇ ਸਿੱਧੇ ਧਾਰਮਿਕ ਫ਼ੁਰਮਾਨਾਂ ਨੂੰ ਉੱਥੋਂ ਦੇ ਕਬਾਇਲੀ ਲੋਕ ਸਹਿਨ ਨਾ ਕਰ ਸਕੇ ਅਤੇ ਉਨ੍ਹਾਂ ਨੇ ਸਈਅਦ ਦੇ ਖਿਲਾਫ ਬਗਾਵਤ ਕਰ ਦਿੱਤੀ। ਸਥਾਨਕ ਕਬਾਇਲੀਆਂ ਅਤੇ ਸਈਅਦ ਦੇ ਯੂਪੀ. ਦੇ ਜਿਹਾਦੀਆਂ ਦਰਮਿਆਨ ਖ਼ੂਨੀ ਝੜਪਾਂ ਹੋਣ ਲੱਗ ਪਈਆਂ, ਜਿਨ੍ਹਾਂ ਵਿਚ ਬਹੁਤ ਸਾਰੇ ਜਿਹਾਦੀ ਮਾਰੇ ਗਏ। ਇਕ ਵਾਰ ਕਬਾਇਲੀ ਲੋਕਾਂ ਨੇ ਇਕੱਠੇ ਹੋ ਕੇ ਸਈਅਦ ਅਹਿਮਦ ਉਪਰ ਵੀ ਹਮਲਾ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਫਿਰ ਭਾਰੀ ਗਿਣਤੀ ਵਿਚ ਯੂਪੀ. ਦੇ ਮੁਸਲਿਮ ਖਰੂਦੀ ਮਾਰੇ ਗਏ ਅਤੇ ਸੱਯਦ ਅਟਕ ਦਰਿਆ ਦੇ ਕਿਨਾਰੇ ਵਾਲੇ ਪੱਖਲੀ ਅਤੇ ਧੰਧੋੜ ਦੇ ਪਹਾੜੀ ਇਲਾਕਿਆਂ ਵੱਲ ਜਾਨ ਬਚਾ ਕੇ ਭੱਜ ਗਿਆ। ਸਈਅਦ ਅਤੇ ਸਥਾਨਕ ਕਬਾਇਲੀ ਲੋਕਾਂ ਦਰਮਿਆਨ ਹੋਏ ਖ਼ੂਨੀ ਸੰਘਰਸ਼ਾਂ ਬਾਬਤ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਵਿਖੇ ਖਬਰ ਮਿਲੀ, ਉਦੋਂ ਉਸ ਨੇ ਉਨ੍ਹਾਂ ਇਲਾਕਿਆਂ ਵਿਚ ਖਰੂਦੀ ਸਈਅਦ ਅਤੇ ਉਸ ਦੇ ਸਾਥੀਆਂ ਨਾਲ ਨਜਿੱਠਣ ਲਈ ਸੰਨ 1831 ਈ. ਵਿਚ ਕੰਵਰ ਸ਼ੇਰ ਸਿੰਘ ਦੀ ਅਗਵਾਈ ਵਿਚ ਅਨੁਸ਼ਾਸਤ ਫ਼ੌਜ ਨੂੰ ਪਿਸ਼ਾਵਰ ਵੱਲ ਰਵਾਨਾ ਕੀਤਾ। ਇਹ ਫ਼ੌਜ ਪੂਰਾ ਇਕ ਸਾਲ ਸੱਯਦ ਅਤੇ ਉਸ ਦੇ ਸਾਥੀਆਂ ਨੂੰ ਦੁਰਗਮ ਪਹਾੜੀ ਇਲਾਕਿਆਂ ਵਿਚ ਲੱਭਦੀ ਰਹੀ। ਕੰਵਰ ਸ਼ੇਰ ਸਿੰਘ ਦੀ ਫ਼ੌਜ ਦੀ ਅਗਲੀ ਕਤਾਰ ਵਿਚ ਤਲਵਾਰਾਂ ਨਾਲ ਸੀਨਾ ਬ ਸੀਨਾ ਲੜਾਈ ਕਰਨ ਵਾਲੇ ਜਾਂਬਾਜ਼ ਅਕਾਲੀ ਸਿੰਘਾਂ ਦਾ ਇਕ ਜਥਾ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਸੀ, ਜਿਨ੍ਹਾਂ ਦਾ ਲੜਾਈ ਦੇ ਮੈਦਾਨ ਵਿਚ ਕੋਈ ਸਾਨੀ ਨਹੀਂ ਸੀ। ਇਕ ਦਿਨ ਇਸ ਜਥੇ ਅਤੇ ਸਈਅਦ ਅਹਿਮਦ ਦਰਮਿਆਨ ਆਹਮੋ-ਸਾਹਮਣੇ ਹੱਥੋ-ਹੱਥ ਮੁਕਾਬਲਾ ਹੋ ਗਿਆ। ਇਸ ਮੁਕਾਬਲੇ ਨੂੰ ਅੱਖੀਂ ਵੇਖਣ ਵਾਲਾ ਸਈਅਦ ਅਹਿਮਦ ਦੀ ਫ਼ੌਜ ਦਾ ਅਮਰੀਕਨ ਨਿਸ਼ਾਨੇਬਾਜ਼ ਅਲੈਗਜ਼ੈਂਡਰ ਗਾਰਡਨਰ ਵੀ ਸੀ, ਜੋ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਕਰਨਲ ਦੇ ਅਹਿਮ ਅਹੁਦੇ 'ਤੇ ਤਾਇਨਾਤ ਰਿਹਾ। ਉਹ ਆਪਣੇ ਦੁਆਰਾ ਅੰਗਰੇਜ਼ੀ ਵਿਚ ਲਿਖਤ ਇਕ ਸਫਰਨਾਮਾ ਦੇ ਪੰਨਿਆਂ 166-73 ਵਿਚ ਲਿਖਦਾ ਹੈ ਕਿ ਹਿੰਦੁਸਤਾਨ ਵੱਲ ਹਿਜਰਤ ਕਰਦਿਆਂ ਸਫਰ ਦੌਰਾਨ ਉਹ ਪਿਸ਼ਾਵਰ ਦੇ ਆਸ-ਪਾਸ ਦੇ ਪਹਾੜੀ ਇਲਾਕਿਆਂ ਵਿੱਚੋਂ ਜਦੋਂ ਗੁਜ਼ਰ ਰਿਹਾ ਸੀ, ਉਦੋਂ ਸਈਅਦ ਅਹਿਮਦ ਦੁਆਰਾ ਪ੍ਰੇਰੇ ਜਾਣ 'ਤੇ ਉਹ ਉਸ ਦੀ ਇਕ ਜਿਹਾਦੀ ਹਥਿਆਰਬੰਦ ਟੋਲੀ ਦਾ ਕਮਾਂਡਰ ਬਣ ਗਿਆ ਸੀ ਅਤੇ ਜਦੋਂ ਸਿੱਖਾਂ ਨਾਲ ਮੁਕਾਬਲਾ ਹੋਇਆ ਉਦੋਂ ਉਸ ਨੇ ਕੁਝ ਸੌ ਗਜ਼ਾਂ ਦੀ ਦੂਰੀ ਤੋਂ ਸਈਅਦ ਨੂੰ ਸਿੱਖ ਫ਼ੌਜ ਨਾਲ ਹੱਥੋ-ਹੱਥੀਂ ਲੜਾਈ ਕਰਦੇ ਵੇਖਿਆ ਸੀ। ਸਈਅਦ ਅਤੇ ਉਸ ਦਾ ਇਕ ਮੌਲਵੀ ਸਾਥੀ ਹਥਿਆਰਾਂ ਦੀਆਂ ਸੈਂਕੜੇ ਸੱਟਾਂ ਨਾਲ ਵਿੰਨ੍ਹੇ ਡਿੱਗੇ ਪਏ ਸਨ। ਉਨ੍ਹਾਂ ਨਾਲ ਜੋ ਵੀ ਸਾਥੀ ਸਨ ਉਹ ਮਾਰੇ ਗਏ ਅਤੇ ਮੁੱਖ ਟੋਲੀ ਜਿਧਰ ਰਾਹ ਲੱਭਾ ਉਧਰ ਹੀ ਭੱਜ ਗਈ। ਸਈਅਦ ਦੇ ਮਾਰੇ ਜਾਣ ਮਗਰੋਂ ਉਸ ਦੇ ਚੇਲਿਆਂ (ਖੈਬਰੀ ਅਤੇ ਯੂਸਫ਼ਜ਼ਈ ਪਠਾਣਾਂ) ਨੇ ਹਿੰਦੋਸਤਾਨੀ (ਯੂਪੀ.) ਦੇ ਜਿਹਾਦੀਆਂ ਨੂੰ ਕਤਲ ਕਰ ਦਿੱਤਾ ਅਤੇ ਉਨ੍ਹਾਂ ਪਾਸੋਂ ਲੁੱਟਮਾਰ ਦੀ ਸਾਰੀ ਧਨ-ਦੌਲਤ ਖੋਹ ਲਈ। ਸਮਕਾਲੀ ਇਤਿਹਾਸਕਾਰ ਅਮਰਨਾਥ ਆਪਣੀ ਲਿਖਤ ਜ਼ਫਰਨਾਮਾ ਵਿਚ ਲਿਖਦਾ ਹੈ, ਕਿ ਕੰਵਰ ਸ਼ੇਰ ਸਿੰਘ ਨੇ ਇਕ ਚਿਤਰਕਾਰ ਮੰਗਵਾ ਕੇ ਉਸ (ਸਈਅਦ) ਦੀ ਤਸਵੀਰ ਬਣਵਾਈ ਸੀ ਤਾਂ ਕਿ ਇਸ ਅਖੌਤੀ ਦਰਵੇਸ਼ ਦੀ ਨਕਲੀ ਸ਼ਕਲ ਅਤੇ ਉਸ ਦੇ ਅਸਲੀ ਕੰਮਾਂ ਤੋਂ ਜਨਤਾ ਨੂੰ ਜਾਣੂ ਕਰਵਾਇਆ ਜਾ ਸਕੇ। ਇਕ ਹੋਰ ਸਮਕਾਲੀ ਇਤਿਹਾਸਕਾਰ ਪੰਡਿਤ ਦੇਬੀ ਪ੍ਰਸਾਦ ਆਪਣੀ ਲਿਖਤ 'ਗੁਲਸ਼ਨੇ ਪੰਜਾਬ' ਵਿਚ ਲਿਖਦਾ ਹੈ ਕਿ ਸੱਯਦ ਦਾ ਸਿਰ ਕੱਟ ਕੇ ਸ਼ਨਾਖਤ ਲਈ ਲਾਹੌਰ ਭੇਜਿਆ ਗਿਆ ਸੀ। ਇਕ ਅੰਗਰੇਜ਼ ਲਿਖਾਰੀ ਕੈਪਟਨ ਵੇਡ ਲਿਖਦਾ ਹੈ ਕਿ ਸਈਅਦ ਬਾਲਾਕੋਟ ਦੇ ਸਥਾਨ 'ਤੇ ਹੋਈ ਇਕ ਝੜਪ ਵਿਚ ਕੰਵਰ ਸ਼ੇਰ ਸਿੰਘ ਹੱਥੋਂ ਮਾਰਿਆ ਗਿਆ ਸੀ। ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉਸ ਇਲਾਕੇ ਦੀ ਫ਼ੌਜੀ ਕਮਾਨ ਸਰਦਾਰ ਹਰੀ ਸਿੰਘ ਨਲਵੇ ਹੱਥ ਦੇ ਦਿੱਤੀ ਸੀ।

## "ਸਿੱਖਾਂ ਤੇ ਦਲਿਤਾਂ ਨਾਲ ਬੇਇਨਸਾਫੀਆਂ ਵਿਚ 'ਆਪਣਿਆਂ' ਦੀ ਸ਼ਮੂਲੀਅਤ ਦਾ ਰੁਝਾਨ ਖਤਰਨਾਕ"

ਵਿਸ਼ਵਾਸ ਨਹੀਂ ਹੋ ਰਿਹਾ। ਕਾਂਗਰਸ ਅਤੇ ਬਾਦਲ ਦਲ ਨੂੰ ਲਿਫਾਫਾ ਕਲਚਰ ਲਈ ਕੋਸਣ ਵਾਲੇ ਡਿਕਟੇਟਰਸ਼ਿੱਪ ਨਾਲ ਆਪਣੇ ਲਿਫਾਫੇ ਠੋਸ ਕੇ ਸੰਸਥਾਵਾਂ ਨੂੰ ਖਤਮ ਅਤੇ ਵਰਕਰਾਂ ਦੀ ਹਿੰਮਤ ਨੂੰ ਚਕਨਾਚੂਰ ਕਰ ਰਹੇ ਹਨ। ਹੁਣ ਤਾਂ ਵਾਹਿਗੁਰੂ ਜੀ ਹੀ ਕੌਮ ਉੱਪਰ ਮਿਹਰ ਕਰਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਫਾਰਸ਼ 'ਤੇ ਫੌਰਨ ਕਾਰਵਾਈ ਕਰਦਿਆਂ ਰਾਜਪਾਲ ਮਿ. ਬਦਨੌਰ ਨੇ ਸੰਨ 1993 ਦੇ ਇਕ ਝੂਠੇ ਪੁਲੀਸ ਮੁਕਾਬਲੇ ਵਿੱਚ ਅਦਾਲਤ ਵੱਲੋਂ ਸਜ਼ਾਯਾਫਤਾ ਪੁਲੀਸ ਵਾਲਿਆਂ ਨੂੰ ਸਿਰਫ 4 ਕੁ ਸਾਲ ਅੰਦਰ ਹੀ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਸ ਹਿਸਾਬ ਨਾਲ ਤਾਂ ਲੱਗਦਾ ਹੈ ਕਿ ਸਿਰਸੇ ਵਾਲੇ ਸਾਧ ਦੀ ਪੈਰੋਲ ਵਾਲੀ ਅਰਜ਼ੀ ਵੀ ਪ੍ਰਵਾਨ ਹੋ ਜਾਵੇਗੀ। ਇਕ ਪਾਸੇ ਹਿੰਦੂ ਰਾਸ਼ਟਰ ਵੱਲ ਤੇਜ਼ੀ ਨਾਲ ਵਧ ਰਹੇ ਮਨੂੰਵਾਦੀ ਸੰਗਠਨ ਤੇ ਸੱਤਾ ਉੱਪਰ ਕਾਬਜ਼ ਧਿਰਾਂ ਹਰ ਹੀਲਾ-ਵਸੀਲਾ ਵਰਤ ਕੇ ਆਪਣੀ ਕੌਮ ਨਾਲ ਸਬੰਧਿਤ ਕਥਿਤ ਦੋਸ਼ੀਆਂ ਨੂੰ ਨਾ ਸਿਰਫ ਬਰੀ ਕਰਵਾ ਰਹੇ ਹਨ, ਬਲਕਿ ਉੱਚ ਅਹੁਦਿਆਂ ਨਾਲ ਨਿਵਾਜ਼ ਰਹੇ ਹਨ, ਦੂਜੇ ਪਾਸੇ ਘੱਟ ਗਿਣਤੀ ਅਤੇ ਦਲਿਤ ਭਾਈਚਾਰੇ ਨਾਲ ਸਬੰਧਿਤ ਅਜੇਹੇ ਕੁਝ 'ਆਪਣੇ' ਹੀ ਇਸ ਖੇਡ ਵਿਚ ਸ਼ਾਮਲ ਹੋਣ ਦਾ ਖਤਰਨਾਕ ਰੁਝਾਨ ਲਗਾਤਾਰ ਜਾਰੀ ਹੈ।

ਉਨ੍ਹਾਂ ਮਿਸਾਲ ਦਿੱਤੀ ਕਿ ਬਾਦਲ ਦਲ ਦੇ ਰਾਜ ਸਮੇਂ ਮਹਾਰਾਜਾ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੇ ਹੱਕ ਵਿੱਚ ਸਪੀਚਾਂ ਕਰਦਾ ਸੀ (ਵੀਡੀਉ ਮੌਜੂਦ ਹਨ) ਪਰ ਹੁਣ ਸੱਤਾ ਵਿੱਚ ਆ ਕੇ ਸਜ਼ਾਵਾਂ ਹੋਰਾਂ ਦੀਆਂ ਮਾਫ ਕਰਵਾ ਰਿਹਾ ਹੈ। ਉਲਟਾ ਬੰਦੀ ਸਿੱਖ ਨੌਜਵਾਨਾਂ ਨੂੰ ਪੰਜਾਬ ਤੋਂ ਬਾਹਰ ਦੂਰ ਦੁਰੇਡੇ ਦੀਆਂ ਜੇਲ੍ਹਾਂ ਵਿੱਚ ਭੇਜਕੇ ਖੁਆਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਵਰਦੀਧਾਰੀਆਂ ਵੱਲੋਂ ਜਬਰੀ ਰਿਸ਼ਵਤ ਵਸੂਲਣ ਲਈ ਸੰਵਿਧਾਨਕ ਅਧਿਕਾਰਾਂ ਤੋਂ ਉਲਟ ਇਕ ਆਟੋ ਡਰਾਇਵਰ ਦੀ ਕੁੱਟਮਾਰ ਅਤੇ ਸ਼ਰ੍ਹੇ ਬਜ਼ਾਰ ਜ਼ਲੀਲ ਕੀਤਾ ਜਾਣਾ, ਗੱਡੀ ਵਿੱਚ ਬੈਠੇ ਉਸ ਦੇ 15/16 ਸਾਲ ਦੇ ਬੇਟੇ ਨੂੰ ਰਿਵਾਲਵਰ ਤਾਣ ਕੇ ਬਾਹਰ ਕੱਢ ਕੇ ਕੁੱਟਣਾ, ਮਨੂੰਵਾਦੀਆਂ ਨੂੰ ਨਜ਼ਰ ਨਹੀ ਆਉਂਦਾ ਪਰ ਸਭ ਹੀਲੇ ਬੇਕਾਰ ਹੁੰਦੇ ਵੇਖ ਕੇ ਆਤਮ ਰੱਖਿਆ ਲਈ ਕਿਰਪਾਨ ਦਾ ਸਹਾਰਾ ਲੈਣ 'ਤੇ ਮਨੂੰਵਾਦੀਆਂ ਨੇ ਤਾਂ ਚੀਕ ਚਿਹਾੜਾ ਪਾਉਣਾ ਹੀ ਹੈ ਕਈ 'ਆਪਣਿਆਂ' ਨੂੰ ਵੀ ਤਕਲੀਫ ਹੋ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜਿਸ ਦਿੱਲੀ ਵਿੱਚ ਨਵੰਬਰ-1984 ਸਿੱਖ ਨਸਲਕੁਸ਼ੀ ਦੇ ਦੋਸ਼ੀ ਸ਼ਰ੍ਹੇਆਮ ਅਜ਼ਾਦ ਘੁੰਮ ਰਹੇ ਹਨ, ਉੱਥੇ ਇਨ੍ਹਾਂ ਬਾਪ-ਬੇਟੇ ਦੋਹਾਂ ਨੂੰ ਕਿਸ ਨੇ ਇਨਸਾਫ ਦੇਣਾ ਸੀ ਜਾਂ ਦੇਣਗੇ ?

## ਹਰਮਨਪਿਆਰੀ ਵੈਬਸਾਈਟ 'ਸਿੱਖ ਸਿਆਸਤ' ਦੀ 'ਐਪ' ਆਈਫੋਨ 'ਤੇ ਵੀ ਸ਼ੁਰੂ

ਦਿੱਖ ਦਿਲਖਿੱਚਵੀਂ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਜੁਗਤ ਰਾਹੀਂ ਸਿੱਖ ਸਿਆਸਤ ਵੱਲੋਂ ਸਾਂਝੀਆਂ ਕੀਤੀਆਂ ਸਾਰੇ ਸਾਲਾਂ ਦੀਆਂ ਖਬਰਾਂ ਤੇ ਲੇਖ ਪੜ੍ਹੇ ਜਾ ਸਕਦੇ ਹਨ ਅਤੇ ਸਿੱਖ ਸਿਆਸਤ ਦੀਆਂ ਸਾਰੀਆਂ ਹੀ ਵੀਡੀਓਜ਼ ਵੇਖੀਆਂ ਜਾ ਸਕਦੀਆਂ ਹਨ।

ਇਸ ਐਪ ਨੂੰ ਆਈ-ਫੋਨ ਵਿਚ ਭਰਨ ਉਤੇ ਵਰਤੋਂਕਾਰ ਨੂੰ ਪੰਜਾਬੀ ਜਾਂ ਅੰਗਰੇਜ਼ੀ ਭਾਸ਼ਾ ਦੀ ਚੋਣ ਕਰਨ ਲਈ ਕਿਹਾ ਜਾਂਦਾ ਹੈ। ਜਿਹੜੀ ਵੀ ਭਾਸ਼ਾ ਚੁਣੀ ਜਾਂਦੀ ਹੈ, ਐਪ ਉਸੇ ਭਾਸ਼ਾ ਵਿਚ ਹੀ ਖੁੱਲ੍ਹਦੀ ਹੈ।

ਸਿੱਖ ਸਿਆਸਤ ਦੀ ਇਸ ਐਪ ਰਾਹੀਂ ਪਾਠਕ ਸਲਾਨਾ ਜਾਂ ਮਹੀਨਾਵਾਰੀ ਖਰਚ ਅਦਾ ਕਰਕੇ ਅਦਾਰੇ ਵੱਲੋਂ ਬਣਾਈਆਂ ਦਸਤਾਵੇਜ਼ੀਆਂ ਵੀ ਵੇਖ ਸਕਦੇ ਹਨ; ਚੋਣਵੇ ਲੇਖਾਂ ਦੇ ਆਵਾਜ਼-ਰੂਪ ਸੁਣ ਸਕਦੇ ਹਨ ਅਤੇ ਬੋਲਦੀਆਂ ਕਿਤਾਬਾਂ ਸੁਣ ਸਕਦੇ ਹਨ। ਪਰਮਜੀਤ ਸਿੰਘ ਨੇ ਦੱਸਿਆ ਕਿ ਆਉਂਦੇ ਦਿਨਾਂ ਵਿਚ 'ਸਿੱਖ ਸਿਆਸਤ' ਵੱਲੋਂ ਉੱਘੇ ਸਿੱਖ ਚਿੰਤਕ ਸ. ਜਗਜੀਤ ਸਿੰਘ ਦੀ ਕਿਤਾਬ 'ਸਿੱਖ ਇਨਕਲਾਬ' ਦੀ ਬੋਲਦੀ-ਕਿਤਾਬ ਜਾਰੀ ਕੀਤੀ ਜਾਵੇਗੀ।

## ਸਿਆਟਲ 'ਚ ਬੱਚਿਆਂ ਦਾ ਖੇਡ ਕੈਂਪ ਦੀ ਸ਼ੁਰੂਆਤ

ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਲੱਗਣ ਵਾਲੇ ਇਸ ਕੈਂਪ ਦੇ ਨੌਂ ਸਾਲ ਪੂਰੇ ਹੋ ਚੁੱਕੇ ਹਨ ਅਤੇ ਦਸਵੇਂ ਖੇਡ ਕੈਂਪ ਦਾ ਆਰੰਭ ਹੋ ਚੁੱਕਾ ਹੈ। ਖੇਡ ਕੈਂਪ ਦੌਰਾਨ ਕੋਚ ਸਾਹਿਬ, ਉਸਤਾਦ ਤੇ ਵਲੰਟੀਅਰ ਬਤੌਰ ਸੇਵਾ ਕੰਮ ਕਰ ਰਹੇ ਹਨ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਤੰਦਰੁਸਤ ਮਨੋਰੰਜਨ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਖੇਡ ਕੈਂਪ ਦੌਰਾਨ ਪੰਜਾਬੀ ਭਾਈਚਾਰੇ ਦੇ ਬੱਚੇ, ਨੌਜਵਾਨ, ਮਾਪੇ ਅਤੇ ਮਾਣਮੱਤੀਆਂ ਸ਼ਖਸੀਅਤਾਂ ਪਹੁੰਚ ਕੇ ਸੁਹਾਵਣੇ ਵਾਤਾਵਰਨ 'ਚ ਪੰਜਾਬੀ ਮਾਹੌਲ ਦਾ ਆਨੰਦ ਮਾਣਦੇ ਹਨ। ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ ਕਿ ਕੈਂਪ ਵਿਚ ਸ਼ਾਮਲ ਹੋ ਕੇ ਲਾਭ ਉਠਾਓ।

# ਜਥੇਦਾਰ ਹਵਾਰਾ ਕਮੇਟੀ ਨੇ ਜਥੇਬੰਦਕ ਢਾਂਚਾ ਬਣਾਇਆ

*ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਨੂੰ ਮਾਰਨ ਵਾਲੇ ਸਿੰਘਾਂ ਦੀ ਪੈਰਵਾਈ ਕਰੇਗੀ*

**ਲੁਧਿਆਣਾ/ਏਟੀ ਨਿਊਜ਼ :** ਸਰਬੱਤ ਖਾਲਸਾ ਵਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਵਿੱਚ ਕਾਰਜਸ਼ੀਲ 21 ਮੈਂਬਰੀ ਕਮੇਟੀ ਵੱਲੋਂ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਗਿਆ ਹੈ। ਜੱਥੇਬੰਦੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਦੱਸਿਆ ਕਿ ਨਰਾਇਣ ਸਿੰਘ ਚੌੜਾ ਨੂੰ ਸਰਬਸੰਮਤੀ ਨਾਲ ਕਨਵੀਨਰ ਨਿਯੁਕਤ ਕੀਤਾ ਗਿਆ ਹੈ ਜਦ ਕਿ ਜਸਪਾਲ ਸਿੰਘ ਹੇਰਾਂ ਅਤੇ ਬਾਪੂ ਗੁਰਚਰਨ ਸਿੰਘ ਪਟਿਆਲਾ ਨੂੰ ਮੁੱਖ ਸਲਾਹਕਾਰ ਬਣਾਇਆ ਗਿਆ ਹੈ। ਨੌਜਵਾਨਾਂ ਨੂੰ ਕੌਮ ਦੀ ਮੁੱਖ ਧਾਰਾ ਨਾਲ ਜੋੜਨ ਲਈ 'ਸਿੱਖ ਯੂਥ ਵਿੰਗ' ਦੀ ਸਥਾਪਨਾ ਕੀਤੀ ਗਈ ਹੈ ਜਿਸ ਦੀ ਅਗਵਾਈ ਭਾਈ ਬਗੀਚਾ ਸਿੰਘ ਤੇ ਭਾਈ ਸੁਖਰਾਜ ਸਿੰਘ ਪੁੱਤਰ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਕਰਨਗੇ। ਗੁਰਤੇਜ ਸਿੰਘ ਮਾਨਸਾ ਤੇ ਭਾਈ ਜਸਵਿੰਦਰ ਸਿੰਘ ਰਾਜਪੁਰਾ ਸਹਿਯੋਗ ਦੇਣਗੇ। ਉਹਨਾਂ ਦੱਸਿਆ ਕਿ ਜੇਲ੍ਹ ਵਿੱਚ ਬੰਦ ਨੌਜਵਾਨਾਂ ਨੂੰ ਕਾਨੂੰਨੀ ਸਲਾਹ ਅਤੇ ਉਨ੍ਹਾਂ ਦੇ ਕੇਸਾਂ ਦੀ ਪੈਰਵੀ ਕਰਨ ਲਈ ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਦਿਲਸ਼ੇਰ ਸਿੰਘ ਤੇ ਐਡਵੋਕੇਟ ਜਗਦੀਪ ਸਿੰਘ ਰੰਧਾਵਾ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਮੀਡੀਆ ਨਾਲ ਤਾਲਮੇਲ ਕਰਨ ਲਈ ਪ੍ਰੋ.ਬਲਜਿੰਦਰ ਸਿੰਘ, ਬਲਜੀਤ ਸਿੰਘ ਖਾਲਸਾ ਤੇ ਭਾਈ ਭੁਪਿੰਦਰ ਸਿੰਘ ਸੱਜਣ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਡੇਰਾ ਪ੍ਰੇਮੀ ਬਿੱਟੂ ਖ਼ਿਲਾਫ ਕਾਰਵਾਈ ਕਰਨ ਵਾਲੇ ਮਹਿੰਦਰ ਸਿੰਘ ਤੇ ਗੁਰਸੇਵਕ ਸਿੰਘ ਦੇ ਕੇਸਾਂ ਦੀ ਪੈਰਵੀ ਜਥੇਦਾਰ ਹਵਾਰਾ ਦੀ ਕਮੇਟੀ ਕਰੇਗੀ।



## ਝਿੱਕਾ ਆਰਟ ਪ੍ਰੋਮੋਸ਼ਨ ਨੇ ਕਰਵਾਇਆ 'ਫਾਦਰ'ਜ਼ ਡੇਅ' ਸਮਾਗਮ

ਹੋਰ ਵੀ ਚਾਰ ਚੰਨ ਲਾਉਣ ਲਈ ਤਨਦੇਹੀ ਅਤੇ ਲਗਨ ਨਾਲ ਕੰਮ ਕਰਦੇ ਰਹਿਣਗੇ ਕਿਉਂਕਿ ਇਹ ਦਿਵਸ ਬਹੁਤ ਕੁਝ ਦੱਸ ਕੇ ਜਾਂਦਾ ਹੈ ਅਤੇ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਦਾ ਸੁਨੇਹਾ ਦਿੰਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਅਜੇ ਭੰਗੜਾ ਅਕੈਡਮੀ ਦੇ ਬੱਚਿਆਂ ਦੇ ਭੰਗੜੇ ਅਤੇ ਗਿੱਧੇ ਨਾਲ ਹੋਈ ਜਦੋਂਕਿ ਜਸਵਿੰਦਰ ਕੌਰ, ਜੱਸੀ ਸਰਾਂ ਨੇ 'ਫਾਦਰ'ਜ਼ ਡੇਅ' ਨਾਲ ਸਬੰਧਿਤ ਗੀਤਾਂ 'ਤੇ ਕੋਰੀਓਗ੍ਰਾਫੀ ਕਰਕੇ ਪ੍ਰੋਗਰਾਮ ਨੂੰ ਸਿਖਰ ਵੱਲ ਤੋਰਿਆ। ਬਲਜਿੰਦਰ ਪੱਟੀ ਵਲੋਂ ਜਦੋਂ 'ਭਾਈਆਂ ਭਾਈਆਂ ਵਿਚ ਹੋਇਆ ਬਟਵਾਰਾ ਕੱਲੀ ਕੱਲੀ ਚੀਜ਼ ਵੰਡ ਲਈ, ਲੋਕੀਂ ਵੇਖਦੇ ਤਬਾਹੀ ਦਾ ਨਜ਼ਾਰਾ ਕੱਲੀ ਕੱਲੀ ਚੀਜ਼ ਵੰਡ ਲਈ' ਤੇ ਕਮਾਲ ਦੀ ਕੋਰੀਓਗ੍ਰਾਫੀ ਪੇਸ਼ ਕੀਤੀ ਤਾਂ ਸੱਚ ਇਹ ਸੀ ਕਿ ਹਰ ਅੱਖ ਨੇ ਹੰਝੂ ਕੇਰੇ। ਕਾਸ਼! ਏਦਾਂ ਕਦੇ ਨਾ ਹੋਵੇ। ਇਹ ਪ੍ਰੋਗਰਾਮ ਦੀ ਸਿਖਰ ਸੀ। ਕੈਲੀ ਜੱਸ ਅਤੇ ਸੱਤੀ ਪਾਬਲਾ ਨੇ ਕੁਲਦੀਪ ਮਾਣਕ ਦੇ ਕੁਝ ਗੀਤਾਂ ਤੋਂ ਸਿਵਾ 'ਬਾਪੂ ਜਿਊਂਦਾ ਰਹਿ' ਵਰਗੇ ਗੀਤਾਂ ਨਾਲ ਫਾਦਰ'ਜ਼ ਡੇਅ ਦੀ ਮਹੱਤਤਾ ਨੂੰ ਬਾਖੂਬੀ ਪੇਸ਼ ਕੀਤਾ। ਕੁਝ ਸਮਾਜਿਕ ਗੀਤਾਂ ਤੋਂ ਸਿਵਾ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਈ ਪੰਜਾਬੀ ਦੀ ਹਿੱਟ ਗਾਇਕ ਜੋੜੀ 'ਦੀਪ ਢਿੱਲੋਂ ਅਤੇ ਜੈਸਮੀਨ ਜੱਸੀ' ਨੇ 'ਤੇਰੀ ਬੇਬੇ ਲਿੱਬੜੀ ਤਿੱਬੜੀ ਵੇ ਮੈਨੂੰ ਗਲ ਨਾਲ ਲਾਉਂਦੀ ਆ' ਆਦਿ ਗੀਤਾਂ ਨਾਲ ਫਾਦਰ'ਜ਼ ਡੇਅ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਜਗਤਾਰ ਗਿੱਲ, ਸੁਰਿੰਦਰ ਧਨੋਆ, ਰੇਡੀਓ ਮਿਰਚੀ ਦੇ ਐੱਸ.ਪੀ. ਸਿੰਘ, ਰਾਜ ਭਨੋਟ, ਬੋਹੜ ਸਿੰਘ, ਮੱਖਣ ਬੈਂਸ, ਸੁੱਚਾ ਰਾਮ ਭਾਰਟਾ, ਧਰਮਪਾਲ ਝਮਟ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਰਾਜਾ ਸਵੀਟਸ ਵਲੋਂ ਲਜ਼ੀਜ਼ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਸੈਂਕੜੇ ਦਰਸ਼ਕਾਂ ਨੇ ਨਾ ਸਿਰਫ ਇਸ ਪ੍ਰੋਗਰਾਮ ਨੂੰ ਸਲਾਹਿਆ ਸਗੋਂ ਭਵਿੱਖ ਵਿਚ ਝਿੱਕਾ ਆਰਟ ਪ੍ਰੋਮੋਸ਼ਨ ਨੂੰ ਹਰ ਤਰਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਜਗਦੇਵ ਭੰਡਾਲ, ਵਰਿੰਦਰ ਉੱਭੀ, ਜਸਵੀਰ ਸਿੰਘ ਭੰਮਰਾ ਨੇ ਪ੍ਰੋਗਰਾਮ ਦੇ ਹਰ ਪਲ ਨੂੰ ਆਪਣੇ ਕੈਮਰਿਆਂ ਵਿਚ ਕੈਦ ਕਰਕੇ ਦੂਰ ਦੁਰੇਡੇ ਬੈਠੇ ਦਰਸ਼ਕਾਂ ਤੱਕ ਪੁੱਜਦਾ ਕੀਤਾ। ਆਖਰ ਵਿਚ ਸਾਰਿਆਂ ਦਾ ਧੰਨਵਾਦ ਕਰਦਿਆਂ ਸੋਨੀਆਂ ਝਿੱਕਾ ਨੇ ਕਿਹਾ ਕਿ ਇਹ ਉਨ੍ਹਾਂ ਦੇ ਪਤੀ ਮਨਜੀਤ ਸਿੰਘ ਝਿੱਕਾ ਦੀ ਹੌਸਲਾਸ਼ੇਰੀ ਨਾਲ ਇਹ ਸਫਲਤਾ ਮਿਲੀ ਹੈ ਅਤੇ ਉਹ ਦ੍ਰਿੜ ਹਨ ਕਿ ਆਉਂਦੇ ਵਰਿਆਂ ਵਿਚ ਇਹ ਪ੍ਰੋਗਰਾਮ ਆਪਣਾ ਇਕ ਵੱਖਰਾ ਇਤਿਹਾਸ ਸਿਰਜੇਗਾ।

## ਪੰਜਾਬ ਸਰਕਾਰ ਵੱਲੋਂ 'ਝੂਠੇ ਮੁਕਾਬਲੇ' ਵਾਲੇ ਪੁਲਸੀਆਂ ਦੀ ਸਜ਼ਾ ਮੁਆਫ਼

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਮੁਖੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਪ੍ਰਵੀਨ ਕੁਮਾਰ, ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਵੱਖ-ਵੱਖ ਬਿਆਨਾਂ ਵਿਚ ਕਿਹਾ ਕਿ ਇਨ੍ਹਾਂ ਚਾਰ ਦੋਸ਼ੀਆਂ ਦੇ ਕੇਸ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਨੇ ਖ਼ੁਦ ਕੀਤੀ ਸੀ ਅਤੇ ਸਜ਼ਾ ਵੀ ਸੀ.ਬੀ.ਆਈ. ਅਦਾਲਤ ਵਲੋਂ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਅਜਿਹੇ ਕੇਸ ਵਿਚ ਸੂਬਾ ਸਰਕਾਰ ਦੋਸ਼ੀਆਂ ਨੂੰ ਬਿਨਾਂ ਕੇਂਦਰ ਦੀ ਮਨਜ਼ੂਰੀ ਤੋਂ ਰਿਹਾਅ ਨਹੀਂ ਕਰ ਸਕਦੀ। ਇਸ ਕੇਸ ਵਿਚ ਸੁਪਰੀਮ ਕੋਰਟ ਦੀਆਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਫ਼ੈਸਲਾ ਯੂ.ਪੀ. ਦੀ ਹਿੰਦੂਤਵ ਅਕਸ ਵਾਲੀ ਸੂਬਾ ਸਰਕਾਰ ਦੇ ਦਬਾਅ ਅਧੀਨ ਕੀਤਾ ਗਿਆ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਪੁਲਿਸ ਦਾ ਅਕਸ ਸੁਧਰਨ ਦੀ ਬਜਾਏ ਵਿਗੜਦਾ ਜਾ ਰਿਹਾ ਹੈ। ਅਜੇ ਵੀ ਜਸਪਾਲ ਸਿੰਘ ਦੀ ਲਾਸ਼ ਨਹੀਂ ਮਿਲੀ ਅਤੇ ਨਾ ਹੀ ਉਸ ਨੂੰ ਮਾਰਨ ਦਾ ਕਾਰਨ ਪਤਾ ਲਗਿਆ ਹੈ। ਪਰ ਇਹ ਤਾਂ ਸਾਫ਼ ਹੈ ਕਿ ਜਿਹੜੀ ਪੰਜਾਬ ਪੁਲਿਸ ਕਦੇ ਕੇਂਦਰ ਦੀ ਸ਼ਾਬਾਸ਼ੀ ਲੈਣ ਵਾਸਤੇ ਨੌਜਵਾਨ ਮਾਰਦੀ ਸੀ, ਅੱਜ ਵੀ ਅਪਣੀਆਂ ਪੁਰਾਣੀਆਂ ਆਦਤਾਂ ਨਹੀਂ ਭੁੱਲੀ। ਬਰਗਾੜੀ ਗੋਲੀ ਕਾਂਡ ਨੂੰ ਬੀਤੇ ਤਿੰਨ ਸਾਲ ਹੋ ਚੁੱਕੇ ਹਨ ਅਤੇ ਫਿਰ ਵੀ ਇਹ ਤਾਂ ਪਤਾ ਹੈ ਕਿ ਪੰਜਾਬ ਪੁਲਿਸ ਨੇ ਨਿਹੱਥਿਆਂ ਉਤੇ ਗੋਲੀ ਚਲਾ ਕੇ ਕਿਸ ਦੇ ਆਖਣ ਤੇ ਦੋ ਸਿੱਖ ਮਾਰੇ ਸਨ। ਜੇ ਪੰਜਾਬ ਵਿਚ ਨਸ਼ੇ ਦੀ ਸਮੱਸਿਆ ਹੈ ਤਾਂ ਉਸ ਵਿਚ ਵੀ ਪੰਜਾਬ ਪੁਲਿਸ ਸ਼ਾਮਲ ਹੈ। ਰਾਜਪਾਲ ਦਾ ਬੁੱਚੜ ਪੁਲਸੀਆਂ ਨੂੰ ਬਚਾਉਣਾ ਕਾਨੂੰਨ ਨਾਲ ਮਜ਼ਾਕ ਹੈ।

ਕੈਦੀਆਂ ਦੀ ਰਿਹਾਈ ਲਈ ਸਰਗਰਮ ਰਹੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਜੇਲ੍ਹ ਵਿਭਾਗ ਦੀ ਇਹੀ ਵਿਵਸਥਾ ਹੀ ਹੈ ਕਿ ਜਿੰਨਾ ਚਿਰ ਕੋਈ ਕੈਦੀ ਆਪਣੇ ਵਿਰੁੱਧ ਫੈਸਲੇ ਨੂੰ ਚੁਣੌਤੀ ਦਿੱਤੇ ਜਾਣ ਵਾਲੀ ਪਟੀਸ਼ਨ ਵਾਪਸ ਨਹੀਂ ਲੈਂਦਾ ਤਾਂ ਉਸ ਬਾਰੇ ਹਮਦਰਦੀ ਨਾਲ ਵਿਚਾਰਨ ਦੀ ਦਰਖਾਸਤ ਵੀ ਨਹੀਂ ਲਈ ਜਾਂਦੀ। ਉਨ੍ਹਾਂ ਕਿਹਾ ਕਿ ਉਮਰ ਕੈਦ ਨਾਲੋਂ ਵੱਧ ਸਜ਼ਾ ਭੁਗਤਣ ਵਾਲੇ ਸਿੱਖ ਕੈਦੀਆਂ ਦੇ ਮਾਮਲੇ ਵਿਚ ਪਿਛਲੇ ਸਮੇਂ ਵਿਚ ਦੋ ਹੀ ਅੜਚਨਾਂ ਖੜ੍ਹੀਆਂ ਹੁੰਦੀਆਂ ਰਹੀਆਂ ਹਨ। ਪਹਿਲੀ ਕਿ ਸਿੱਖ ਕੈਦੀਆਂ ਨੂੰ ਟਾਡਾ ਜਾਂ ਸੀ. ਬੀ. ਆਈ. ਅਦਾਲਤਾਂ ਵਲੋਂ ਸਜ਼ਾ ਸੁਣਾਈ ਗਈ ਹੋਣ ਕਾਰਨ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਪ੍ਰਵਾਨਗੀ ਲੈਣੀ ਪਵੇਗੀ। ਦੂਜਾ ਕਈ ਮਾਮਲਿਆਂ ਵਿਚ ਕਿਹਾ ਜਾਂਦਾ ਰਿਹਾ ਕਿ ਸਬੰਧਿਤ ਕੈਦੀ ਵਲੋਂ ਪਾਈ ਪਟੀਸ਼ਨ ਸੁਣਵਾਈ ਅਧੀਨ ਹੈ, ਇਸ ਕਰਕੇ ਉਨ੍ਹਾਂ ਦੀ ਰਿਹਾਈ ਬਾਰੇ ਫੈਸਲਾ ਨਹੀਂ ਲਿਆ ਜਾ ਸਕਦਾ, ਪਰ ਤਾਜ਼ਾ ਮਾਮਲੇ ਵਿਚ ਦੋਵੇਂ ਗੱਲਾਂ ਨੂੰ ਹੀ ਛਿੱਕੇ ਟੰਗਿਆ ਗਿਆ ਹੈ।

### ਸੁਖਬੀਰ ਨੇ ਘੇਰੀ ਕੈਪਟਨ ਸਰਕਾਰ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਚਾਰ ਪੁਲਿਸ ਅਧਿਕਾਰੀਆਂ ਨੂੰ ਮੁਆਫ਼ੀ ਦੇਣ ਦੀ ਸਿਫ਼ਾਰਿਸ਼ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਿਖੇਧੀ ਕੀਤੀ ਹੈ, ਜਿਨ੍ਹਾਂ ਨੇ 1993 ਵਿਚ ਵਾਰੀ ਤੋਂ ਪਹਿਲਾਂ ਤਰੱਕੀਆਂ ਲੈਣ ਲਈ ਇਕ ਨਿਰਦੋਸ਼ ਸਿੱਖ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਇਸ ਬੇਇਨਸਾਫ਼ੀ ਭਰੇ ਫੈਸਲੇ ਨੂੰ ਰੱਦ ਕਰਵਾਉਣ ਲਈ ਡਟ ਕੇ ਲੜਾਈ ਲੜੇਗਾ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਇਨ੍ਹਾਂ ਕਾਤਲ ਪੁਲਿਸ ਵਾਲਿਆਂ ਨੂੰ ਮੁਆਫ਼ੀ ਦੇ ਕੇ ਕਾਂਗਰਸ ਸਰਕਾਰ ਤੇ ਕੈਪਟਨ ਨੇ ਸਿੱਖਾਂ 'ਤੇ ਇਕ ਹੋਰ ਜ਼ੁਲਮ ਕੀਤਾ ਹੈ।

ਉਨ੍ਹਾਂ ਮੌਜੂਦਾ ਕੈਪਟਨ ਸਰਕਾਰ 'ਤੇ ਸਵਾਲ ਚੁੱਕੇ ਜਿਸ ਦੇ ਜਵਾਬ ਵਿੱਚ ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਸਭ ਅਕਾਲੀ ਸਰਕਾਰ ਦੇ ਸਮੇਂ ਵਿੱਚ ਹੀ ਹੋਇਆ ਸੀ। ਇਸ ਵਿੱਚ ਕਾਂਗਰਸ ਸਰਕਾਰ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਰੰਧਾਵਾ ਨੇ ਕਿਹਾ ਕਿ ਜੇ ਵੀ ਕੇਸ ਵਿੱਚ ਮਾਫੀ ਹੋਈ ਹੈ, ਉਸ ਲਈ ਉਸ ਸਮੇਂ ਦੇ ਦਸਤਾਵੇਜ਼ ਤੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਾਫੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਕੋਲ ਮੁਲਜ਼ਮਾਂ ਨੂੰ ਮਾਫੀ ਦਿਵਾਉਣ ਲਈ ਕੇਸ ਗਿਆ ਸੀ। ਇਸ ਸਭ ਲਈ ਉਸ ਸਮੇਂ ਦੇ ਮੁੱਖ ਮੰਤਰੀ 'ਤੇ ਇਸ ਦਾ ਇਲਜ਼ਾਮ ਜਾਣਾ ਚਾਹੀਦਾ ਹੈ।

## ਸਿੱਖ ਪੰਥ ਦੇ ਭਗਵੇਂਕਰਨ ਲਈ ਪੱਬਾਂ ਭਾਰ ਹੋਇਆ ਸੰਘ

ਹੁਣ ਤਕ ਜ਼ਿਲ੍ਹਾ ਤਰਨਤਾਰਨ ਤੋਂ ਇਲਾਵਾ ਫਿਰੋਜ਼ਪੁਰ ਵਿੱਚ 300, ਪਠਾਨਕੋਟ 125, ਫਾਜ਼ਿਲਕਾ ਵਿਚ 280, ਅੰਮ੍ਰਿਤਸਰ ਵਿੱਚ 50 ਅਜਿਹੇ ਸੈਂਟਰ ਖੋਲ੍ਹੇ ਜਾ ਚੁੱਕੇ ਹਨ। ਲੋਕ ਭਲਾਈ ਦੇ ਕੰਮ ਕਰਦਿਆਂ ਇੱਕ ਐੱਨਜੀਓ ਨੇ ਹੁਣ ਇਹਨਾਂ ਸੈਂਟਰਾਂ ਦਾ ਪਰਦਾਫਾਸ਼ ਕੀਤਾ ਹੈ। ਐੱਨਜੀਓ ਦੀ ਇੱਕ ਟੀਮ ਵਾਤਾਵਰਣ ਦੀ ਸ਼ੁੱਧਤਾ ਲਈ ਦਰੱਖਤ ਲਾਉਣ ਲਈ ਜ਼ਿਲ੍ਹਾ ਤਰਨਤਾਰਨ ਦੇ ਇੱਕ ਪਿੰਡ ਵਿੱਚ ਪਹੁੰਚੀ। ਇੱਥੇ ਉਹਨਾਂ ਦਾ ਧਿਆਨ ਇਸ ਪਿੰਡ ਵਿੱਚ ਚਲਦੇ ਇੱਕ ਅਜਿਹੇ ਸੈਂਟਰ 'ਤੇ ਚਲਾ ਗਿਆ। ਉਹਨਾਂ ਇਸ ਬਾਰੇ ਪੜਤਾਲ ਕੀਤੀ ਤਾਂ ਇੱਥੋਂ ਪਤਾ ਲੱਗਾ ਕਿ ਰਾਜ ਭਰ ਵਿੱਚ ਅਜਿਹੇ ਕਰੀਬ 22 ਸੌ ਸੈਂਟਰ ਕੰਮ ਕਰ ਰਹੇ ਹਨ, ਜਿਹਨਾਂ ਨੂੰ ਚਲਾਉਣ ਲਈ ਪਿੰਡਾਂ ਦੀਆਂ ਹੀ ਕੁੜੀਆਂ ਨੂੰ ਥੋੜ੍ਹੀ ਤਨਖਾਹ 'ਤੇ ਰੱਖਿਆ ਹੋਇਆ ਹੈ।

ਇਸ ਪਿੰਡ ਵਿੱਚ ਸੈਂਟਰ ਚਲਾ ਰਹੀ ਇੱਕ ਲੜਕੀ ਨੇ ਦੱਸਿਆ ਕਿ ਸੈਂਟਰ ਵਿੱਚ ਪੜ੍ਹਾਇਆ ਜਾਣ ਵਾਲਾ ਸਿਲੇਬਸ ਪਹਿਲਾਂ ਹਿੰਦੀ ਵਿੱਚ ਹੁੰਦਾ ਸੀ ਪਰ ਹੁਣ ਇਹ ਸਿਲੇਬਸ ਪੰਜਾਬੀ ਵਿੱਚ ਭੇਜਿਆ ਗਿਆ ਹੈ। ਉਸ ਨੇ ਦੱਸਿਆ ਕਿ ਇੱਥੇ ਆਉਣ ਵਾਲੇ ਬੱਚਿਆਂ ਨੂੰ ਸਰਸਵਤੀ ਬੰਧਨਾ, ਸੰਸਕਾਰਪ੍ਰਚ, ਚੁਪਈਆਂ, ਦੋਹੇ, ਓਮ ਦਾ ਉਚਾਰਣ, ਜਨੇਊ ਧਾਰਨ ਕਰਨ ਦੇ ਲਾਭ ਤੇ ਯੁੱਗ ਬੋਧ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਸ ਅਨੁਸਾਰ ਇੱਕ ਹਰਜੀਤ ਕੌਰ ਦੀਦੀ ਨੇ ਉਸ ਨੂੰ ਸੈਂਟਰ ਚਲਾਉਣ ਲਈ ਉਤਸ਼ਾਹਿਤ ਕੀਤਾ ਸੀ ਅਤੇ ਉਹ ਹੀ ਉਸ ਨੂੰ ਆਰਐੱਸਐੱਸ ਦੇ ਕਪੂਰਥਲਾ ਵਿਖੇ ਲੱਗੇ ਇੱਕ ਵਿਸ਼ੇਸ਼ ਕੈਂਪ ਵਿੱਚ ਲੈ ਕੇ ਗਈ ਸੀ, ਜਿੱਥੇ ਪੰਜਾਬ ਭਰ ਵਿਚੋਂ ਕਰੀਬ ਦੋ ਸੌ ਲੜਕੇ-ਲੜਕੀਆਂ ਪਹੁੰਚੇ ਹੋਏ ਸਨ। ਉਸ ਲੜਕੀ ਨੇ ਦੱਸਿਆ ਕਿ ਮੈਨੂੰ ਮਹਿਸੂਸ ਤਾਂ ਹੋ ਰਿਹਾ ਸੀ, ਕਿ ਅਜਿਹਾ ਪੜ੍ਹਾਉਣਾ ਠੀਕ ਨਹੀਂ ਪਰ ਜਦ ਮੇਰੇ ਇੱਕ ਅਧਿਆਪਕ ਨੂੰ ਇਸ ਸੈਂਟਰ ਬਾਰੇ ਪਤਾ ਲੱਗਾ ਤਾਂ ਉਸ ਨੇ ਸੁਝਾਅ ਦਿੱਤਾ ਕਿ ਇਹ ਧਰਮ ਪਰਿਵਰਤਨ ਵਾਲਾ ਕੰਮ ਹੋ ਰਿਹਾ ਹੈ ਜੋ ਠੀਕ ਨਹੀਂ। ਜੇਕਰ ਪੜ੍ਹਾਉਣਾ ਹੈ ਤਾਂ ਕੇਵਲ ਸਕੂਲ ਵਾਲਾ ਸਿਲੇਬਸ ਹੀ ਬੱਚਿਆਂ ਨੂੰ ਪੜ੍ਹਾਇਆ ਜਾਵੇ। ਉਸ ਤੋਂ ਬਾਅਦ ਉਸ ਦੀ ਦਿਲਚਸਪੀ ਘਟ ਗਈ ਹੈ ਅਤੇ ਹੁਣ ਕੁਝ ਦਿਨਾਂ ਵਿੱਚ ਉਸ ਨੂੰ ਨੌਕਰੀ ਮਿਲਣ ਵਾਲੀ ਹੈ ਤੇ ਇਹ ਕੰਮ ਛੱਡ ਰਹੀ ਹੈ। ਇਸੇ ਇਲਾਕੇ ਦੇ ਹੋਰ ਕਈ ਪਿੰਡਾਂ ਵਿੱਚ ਵੀ ਅਜਿਹੇ ਸੈਂਟਰ ਚੱਲ ਰਹੇ ਹਨ।

ਹੁਣ ਸੁਆਲ ਇਹ ਉਠਦਾ ਹੈ ਕਿ ਅਜਿਹੇ ਸੈਂਟਰ ਸਿੱਖੀ ਦਾ ਗੜ੍ਹ ਮੰਨੇ ਜਾਂਦੇ ਜ਼ਿਲ੍ਹਾ ਤਰਨਤਾਰਨ ਵਿੱਚ ਚੱਲ ਰਹੇ ਹਨ। ਲੋਕ ਭਲਾਈ ਦੇ ਕੰਮ ਕਰ ਰਹੀ ਇੱਕ ਸੁਝਵਾਨ ਬੀਬੀ ਨੇ ਤਾਂ ਇਸ ਵੱਡੀ ਸਾਜਿਸ਼ ਦਾ ਪਰਦਾਫਾਸ਼ ਕਰ ਦਿੱਤਾ ਹੈ ਪਰ ਇਹਨਾਂ ਪਿੰਡਾਂ ਵਿਚਲੇ ਪੜ੍ਹੇ ਲਿਖੇ ਲੋਕ, ਸਿੱਖ ਧਰਮ ਨਾਲ ਸਬੰਧਿਤ ਲੋਕ, ਇਲਾਕੇ ਦੇ ਸਿੱਖ ਆਗੂ, ਸ਼੍ਰੋਮਣੀ ਕਮੇਟੀ, ਸਿੱਖ ਸੰਪਰਦਾਵਾਂ ਜਾਂ ਸਿੱਖ ਟਕਸਾਲਾਂ ਨੇ ਅੱਖਾਂ ਕਿਉਂ ਮੀਟੀਆਂ ਹੋਈਆਂ ਹਨ, ਉਹਨਾਂ ਦੀ ਨਿਗਾਹ ਅਜਿਹੇ ਸੈਂਟਰਾਂ ਵੱਲ ਕਿਉਂ ਨਹੀਂ ਗਈ?

ਹੈਰਾਨੀ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਸਿੱਖ ਬੱਚਿਆਂ ਵਿਚੋਂ ਸਿੱਖ ਸਿਧਾਂਤਾਂ ਦਾ ਬੀਜ ਨਾਸ਼ ਕਰ ਰਹੇ ਹਨ।

ਸ਼੍ਰੋਮਣੀ ਕਮੇਟੀ ਦੇ ਨੌਸਹਿਰਾ ਪੰਨੂਆਂ ਤੋਂ ਮੈਂਬਰ ਗੁਰਬਚਨ ਸਿੰਘ ਕਰਮੂੰਵਾਲਾ ਦਾ ਕਹਿਣਾ ਹੈ ਕਿ ਉਹਨਾਂ ਤਾਂ ਏਕਲ ਦਾ ਕਦੇ ਨਾ ਵੀ ਨਹੀਂ ਸੁਣਿਆ, ਪਰ ਹੁਣ ਪਤਾ ਜ਼ਰੂਰ ਕਰਨਗੇ।

ਸ਼੍ਰੋਮਣੀ ਕਮੇਟੀ ਦੇ ਇੱਕ ਸੀਨੀਅਰ ਅਹੁਦੇਦਾਰ ਅਲਵਿੰਦਰ ਪਾਲ ਸਿੰਘ ਪੱਖੋਕੇ ਦਾ ਕਹਿਣਾ ਹੈ ਕਿ ਇਹਨਾਂ ਸੈਂਟਰਾਂ ਬਾਰੇ ਜਾਣਕਾਰੀ ਮਿਲ ਗਈ ਹੈ ਜਿਸ ਦੀ ਪੜਤਾਲ ਕੀਤੀ ਜਾਵੇਗੀ।

## ਰਾਮ ਰਹੀਮ ਜੇਲ੍ਹ ਵਿਚੋਂ ਬਾਹਰ ਆਉਣ ਲਈ ਉਤਾਵਲਾ

ਹਰਿਆਣਾ ਦੇ ਜੇਲ੍ਹ ਮੰਤਰੀ ਵੱਲੋਂ ਦਿੱਤੇ ਬਿਆਨ ਦਿੱਤਾ ਗਿਆ ਹੈ ਕਿ ਸਿਰਸਾ ਸਾਧ ਦਾ ਜੇਲ੍ਹ ਵਿੱਚ ਚਾਲ ਚੱਲਣ ਬਹੁਤ ਸਹੀ ਰਿਹਾ ਹੈ, ਜਿਸ ਕਰਕੇ ਉਸ ਨੂੰ ਪੈਰੋਲ ਦਿੱਤੀ ਜਾ ਸਕਦੀ ਹੈ। ਅੰਤਿਮ ਫੈਸਲਾ ਕਮਿਸ਼ਨਰ ਅਤੇ ਅਦਾਲਤ ਵੱਲੋਂ ਕਰਨਾ ਹੈ। ਸੂਤਰਾਂ ਮੁਤਾਬਕ ਅਦਾਲਤੀ ਹੁਕਮਾਂ 'ਤੇ ਡੀਸੀ ਸਿਰਸਾ ਅਤੇ ਪੁਲਿਸ ਪ੍ਰਸ਼ਾਸਨ ਸਿਰਸਾ ਵੱਲੋਂ ਕੀਤੀ ਗਈ ਜਾਂਚ ਅਨੁਸਾਰ ਐਸਪੀ ਵੱਲੋਂ ਵੀ ਇਹ ਰਿਪੋਰਟ ਦਿੱਤੀ ਗਈ ਹੈ ਕਿ ਡੇਰਾ ਮੁਖੀ ਦਾ ਚਾਲ ਚੱਲਣ ਜੇਲ੍ਹ ਵਿਚ ਠੀਕ ਰਿਹਾ ਹੈ ਅਤੇ ਉਸ ਦੇ ਬਾਹਰ ਆਉਣ ਨਾਲ ਕੋਈ ਮਾਹੌਲ ਖ਼ਰਾਬ ਨਹੀਂ ਹੋਣਾ ਪ੍ਰੰਤੂ ਇਸ ਰਿਪੋਰਟ 'ਤੇ ਹੁਣ ਫੈਸਲਾ ਹਰਿਆਣਾ ਦੇ ਕਮਿਸ਼ਨਰ ਵੱਲੋਂ ਕੀਤਾ ਜਾਣਾ ਹੈ, ਇਸ ਕਰਕੇ ਸਾਧ ਨੂੰ ਵੀ ਉਮੀਦ ਹੈ ਕਿ ਉਹ ਜਲਦੀ ਹੀ ਪੈਰੋਲ 'ਤੇ ਬਾਹਰ ਜਾ ਸਕੇਗਾ।

ਉਧਰ ਪੰਜਾਬ ਵਿਚ ਸੌਦਾ ਸਾਹਿਬ ਦੇ ਅਤਿ ਨਜ਼ਦੀਕੀ ਮਹਿੰਦਰਪਾਲ ਸਿੰਘ ਬਿੱਟੂ ਦੇ ਕਤਲ ਦੀ ਵਾਪਰੀ ਘਟਨਾ ਕਰਕੇ ਪਹਿਲਾਂ ਹੀ ਮਾਹੌਲ ਦਹਿਸ਼ਤ ਭਰਿਆ ਬਣਿਆ ਹੋਇਆ ਹੈ। ਜੇਕਰ ਅਜਿਹੇ ਹਾਲਾਤ ਵਿਚ ਸਾਧ ਨੂੰ ਪੈਰੋਲ ਮਿਲਦੀ ਹੈ ਤਾਂ ਸੂਬੇ ਵਿਚ ਅਮਨ ਸ਼ਾਂਤੀ ਨੂੰ ਖਤਰਾ ਪੈ ਸਕਦਾ ਹੈ। ਹੁਣ ਦੇਖਣਾ ਹੋਵੇਗਾ ਕਿ ਅਦਾਲਤ ਸਿਰਸਾ ਸਾਧ ਨੂੰ ਕਿਹੜੇ ਕਾਰਨਾਂ ਅਤੇ ਪੰਜਾਬ ਅਤੇ ਹਰਿਆਣਾ ਦੀ ਅਮਨ ਸ਼ਾਂਤੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਲਈ, ਕਿਹੜੇ ਨਿਯਮਾਂ ਤਹਿਤ ਪੈਰੋਲ ਦਿੰਦੀ ਹੈ ਜਾਂ ਸਿੱਖਾਂ ਦੇ ਵਿਰੋਧ ਨੂੰ ਦੇਖਦਿਆਂ ਅਜਿਹਾ ਨਹੀਂ ਕਰ ਪਾਉਂਦੀ।

### ਪੈਰੋਲ ਅਰਜ਼ੀ 'ਤੇ ਡੇਰੇ ਦਾ ਪ੍ਰਤੀਕਰਮ-

ਡੇਰਾ ਸੱਚਾ ਸੌਦਾ ਦੀ ਸਿਆਸੀ ਵਿੰਗ ਦੇ ਚੇਅਰਮੈਨ ਰਾਮ ਸਿੰਘ ਨੇ ਪੈਰੋਲ ਮਿਲਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ, "ਸਾਨੂੰ ਸ਼ੁਰੂ ਤੋਂ ਹੀ ਉਮੀਦ ਹੈ ਕਿ ਪੈਰੋਲ ਹੋ ਜਾਵੇਗੀ, ਇਹ ਸਾਡਾ ਅਧਿਕਾਰ ਬਣਦਾ ਹੈ ਅਤੇ ਹੋਣੀ ਚਾਹੀਦੀ ਹੈ। ਕੈਦੀ ਕੋਈ ਵੀ ਹੋਵੇ, ਉਸ ਨੂੰ ਪੈਰੋਲ ਮਿਲਦੀ ਹੈ।" ਪੈਰੋਲ ਮਿਲਣ ਨਾਲ ਮਾਹੌਲ ਖ਼ਰਾਬ ਹੋਣ ਦੇ ਖ਼ਦਸ਼ੇ ਬਾਰੇ ਉਨ੍ਹਾਂ ਕਿਹਾ, ਕਿ "ਬਾਬਾ ਜੀ ਜੇ ਆਏ ਤਾਂ ਵਾਪਿਸ ਵੀ ਜਾਣਗੇ। ਜਦੋਂ ਕੇਸ ਦਾ ਫ਼ੈਸਲਾ ਹੀ ਹੋ ਚੁੱਕਿਆ ਹੈ ਤਾਂ ਹੁਣ ਕਿਹੜਾ ਉਨ੍ਹਾਂ ਦੀ ਗਵਾਹੀ ਹੋਣੀ ਹੈ। ਗੜਬੜ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।"

### ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪਰਿਵਾਰ ਨੇ ਰੋਸ ਜਤਾਇਆ-

ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਮਿਲਣ ਬਾਰੇ ਹਰਿਆਣਾ ਦੀ ਖੱਟਰ ਸਰਕਾਰ ਦੇ ਨਰਮ ਰੁਖ਼ 'ਤੇ ਮਰਹੂਮ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪਰਿਵਾਰਿਕ ਮੈਂਬਰਾਂ ਨੇ ਰੋਸ ਜਤਾਇਆ ਹੈ। ਛੱਤਰਪਤੀ ਉਹ ਪੱਤਰਕਾਰ ਹਨ ਜਿਨ੍ਹਾਂ ਨੇ ਪਹਿਲੀ ਵਾਰ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਨੂੰ ਆਪਣੇ ਅਖ਼ਬਾਰ ਵਿੱਚ ਛਾਪਿਆ ਸੀ ਅਤੇ ਫਿਰ ਰਾਮ ਰਹੀਮ ਵੱਲੋਂ ਭੇਜੇ ਬਦਮਾਸ਼ਾਂ ਨੇ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ। ਰਾਮ ਰਹੀਮ ਨੂੰ ਦੋਵੇਂ ਮਾਮਲਿਆਂ ਵਿੱਚ ਸਜ਼ਾ ਕ੍ਰਮਵਾਰ 20 ਤੇ ਉਮਰ ਕੈਦ ਸੁਣਾਈ ਗਈ ਹੈ।

ਰਾਮ ਚੰਦਰ ਛੱਤਰਪਤੀ ਦੀ ਧੀ ਸ਼੍ਰੇਅਸੀ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਦੀ ਪੈਰੋਲ 'ਤੇ ਸਰਕਾਰ ਦਾ ਰਵੱਈਆ ਨਰਮ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ 17 ਸਾਲ ਲੜਾਈ ਲੜਨ ਤੋਂ ਬਾਅਦ ਗੁਰਮੀਤ ਰਾਮ ਰਹੀਮ ਨੂੰ ਸਲਾਖਾਂ ਪਿੱਛੇ ਭੇਜਿਆ ਗਿਆ ਪਰ ਹਰਿਆਣਾ ਸਰਕਾਰ ਸ਼ਾਇਦ ਵੋਟਾਂ ਖਾਤਰ ਗੁਰਮੀਤ ਰਾਮ ਰਹੀਮ ਦੀ ਪੈਰੋਲ 'ਤੇ ਨਰਮ ਹੋਣ ਦੀ ਕੋਸ਼ਿਸ਼ ਕਰ ਰਹੀ ਹੈ।

ਸ਼੍ਰੇਅਸੀ ਨੇ ਕਿਹਾ ਰਾਮਚੰਦਰ ਛੱਤਰਪਤੀ ਕਤਲ ਮਾਮਲੇ ਦੌਰਾਨ ਪਰਿਵਾਰ ਨੂੰ ਦਹਿਸ਼ਤ ਭਰੇ ਮਾਹੌਲ ਵਿੱਚੋਂ ਨਿਕਲਣਾ ਪਿਆ ਅਤੇ ਪੈਰੋਲ ਤੋਂ ਬਾਅਦ ਦਹਿਸ਼ਤ ਭਰਿਆ ਮਾਹੌਲ ਪਰਿਵਾਰ ਲਈ ਦੁਬਾਰਾ ਬਣ ਸਕਦਾ ਹੈ। ਸਰਕਾਰ 'ਤੇ ਸਵਾਲ ਖੜ੍ਹੇ ਕਰਦੇ ਸ਼੍ਰੇਅਸੀ ਨੇ ਕਿਹਾ ਕਿ ਜੋ ਸਰਕਾਰ ਗੁਰਮੀਤ ਰਾਮ ਰਹੀਮ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਕਰਵਾ ਰਹੀ ਹੈ ਉਹ ਪੈਰੋਲ ਤੇ ਐਨਾ ਨਰਮ ਕਿਉਂ ਹੋ ਰਹੀ ਹੈ?

ਛੱਤਰਪਤੀ ਦੀ ਬੇਟੀ ਨੇ ਦਾਅਵਾ ਕੀਤਾ ਕਿ ਜੇਕਰ ਸਰਕਾਰ ਨਰਮ ਰਹੇਗੀ ਤਾਂ ਉਨ੍ਹਾਂ ਦਾ ਪਰਿਵਾਰ ਗੁਰਮੀਤ ਰਾਮ ਰਹੀਮ ਦੀ ਪੈਰੋਲ ਖ਼ਿਲਾਫ਼ ਲੜਾਈ ਲੜੇਗਾ ਅਤੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗਾ। ਉਨ੍ਹਾਂ ਕਿਹਾ ਕਿ ਗੁਰਮੀਤ ਰਾਮ ਰਹੀਮ ਨਾ ਕਿਸਾਨ ਹੈ ਅਤੇ ਨਾ ਹੀ ਉਸ ਨੇ ਕਦੇ ਖੇਤੀਬਾੜੀ ਕੀਤੀ ਹੈ, ਸਿਰਫ ਜੇਲ੍ਹ ਤੋਂ ਬਾਹਰ ਆਉਣ ਦਾ ਬਹਾਨਾ ਬਣਾਇਆ ਜਾ ਰਿਹਾ ਹੈ। ਸ਼੍ਰੇਅਸੀ ਨੇ ਖੱਟਰ ਸਰਕਾਰ 'ਤੇ ਸਵਾਲ ਖੜ੍ਹਾ ਕੀਤਾ ਕਿ ਜੇਕਰ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਮਿਲਦੀ ਹੈ ਤਾਂ ਕੀ ਸਰਕਾਰ ਬਾਬੇ ਨੂੰ ਵਾਪਸ ਜੇਲ੍ਹ ਵਿਚ ਭੇਜ ਸਕੇਗੀ?

## ਖੇਤੀ ਬਹਾਨੇ ਰਾਮ ਰਹੀਮ ਨੂੰ ਪੈਰੋਲ ਮਿਲਣੀ ਔਖੀ

ਖਬਰਾਂ ਹਨ ਕਿ ਹਰਿਆਣਾ ਪੁਲਿਸ ਦੀ ਖੁਫੀਆ ਰਿਪੋਰਟ ਵੀ ਰਾਮ ਰਹੀਮ ਨੂੰ ਪੈਰੋਲ ਦੇਣ ਦੇ ਹੱਕ 'ਚ ਨਹੀਂ ਹੈ। ਪੁਲਿਸ ਦਾ ਮੰਨਣਾ ਹੈ ਕਿ ਅਜਿਹਾ ਕਰਨ 'ਤੇ ਸਿਰਸਾ 'ਚ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਭਾਵੇਂ ਕੋਈ ਵੀ ਅਧਿਕਾਰੀ ਇਸ ਸਬੰਧੀ ਕੁਝ ਵੀ ਬੋਲਣ ਤੋਂ ਬਚ ਰਿਹਾ ਹੈ ਪਰ ਸਿਰਸਾ ਦੇ ਡਿਪਟੀ ਕਮਿਸ਼ਨਰ ਅਸ਼ੋਕ ਕੁਮਾਰ ਗਰਗ ਨੇ ਸਪਸ਼ਟ ਕੀਤਾ ਹੈ ਕਿ ਨਿਯਮਾਂ ਅਨੁਸਾਰ ਹੀ ਕਾਰਵਾਈ ਕੀਤੀ ਜਾਵੇਗੀ।

## ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ ਤੇ ਚਿੱਤਰਕਾਰੀ ਵਰਕਸ਼ਾਪ 13 ਜੁਲਾਈ ਤੋਂ

ਪੰਜਾਬੀ ਰੇਡੀਓ ਯੂਐੱਸਏ. ਦੇ ਫਰਿਜ਼ਨੋ ਸਟੂਡੀਓ ਕੰਪਲੈਕਸ ਸਥਿਤ ਪੰਜਾਬੀ ਕਲਚਰਲ ਸੈਂਟਰ (Punjabi Cultural Center USA 2125 N Barton Ave, FRESNO, CA) ਵਿਖੇ ਲਾਈ ਜਾ ਰਹੀ ਨੁਮਾਇਸ਼ ਦਾ ਸਮਾਂ ਰੋਜ਼ਾਨਾ ਸਵੇਰੇ 10:30 ਵਜੇ ਤੋਂ ਸ਼ਾਮੀ 6:30 ਵਜੇ ਤੱਕ ਅਤੇ ਅਤੇ ਕਲਾ ਵਰਕਸ਼ਾਪ ਦਾ ਸਮਾਂ ਰੋਜ਼ਾਨਾ ਰੋਜ਼ਾਨਾ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਹੋਵੇਗਾ। ਚਿੱਤਰਕਾਰੀ ਵਰਕਸ਼ਾਪ ਲਈ ਰਜਿਸਟਰੇਸ਼ਨ ਕਰਾਉਣ ਅਤੇ ਹੋਰ ਜਾਣਕਾਰੀ ਲਈ ਦਲਜੀਤ ਸਿੰਘ ਸਰਾ ਦੇ ਫੋਨ ਨੰ: 559-403-9290 'ਤੇ ਕਾਲ ਕਰੋ।



jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ,
3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

**Asking price $2,150,000**

**Address 2101 E Charter way Stockton available.**

**Please Contact Ranjit Singh at 408-355-5700**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM